
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 35
December 7, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ 'ਦੇਸ਼ ਦੁਆਬਾ' ਬਾਬਾ ਸਾਹਿਬ ਡਾ ਭੀਮਰਾਓ ਰਾਮਜੀ ਅੰਬੇਦਕਰ ਨੂੰ ਉਹਨਾਂ ਦੇ 60ਵੇਂ ਪ੍ਰੀਨਿਰਵਾਨ ਦਿਵਸ 'ਤੇ ਸ਼ਰਧਾ ਪੂਰਵਕ ਨਿੱਘੀ ਸ਼ਰਧਾਂਜਲੀ ਭੇਂਟ ਕਰਦਾ ਹੈ। - ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)



ਸਿੱਖ ਸੈਂਟਰ ਪੋਰਟਰਵਿੱਲ ਦੀਆਂ ਸੰਗਤਾਂ ਨੇ ਸ਼ਰਧਾ ਨਾਲ ਮਨਾਇਆ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ **(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 4 ਤੇ)**




ਸਤਿਗੁਰੂ ਸੈਣ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸਾਹਿਬ ਹੇਵਰਡ ਵਿਖੇ ਸ਼ਰਧਾ ਪੂਰਵਕ ਮਨਾਇਆ। **(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 23 ਤੇ)**

# ਨੋਟਬੰਦੀ ਦੀਆਂ ਕਤਾਰਾਂ ਦੇ ਬਾਵਜੂਦ ਪੰਜਾਬ ਦੀ ਸਿਆਸਤ ਵਿਚ ਆਈ ਅਚਾਨਕ ਗਰਮੀ

## ਦਲ-ਬਦਲੀਆਂ ਹੋਈਆਂ ਤੇਜ, ਸੱਤਾਧਾਰੀਆਂ ਨੂੰ ਘੇਰਨ ਲਈ ਵਿਰੋਧੀਆਂ ਨੇ ਲਗਾਇਆ ਪੂਰਾ ਤਾਣ

**ਚੰਡੀਗੜ੍ਹ (ਬਿਊਰੋ)-** ਭਾਰਤ ਵਿਚ ਮੋਦੀ ਸਰਕਾਰ ਦੀ ਨੋਟਬੰਦੀ ਦੇ ਕਾਰਨ ਬੈਂਕਾਂ ਦੇ ਮੂਹਰੇ ਲੱਗੀਆਂ ਕਤਾਰਾਂ ਦੇ ਵਿਚਕਾਰ ਹੀ ਪੰਜਾਬ ਵਿਚ ਸਿਆਸਤ ਅਚਾਨਕ ਹੀ ਗਰਮ ਹੋ ਗਈ ਹੈ। ਦਲ-ਬਦਲੀਆਂ ਤੇਜੀ ਨਾਲ ਆਰੰਭ ਹੋ ਗਈਆਂ ਹਨ ਅਤੇ ਵਿਰੋਧੀ ਧਿਰਾਂ ਸੱਤਾਧਾਰੀ ਧਿਰ ਨੂੰ ਘੇਰਨ ਲਈ ਹਰ ਹੀਲਾ ਵਰਤਣ ਦੀ ਕੋਸ਼ਿਸ਼ ਕਰ ਰਹੀਆਂ ਹਨ।

### ਅਕਾਲੀ ਦਲ ਦੇ ਦੋ ਵਿਧਾਇਕ ਕਾਂਗਰਸ 'ਚ ਸ਼ਾਮਲ



ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਦੋ ਵਿਧ-ਾਇਕਾਂ ਨੇ ਅੱਜ ਕਾਂਗਰਸ ਦਾ ਹੱਥ ਫੜ ਲਿਆ। ਅਕਾਲੀ ਦਲ ਨੂੰ ਅਲਵਿਦਾ ਆਖਣ ਵਾਲੇ ਦੋ ਵਿਧਾਇਕਾਂ 'ਚ ਬਾਘਾਪੁਰਾਣਾ ਤੋਂ ਮਹੇਸ਼ ਇੰਦਰ ਸਿੰਘ ਅਤੇ ਨਿਹਾਲ ਸਿੰਘ ਵਾਲਾ ਤੋਂ ਰਾਜਵਿੰਦਰ ਕੌਰ ਸ਼ਾਮਲ ਹਨ। ਇਸ ਮੌਕੇ ਕੈਪਟਨ ਨੇ ਅਕਾਲੀ ਆਗੂ ਪ੍ਰੀਤਮ ਸਿੰਘ ਕੋਟਭਾਈ ਤੇ ਫਿਲੌਰ ਤੋਂ ਸਮਾਜਿਕ ਕਾਰਕੁਨ ਅਜੈ ਸ਼ਰਮਾ ਨੂੰ ਵੀ ਪਾਰਟੀ ਵਿੱਚ ਸ਼ਾਮਲ ਕਰ ਲਿਆ। ਸ੍ਰੀ ਕੋਟਭਾਈ ਨੇ ਪਿਛਲੀਆਂ ਚੋਣਾਂ ਦੌਰਾਨ ਕਾਂਗਰਸੀ ਆਗੂ ਨੂੰ ਸਖ਼ਤ ਟੱਕਰ ਦਿੱਤੀ ਸੀ।

### ਸਿੱਧੂ ਵੱਲੋਂ ਕੈਪਟਨ ਨਾਲ ਮੁਲਾਕਾਤ

ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਨੇ ਅੱਜ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ ਤੇ ਸੰਕੇਤ ਦਿੱਤਾ ਹੈ ਕਿ ਉਹ ਕਾਂਗਰਸ ਲਈ ਕੰਮ ਕਰਨਾ ਚਾਹੁੰਦੇ ਹਨ। ਇਸ ਦੌਰਾਨ ਦੋਵਾਂ ਨੇ ਪੰਜਾਬ ਨਾਲ ਸਬੰਧਤ ਮਸਲੇ ਵੀ ਵਿਚਾਰੇ। ਮੀਟਿੰਗ ਉਪਰੰਤ ਕੈਪਟਨ ਨੇ ਕਿਹਾ ਕਿ ਸਿੱਧੂ ਕਾਂਗਰਸ ਵਿਚ ਕਦੋਂ ਸ਼ਾਮਲ ਹੋਣਗੇ, ਇਹ ਉਨ੍ਹਾਂ ਦੇ ਦੂਜੇ ਕਿੱਤਿਆਂ ਜਾਂ ਸਿਆਸਤ ਵਿੱਚ ਆਉਣ ਬਾਰੇ ਫ਼ੈਸਲੇ ਉਪਰ ਮੁਨੱਸਰ ਕਰੇਗਾ।

### ਅਕਾਲੀ ਦਲ ਵੱਲੋਂ ਘੁਬਾਇਆ ਨੂੰ ਘੇਰਨ ਦੀ ਤਿਆਰੀ



ਪੰਜਾਬ ਸਰਕਾਰ ਨੇ ਫਿਰੋਜ਼ਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਖ਼ਿਲਾਫ਼ ਕਾਨੂੰਨੀ ਸ਼ਿਕੰਜਾ ਕੱਸਣ ਦੀ ਤਿਆਰੀ ਖਿੱਚ ਲਈ ਹੈ। ਸੂਤਰਾਂ ਮੁਤਾਬਕ ਵਿਜੀਲੈਂਸ ਬਿਊਰੋ ਨੂੰ ਸ਼ੇਰ ਸਿੰਘ ਘੁਬਾਇਆ ਦੇ ਫਾਜ਼ਿਲਕਾ ਜ਼ਿਲ੍ਹੇ ਵਿਚਲੇ ਪਿੰਡ ਸਖੇਰਾ ਬੋਦਲਾ ਨਜ਼ਦੀਕ ਘੁਬਾਇਆ ਪਰਿਵਾਰ ਦੀ ਮਾਲਕੀ ਵਾਲੇ ਇੰਜਨੀਅਰਿੰਗ ਕਾਲਜ ਵਿੱਚ ਦਲਿਤ ਬੱਚਿਆਂ ਨੂੰ ਦੇਣ ਵਾਲੀ ਵਜ਼ੀਫਾ ਰਾਸ਼ੀ ਵਿੱਚ ਕਰੋੜਾਂ ਰੁਪਏ ਦਾ ਘਪਲਾ ਹੋਣ ਅਤੇ ਝੋਨੇ ਦੇ ਖੁਰਦ ਬੁਰਦ ਹੋਣ ਸਮੇਤ ਹੋਰਨਾਂ ਮਾਮਲਿਆਂ ਸਬੰਧੀ ਰਿਪੋਰਟ ਤਿਆਰ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਵਿਜੀਲੈਂਸ ਦੇ ਇੱਕ ਡੀਐਸਪੀ ਪੱਧਰ ਦੇ ਅਧਿਕਾਰੀ ਨੇ ਕਾਲਜ ਦਾ ਦੌਰਾ ਕਰਕੇ ਦਸਤਾਵੇਜ਼ ਵੀ ਹਾਸਲ ਕੀਤੇ ਹਨ। ਬਿਊਰੋ ਦੇ ਇੱਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਦਿਆਂ ਘੁਬਾਇਆ ਪਰਿਵਾਰ ਨਾਲ ਸਬੰਧਤ ਕਾਲਜ ਦੀ

**(ਬਾਕੀ ਸਫਾ 9 ਤੇ)**

# ਫਰਿਜ਼ਨੋ ਕਾਉਟੀ ਸੁਪਰਵਾਈਜ਼ਰ ਘੱਟ ਗਿਣਤੀਆਂ ਲਈ ਡਟੇ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਪਿਛਲੇ ਸਮੇਂ ਦੌਰਾਨ ਫਰਿਜ਼ਨੋ ਸ਼ਹਿਰ ਅਤੇ ਆਸ ਪਾਸ ਦੇ ਇਲਾਕਿਆ ਵਿੱਚ ਘੱਟ ਗਿਣਤੀਆਂ ਖਾਸ ਕਰਕੇ ਸਿੱਖ ਅਤੇ ਮੁਸਲਮ ਭਾਈਚਾਰੇ ਨਾਲ ਸਬੰਧਤ ਲੋਕਾਂ ਤੇ ਗੋਰਿਆ ਅਤੇ ਮੈਕਸੀਕੋ ਮੂਲ ਦੇ ਲੋਕਾਂ ਵੱਲੋਂ ਅਪਮਾਨਜਨਕ ਟਿਪਣੀਆਂ ਅਤੇ ਨਸਲੀ ਹਮਲਿਆਂ ਦੇ ਕਈ ਕੇਸ ਸਾਹਮਣੇ ਆਏ ਸਨ, ਇਸ ਦੇ ਮੱਦੇ-ਨਜ਼ਰ ਸਿੱਖ ਕਮਿਉਨਟੀ ਦੇ ਹਮਦਰਦ ਵਜੋਂ ਜਾਣੇ ਜਾਂਦੇ ਸੁਪਰਵਾਈਜ਼ਰ ਹੈਨਰੀ ਪਰੇਆ ਦੇ ਅਹਿਦ ਸਦਕਾ ਫਰਿਜ਼ਨੋ ਕਾਉਟੀ ਸੁਪਰਵਾਈਜ਼ਰਾਂ ਦੀ ਇੱਕ ਅਹਿਮ ਮੀਟਿੰਗ ਫਰਿਜ਼ਨੋ ਕਾਉਟੀ ਰਿਕਾਰਡ ਹਾਊਸ ਵਿੱਚ ਹੋਈ ਜਿਥੇ ਮਤਾ ਪਾਸ ਕਰਕੇ ਨਸਲੀ ਵਿਤਕਰੇ ਦੇ ਭਰੇ ਲੋਕਾਂ ਪ੍ਰਤੀ ਸਖਤ ਕਨੂੰਨੀ ਕਾਰਵਾਈ ਦੀ ਮੰਗ ਕਰਦਿੰਆ ਪੁਲਿਸ ਪ੍ਰਸ਼ਾਸਨ ਨੂੰ ਵੀ ਇਹਨਾਂ ਹੇਟ ਕਰਾਈਮ ਨਾਲ ਸਬੰਧਤ ਮੁਲਜਮਾ ਨਾਲ ਸਖਤੀ ਨਾਲ ਨਜਿੱਠਣ ਲਈ ਕਿਹਾ ਗਿਆ। ਇਸ ਮੌਕੇ ਸੁਪਰਵਾਈਜ਼ਰਾਂ ਤੋਂ ਸਿਵਾਏ ਸਿੱਖ ਅਤੇ ਮੁਸਲਮਾਨ ਭਾਈਚਾਰੇ ਨਾਲ ਸਬੰਧਤ ਬੁਲਾਰਿਆਂ ਨੇ ਵੀ ਇਸ ਮੀਟਿੰਗ ਨੂੰ ਸੰਬੋਧਨ ਕੀਤਾ ਤੇ ਇਸ ਮਤੇ ਨੂੰ ਲਿਆਉਣ ਲਈ ਕਾਉਟੀ ਸੁਪਰਵਾਈਜ਼ਰ ਹੈਨਰੀ ਪਰੇਆ ਦਾ ਧੰਨਵਾਦ ਕੀਤਾ।





MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ
510-689-4625
CalBre # 01423409
42820 Albrae St., Fremont, CA 94538



RIYA'S FASHION
9165 ELK GROVE
FLORIN RD.
ELK GROVE CA 95624
Tel : 916-647-3708
Follow us on
RIYAFASHION16

SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Raja SWEETS & CATERING



AUTHORIZED CATERER FOR MAJOR 5-STAR HOTELS

**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets

# INDIA MARKET

SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ ਬਰਿੰਦਰ ਬੰਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-338-5511
Email: IndiaMarketRoseville@gmail.com

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


# Kash FABRICS

## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਦੁੱਗਾ ਅਤੇ ਗੁਰਜੀਤ ਕੌਰ ਦੁੱਗਾ

**Threading Salon**
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



# KASH FABRICS

ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

# INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਇਆ










**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 2, 3 ਅਤੇ 4 ਦਸੰਬਰ ਨੂੰ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿਚ 3 ਦਸੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਗਏ ਅਤੇ ਐਤਵਾਰ 4 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਜਸਪਾਲ ਚੰਦ ਜੀ ਨੂੰ ਪਹਿਲੀ ਵਾਰ ਭਾਰਤ ਤੋਂ ਅਮਰੀਕਾ ਆਉਣ ਦੀ ਖੁਸ਼ੀ ਵਿਚ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸ੍ਰੀ ਗੁਰਦੀਪ ਸਿੰਘ ਹੀਰਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਵੀ ਸਤਿਗੁਰੂ ਨਾਮਦੇਵ ਮਹਾਰਾਜ ਦੀਆ ਸਿੱਖਿਆਵਾਂ ਬਾਰੇ ਸੰਗਤਾਂ ਨੂੰ ਦੱਸਿਆ। ਸ੍ਰੀ ਸ਼ਾਮ ਪਾਲ ਜੀ ਨੇ ਵੀ ਆਪਣੀਆਂ ਕਵਿਤਾਵਾਂ ਰਾਹੀਂ ਹਾਜ਼ਰੀ ਲਗਵਾਈ। ਇਹਨਾਂ ਸਮਾਗਮਾਂ ਵਿਚ ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਰਬੱਤ ਦੇ ਭਲੇ ਲਈ ਅਖੰਡ ਪਾਠ ਸਾਹਿਬ 10 ਨੂੰ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 9 ਤੋਂ 10 ਦਸੰਬਰ ਦਿਨ ਵੀਰਵਾਰ, ਸ਼ੁੱਕਰਵਾਰ ਅਤੇ ਸ਼ਨਿ-ਚਰਵਾਰ ਨੂੰ ਗੁਰੂ ਘਰ ਦੀਆਂ ਗੁਰਸਿੱਖ ਬੀਬੀਆਂ ਵੱਲੋਂ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾ ਰਹੇ ਹਨ। ਗੁਰਸਿੱਖ ਬੀਬੀਆਂ ਜੋ ਕਿ ਗੁਰੂ ਘਰ ਵਿਖੇ ਹਰ ਵੀਰਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੀ ਸੇਵਾ ਵੀ ਕਰਦੀਆਂ ਹਨ, ਵੱਲੋਂ ਗੁਰੂ ਘਰ ਵਿਖੇ 8 ਦਸੰਬਰ ਦਿਨ ਵੀਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 10 ਦਸੰਬਰ ਦਿਨ ਸ਼ਨਿਚਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਮੌਕੇ ਪੰਥ ਪ੍ਰਸਿੱਧ ਕੀਰਤਨੀਏ, ਕਥਾਵਾਚਕ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ। ਇਹਨਾਂ ਸਮਾਗਮਾਂ ਦੀ ਕਿਸੇ ਵੀ ਗੁਰਸਿੱਖ ਪਰਿਵਾਰ ਨੇ ਸੇਵਾ ਲੈਣੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਬੀ ਗੁਰਦੇਵ ਕੌਰ ਜੀ ਵੱਲੋਂ ਆਪਣੇ ਪੋਤਰਿਆਂ ਦਾ ਜਨਮ ਦਿਨ ਮਨਾਇਆ



**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 3 ਦਸੰਬਰ ਦਿਨ ਸ਼ਨਿਚਰਵਾਰ ਨੂੰ ਬੀਬੀ ਗੁਰਦੇਵ ਕੌਰ ਜੀ ਵੱਲੋਂ ਆਪਣੇ ਪੋਤਰੇ ਕਾਕਾ ਦਿਲਰਾਜ ਸਿੰਘ, ਕਾਕਾ ਕੁਲਰਾਜ ਸਿੰਘ ਜੀ ਦੇ ਜਨਮ ਦਿਨ ਮਨਾਉਂਦੇ ਹੋਏ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਗਈ, ਜਿਸ ਵਿਚ ਸ਼ਨਿਚਰਵਾਰ 3 ਦਸੰਬਰ ਨੂੰ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਨਿਭਾਈ। ਪ੍ਰਬੰਧਕ ਕਮੇਟੀ ਵੱਲੋਂ ਬੀਬੀ ਗੁਰਦੇਵ ਕੌਰ ਜੀ ਅਤੇ ਦੋਵੇਂ ਬੱਚੇ ਕਾਕਾ ਦਿਲਰਾਜ ਸਿਘ, ਕਾਕਾ ਕੁਲਰਾਜ ਸਿੰਘ ਜੀ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ

**ਸੈਕਰਾਮੈਂਟੋ (ਰਿਓਲਿੰਡਾ)–** ਮਿਤੀ 4 ਦਸੰਬਰ 2016 ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਸੰਗਤਾਂ ਵੱਲੋਂ ਮਨਾਇਟਾ ਗਿਆ। ਅੱਜ ਦੇ ਪ੍ਰੋਗਰਾਮ ਦੀ ਸੇਵਾ ਸ੍ਰੀ ਸੁਰਜੀਤ ਕੁਮਾਰ ਤੇ ਰਾਜ ਸੂਦ ਵੱਲੋਂ ਆਪਣੇ ਮਾਤਾ ਸਵਰਗਵਾਸੀ ਸ੍ਰੀ ਕਰਮ ਚੰਦ ਰਾਏ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕਰਵਾਈ ਗਈ। ਅਰਦਾਸ ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਭਾਈ ਸਾਹਿਬ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ, ਭਾਈ ਅਮਰਜੀਤ ਸਿੰਘ ਜੀ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਵਿਸਥਾਰ ਸਹਿਤ ਦੱਸਿਆ।



ਗੁਰੂ ਘਰ ਦੇ ਸੇਵਾਦਾਰ ਸ੍ਰੀ ਰਮੇਸ਼ ਬੰਗੜ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਸੰਗਤਾਂ ਨੂੰ ਚਾਨਣਾ ਪਾਇਆ। ਸ੍ਰੀ ਰਮੇਸ਼ ਬੰਗੜ ਜੀ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਹੀ ਪੂਰੀ ਦੁਨੀਆਂ ਵਾਸਤੇ ਗੁਰੂ ਹੈ, ਚਾਨਣ ਮੁਨਾਰਾ ਹੈ।ਭਾਈ ਜੀਵਨ ਸਿੰਘ ਜੀ ਦੀ ਕੁਰਬਾਨੀ ਅਤੇ ਇਤਿਹਾਸ ਦੇ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਸ੍ਰੀ ਗੌਤਮ ਜੀ ਵਿਸ਼ੇਸ਼ ਤੌਰ ’ਤੇ ਕਨਟੱਕੀ ਤੋਂ ਅਤੇ ਸ੍ਰੀ ਰਾਮ ਕ੍ਰਿਸ਼ਨ ਜੋ ਕਿ ਅੰਬੇਡਕਰ ਇੰਟਰਨੈਸ਼ਨਲ ਸੈਂਟਰ ਵਾਸ਼ਿੰਗਟਨ ਡੀ. ਸੀ. ਤੋਂ ਗੁਰੂ ਘਰ ਪੁੱਜੇ। ਸ੍ਰੀ ਦੀਪਕ ਸਰੋਏ ਪੀ. ਆਰ. ਓ. ਨੇ ਸੰਗਤਾਂ ਨੂੰ ਅੱਜ ਦੇ ਦਿਹਾੜੇ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਆਪਣੇ ਪੁਰਖਿਆਂ ਦੀ ਕੁਰਬਾਨੀਆਂ ਅਤੇ ਇਤਿਹਾਸ ਨੂੰ ਯਾਦ ਰੱਖਣ ਦੀ ਸੰਦੇਸ਼ ਦਿੱਤਾ।

ਸ੍ਰੀ ਰਾਜ ਸੂਦ ਨੇ ਸਟੇਜ ਦਾ ਸੰਚਾਲਨ ਕੀਤਾ ਅਤੇ ਵਿਸਥਾਰ ਸਹਿਤ ਸੰਗਤਾਂ ਨੂੰ ਦੱਸਿਆ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਾਂਗ ਹੱਕ ਸੱਚ ਦੀ ਆਵਾਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਉਤੇ ਪਹਿਰਾ ਦਿੰਦਿਆਂ ਹੋਈ। ਰਾਜ ਸੂਦ ਨੇ ਦੱਸਿਆ ਕਿ ਗੱਲ ਜਨੇਊ ਪਾਉਣ ਜਾਂ ਲਾਹੁਣ ਦੀ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨੇ ਜਿਸ ਜਨੇਊ ਨੂੰ ਪਾਉਣ ਤੋਂ ਇਨਕਾਰ ਕੀਤਾ, ਉਸੇ ਜਨੇਊ ਨੂੰ ਜਬਰਦਸਤੀ ਉਤਾਰਨ ਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦਿੱਤਾ ਅਤੇ ਈਨ ਨਹੀਂ ਮੰਨੀ। ਹੱਕ, ਸੱਚ, ਬਰਾਬਰਤਾ, ਮਨੁੱਖਤਾ ਦੀ ਸੋਚ ’ਤੇ ਪਹਿਰਾ ਦਿੰਦਿਆਂ ਭਾਈ ਦਿਆਲਾ ਜੀ, ਭਾਈ ਸਤੀ ਦਾਸ, ਬਾਬਾ ਜੀਵਨ ਸਿੰਘ ਜੀ, ਭਾਈ ਮਤੀ ਦਾਸ ਅਤੇ ਹੋਰ ਸ਼ਹੀਦਾਂ ਨੂੰ ਸੰਗਤਾਂ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਹ ਜਾਣਕਾਰੀ ਸ੍ਰੀ ਦੀਪਕ ਸਰੋਏ, ਪੀ. ਆਰ. ਓ. ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਨੇ ਦਿੱਤੀ।

## ਜਗਦੀਸ਼ ਸਿੰਘ ਖੈਹਰ ਹੋਣਗੇ ਭਾਰਤ ਦੇ ਅਗਲੇ ਚੀਫ਼ ਜਸਟਿਸ



**ਨਵੀਂ ਦਿੱਲੀ–** ਜਸਟਿਸ ਜਗਦੀਸ਼ ਸਿੰਘ ਖੈਹਰ ਭਾਰਤ ਦੇ ਅਗਲੇ ਚੀਫ਼ ਜਸਟਿਸ ਹੋਣਗੇ। ਚੀਫ ਜਸਟਿਸ ਟੀ.ਐਸ. ਠਾਕੁਰ ਦੇ 4 ਜਨਵਰੀ ਨੂੰ ਸੇਵਾਮੁਕਤ ਹੋਣ ’ਤੇ ਜਸਟਿਸ ਖੈਹਰ ਭਾਰਤ ਦੇ 44ਵੇਂ ਚੀਫ਼ ਜਸਟਿਸ ਵਜੋਂ ਉਨ੍ਹਾਂ ਦੀ ਥਾਂ ਲੈਣਗੇ। ਅਧਿਕਾਰਤ ਸੂਤਰਾਂ ਮੁਤਾਬਕ ਚੀਫ਼ ਜਸਟਿਸ ਠਾਕੁਰ ਨੇ ਜਸਟਿਸ ਖੇਹਰ ਨੂੰ ਭਾਰਤ ਦਾ ਅਗਲਾ ਚੀਫ਼ ਜਸਟਿਸ ਬਣਾਉਣ ਲਈ ਕੇਂਦਰ ਨੂੰ ਸਿਫ਼ਾਰਸ਼ ਕੀਤੀ ਹੈ। ਜਸਟਿਸ ਖੇਹਰ ਨੇ ਸੁਪਰੀਮ ਕੋਰਟ ਦੇ ਜੱਜ ਵਜੋਂ ਸਾਲ 13 ਸਤੰਬਰ 2011 ਨੂੰ ਅਹੁਦਾ ਸੰਭਾਲਿਆ ਸੀ। ਉਨ੍ਹਾਂ ਨੂੰ ਅਗਲੇ ਸਾਲ 4 ਜਨਵਰੀ ਨੂੰ ਰਾਸ਼ਟਰਪਤੀ ਪ੍ਰਣਬ ਮੁਖਰਜੀ ਚੀਫ਼ ਜਸਟਿਸ ਵਜੋਂ ਸਹੁੰ ਚੁਕਾਉਣਗੇ। ਉਹ ਭਾਰਤੀ ਨਿਆਂ ਪ੍ਰਣਾਲੀ ਦੇ ਮੁਖੀ ਵਜੋਂ 27 ਅਗਸਤ ਨੂੰ ਸੇਵਾਮੁਕਤ ਹੋਣ ਤੱਕ ਅੱਠ ਮਹੀਨਿਆਂ ਤੋਂ ਥੋੜ੍ਹੇ ਘੱਟ ਸਮੇਂ ਤੱਕ ਸੇਵਾ ਨਿਭਾਉਣਗੇ।

ਜਸਟਿਸ ਖੈਹਰ ਨੇ ਸਰਬਉੱਚ ਅਦਾਲਤ ਦੇ ਦੋ ਸੰਵਿਧਾਨਕ ਬੈਂਚਾਂ ਦੀ ਅਗਵਾਈ ਕੀਤੀ ਹੈ। ਇੱਕ ਬੈਂਚ ਨੇ ਜੱਜਾਂ ਦੀ ਨਿਯੁਕਤੀ ਲਈ ਕੌਲਿਜੀਅਮ ਪ੍ਰਣਾਲੀ ਨੂੰ ਸੁਰਜੀਤ ਕੀਤਾ ਅਤੇ ਦੂਜੇ ਬੈਂਚ ਨੇ ਅਰੁਣਾਚਲ ਪ੍ਰਦੇਸ਼ ਵਿੱਚ ਮੁੱਖ ਮੰਤਰੀ ਐਨ. ਤੁਕੀ ਦੀ ਕਾਂਗਰਸ ਸਰਕਾਰ ਨੂੰ ਬਹਾਲ ਕੀਤਾ ਸੀ। 28 ਅਗਸਤ 1952 ਨੂੰ ਜਨਮੇ ਜਗਦੀਸ਼ ਸਿੰਘ ਖੇਹਰ ਨੇ 1974 ਵਿੱਚ ਸਰਕਾਰੀ ਕਾਲਜ ਚੰਡੀਗੜ੍ਹ ਤੋਂ ਗਰੈਜੂਏਸ਼ਨ ਕੀਤੀ ਅਤੇ 1977 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਲਐਲਬੀ ਅਤੇ 1979 ਵਿੱਚ ਇਸੇ ਯੂਨੀਵਰਸਿਟੀ ਤੋਂ ਐਲਐਲਐਮ ਕੀਤੀ। ਉਨ੍ਹਾਂ ਨੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਲ ਕਰਦਿਆਂ ਸੋਨ ਤਗ਼ਮਾ ਜਿੱਤਿਆ। ਸਾਲ 1999 ਵਿੱਚ 8 ਫਰਵਰੀ ਨੂੰ ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਦਾ ਅਹੁਦਾ ਸੰਭਾਲਿਆ ਸੀ।

## ਨੋਟਬੰਦੀ ਨੇ ਪਾਕਿਸਤਾਨ ਜਾਂਦੀ ਬੱਸ ਨੂੰ ਲਾਈ ਬਰੇਕ

**ਅਟਾਰੀ–** ਮੋਦੀ ਸਰਕਾਰ ਵੱਲੋਂ ਕੀਤੀ ਨੋਟਬੰਦੀ ਕਾਰਨ ਬੈਂਕਾਂ ਅੱਗੇ ਲੱਗੀਆਂ ਲੰਮੀਆਂ ਲਾਈਨਾਂ ਤੋਂ ਅੱਕੇ ਲੋਕਾਂ ਨੇ ਅੰਮ੍ਰਿਤਸਰ-ਅਟਾਰੀ ਮਾਰਗ ਸਥਿਤ ਖਾਸਾ ਚੌਕ ਵਿਖੇ ਧਰਨਾ ਦੇ ਕੇ ਆਵਾਜਾਈ ਰੋਕੀ ਅਤੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਅੰਮ੍ਰਿਤਸਰ ਤੋਂ ਨਨਕਾਣਾ ਸਾਹਿਬ (ਪਾਕਿਸਤਾਨ) ਜਾ ਰਹੀ ਬੱਸ ਨੂੰ ਦਸ ਮਿੰਟ ਤੱਕ ਰੋਕ ਕੇ ਰੱਖਿਆ ਗਿਆ। ਖਾਸਾ ਚੌਕ ਵਿਖੇ ਲੋਕਾਂ ਨੇ ਸਵੇਰੇ ਆਵਾਜਾਈ ਰੋਕ ਕੇ ਧਰਨਾ ਸ਼ਰੂ ਕੀਤਾ ਅਤੇ 10:10 ’ਤੇ ਅੰਮ੍ਰਿਤਸਰ-ਨਨਕਾਣਾ ਸਾਹਿਬ ਬੱਸ ਖਾਸਾ ਚੌਕ ਪਹੁੰਚ ਗਈ। ਇਸ ਦੌਰਾਨ ਧਰਨਾਕਾਰੀਆਂ ਨੇ ਦਸ ਮਿੰਟ ਤੱਕ ਬੱਸ ਨੂੰ ਰੋਕ ਕੇ ਰੱਖਿਆ। ਪੁਲੀਸ ਵੱਲੋਂ ਸਮਝਾਉਣ ’ਤੇ ਹੀ ਬੱਸ ਨੂੰ ਅੱਗੇ ਜਾਣ ਦਿੱਤਾ ਗਿਆ।

# ਸ਼ਹੀਦਾਂ ਦੇ ਪਰਿਵਾਰਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਡੂੰਗਰ ਨੂੰ ਸ਼ਹੀਦਾਂ ਦੀ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ 'ਚ ਲਾਉਣ ਦੀ ਮੰਗ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਥਾਨਕ ਪੰਥਕ ਹਿਤੈਸ਼ੀ ਸਿੱਖ ਆਗੂਆਂ ਤੇ ਸ਼ਹੀਦਾਂ ਦੇ ਪਰਿਵਾਰਾਂ ਨੇ ਸ਼੍ਰੋਮਣੀ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਜੋ 2 ਫਰਵਰੀ 1986 ਨੂੰ ਪੰਜਾਬ ਦੇ ਸ਼ਹਿਰ ਨਕੋਦਰ ਵਿਖੇ ਮੁਹੱਲਾ ਗੁਰੂ ਨਾਨਕਪੁਰਾ ਦੇ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 4 ਸਰੂਪ ਸਿੱਖ ਧਰਮ ਵਿਰੋਧੀ ਅਨਸਰਾਂ ਵੱਲੋਂ ਅਗਨ ਭੇਟ ਕਰ ਦਿੱਤੇ ਗਏ ਸਨ ਅਤੇ ਬਾਅਦ ਵਿਚ 4 ਫਰਵਰੀ 1986 ਨੂੰ ਪੰਜਾਬ ਪੁਲਿਸ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਵਿਖਾਵਾ ਕਰ ਰਹੇ ਸਿੱਖਾਂ 'ਤੇਬਿਨਾਂ ਕਿਸੇ ਭੜਕਾਹਟ ਦੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਵਿਚ 4 ਸਿੰਘ ਸ਼ਹੀਦ ਹੋ ਗਏ ਸਨ। ਇਹਨਾਂ ਸ਼ਹੀਦਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਈ ਜਾਵੇ। ਸ਼ਹੀਦ ਭਾਈ ਰਵਿੰਦਰ ਸਿੰਘ ਦੇ ਮਾਤਾ-ਪਿਤਾ ਨੇ ਵੀ ਚਿੱਠੀ 'ਚ ਲਿਖਿਆ ਕਿ ਸਿੱਖ ਧਰਮ ਵਿਚ ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਉਪਰ ਕੁਝ ਵੀ ਨਹੀਂ। ਇਸ ਲਈ ਇਕ ਸਿੱਖ ਲਈ ਗੁਰੂ ਦਾ ਸਤਿਕਾਰ ਆਪਣੀ ਜਾਨ ਤੋਂ ਵੀ ਉਪਰ ਹੈ। ਇਸ ਦੌਰਾਨ ਸ਼੍ਰੋਮਣੀ



ਕਮੇਟੀ ਪ੍ਰਧਾਨ ਦਾ ਧਿਆਨ 2 ਫਰਵਰੀ 2011 ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਆਯੋਜਿਤ ਸਮਾਗਮ ਦੌਰਾਨ ਗਿਆਨੀ ਗੁਰਬਚਨ ਸਿੰਘ ਵੱਲੋਂ ਕੁਰਬਾਨੀ ਦੇਣ ਵਾਲੇ ਸਿੰਘਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਿਮੰਦਰ ਸਿੰਘ ਸ਼ਾਮ ਚੁਰਾਸੀ, ਭਾਈ ਬਲਧੀਰ ਸਿੰਘ ਫੌਜੀ ਰਾਮਗੜ੍ਹ ਅਤੇ ਭਾਈ ਝਲਮਨ ਸਿੰਘ ਰਾਜੋਵਾਲ- ਗੋਰਸੀਆਂ ਨੂੰ ਕੌਮੀ ਸ਼ਹੀਦ ਕਰਾਰ ਦਿੱਤਾ ਗਿਆ ਸੀ। ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਇਹਨਾਂ ਸਿੱਖ ਸ਼ਹੀਦਾਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਇਹਨਾਂ ਸ਼ਹੀਦਾਂ ਦੀਆਂ ਤਸਵੀਰਾਂ ਨਹੀਂ ਲਗਾ ਸਕੀ। 32 ਸਾਲ ਪਹਿਲਾਂ ਹੋਏ ਇਸ ਸ਼ਹੀਦੀ ਸਾਕੇ ਦੀ ਅੱਗ ਅਜੇ ਵੀ ਸਿੱਖਾਂ ਦੇਦਿਲਾਂ ਵਿਚ ਬਲ ਰਹੀ ਹੈ ਅਤੇ ਸ਼ਹੀਦ ਸਿੰਘਾਂ ਦੇ ਪਰਿਵਾਰ ਇਹਨਾਂ ਨਾ ਭਰਨ ਵਾਲੇ ਜ਼ਖਮਾਂ ਦੀ ਪੀੜ ਨੂੰ ਨਿਰੰਤਰ ਆਪਣੇ ਅੰਦਰ ਸਮੋਈ ਬੈਠੇ ਹਨ। ਚਿੱਠੀ 'ਚ ਅੱਗੇ ਸ਼ਹੀਦ ਰਵਿੰਦਰ ਸਿੰਘ ਦੇ ਮਾਤਾ-ਪਿਤਾ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਬੇਨਤੀ ਹੈ ਕਿ ਇਹਨਾਂ ਸਿੰਘਾਂ ਦੀ ਆ ਰਹੀ ਬਰਸੀ 'ਤੇ ਇਹਨਾਂ ਸਿੱਖ ਸ਼ਹੀਦਾਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਦੀ ਕਿਰਪਾਲਤਾ ਕੀਤੀ ਜਾਵੇ।

# ਸ੍ਰੀ ਨਰਿੰਦਰ ਮੋਦੀ ਲਈ ਮਰਿਆਦਾ 'ਨਰਮ' ਪਰ ਸ੍ਰੀ ਸਟੀਫਨ ਹਾਰਪਰ ਲਈ 'ਸਖਤ'!

## ਗੁਰਦੁਆਰਿਆਂ ਵਿਚ ਇਹ ਵਿਤਕਰਾ ਕਿਉਂ? – ਜਥੇਦਾਰ ਚੰਗਿਆੜਾ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਾਰਮਿਕ ਮੁਖੀਆਂ ਵਾਸਤੇ ਇਹ ਗੱਲ ਅਤਿਅੰਤ ਮੰਦਭਾਗੀ ਹੈ ਕਿ ਉਹ ਗੁਰਦੁਆਰਿਆਂ ਵਿਚ ਨਤ-ਮਸਤਕ ਹੋਣ ਆਏ ਅਤਿਥੀਆਂ ਨੂੰ ਸਿਰੋਪਾ ਦੇਣ ਵੇਲੇ ਸਿਆਸੀ ਮੁਲਾਹਜ਼ੇਦਾਰੀਆਂ ਪਾਲਦੇ ਹਨ ਅਤੇ ਅਜਿਹਾ ਕਰਦਿਆਂ ਮਰਿਆਦਾ ਨੂੰ ਵੀ ਮਨਮਰਜ਼ੀ ਨਾਲ ਕਦੇ 'ਨਰਮ' ਤੇ ਕਦੇ 'ਸਖਤ' ਕਰ ਲੈਂਦੇ ਹਨ। ਬੀਤੇ ਦਿਨੀਂ 25 ਨਵੰਬਰ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਵਿਖੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਸਿਰੋਪਾ ਦਿੱਤੇ ਜਾਣ 'ਤੇ ਟਿੱਪਣੀ ਕਰਦਿਆਂ, ਉਕਤ ਸ਼ਬਦ ਅੰਤਰ-ਰਾਸ਼ਟਰੀ ਸਿੱਖ ਪ੍ਰਚਾਰਕ ਭਾਈ ਬਲਵੀਰ ਸਿੰਘ 'ਚੰਗਿਆੜਾ' ਨੇ ਕਹੇ। ਵੈਨਕੂਵਰ ਨਿਵਾਸੀ ਸ੍ਰੀ ਚੰਗਿਆੜਾ ਜੋ ਅੱਜਕਲ੍ਹ ਪੰਜਾਬ ਯਾਤਰਾ 'ਤੇ ਪਹੁੰਚੇ ਹੋਏ ਹਨ, ਨੇ ਇਸ ਪੱਤਰਕਾਰ ਨਾਲ ਫੋਨ 'ਤੇ ਰੋਸ ਜ਼ਾਹਿਰ ਕਰਦਿਆਂ ਕਿਹਾ 2015 ਵਿਚ ਅਹੁਦਾ ਤਿਆਗ ਗਏ ਸ੍ਰੀ ਸਟੀਫਨ ਹਾਰਪਰ ਜਦੋਂ ਬਤੌਰ ਕਨੇਡੀਅਨ ਪ੍ਰਧਾਨ ਮੰਤਰੀ ਸ਼ਰਧਾ ਸਤਿਕਾਰ ਸਹਿਤ ਸ੍ਰੀ ਕੇਸਗੜ੍ਹ ਸਾਹਿਬ ਮੱਥਾ ਟੇਕਣ ਆਏ ਸਨ ਤਾਂ ਉਨ੍ਹਾਂ ਨੂੰ ਤਖਤ ਸਾਹਿਬ ਵਿਖੇ ਸਿਰੋਪਾ ਦੇਣੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਗਿਆ ਸੀ ਕਿ ਇੱਥੇ ਕਿਸੇ ਪੂਰਨ ਗੁਰਸਿੱਖ ਵਿਅਕਤੀ ਨੂੰ ਹੀ ਸਿਰੋਪਾ ਦੇਣ ਦੀ ਮਰਿਆਦਾ ਹੈ। ਨਾਲ ਇਹ ਵੀ ਕਿਹਾ ਗਿਆ ਸੀ ਕਿ ਇੱਥੇ ਕਿਸੇ ਪਤਿਤ ਜਾਂ ਗੈਰ ਸਿੱਖ ਨੂੰ ਵੀ ਸਿਰੋਪਾ ਨਹੀਂ ਦਿੱਤਾ ਜਾਂਦਾ।

ਹਾਲਾਂਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਆਉਣ ਵਾਲੇ ਸ੍ਰੀ ਸਟੀਫਨ ਹਾਰਪਰ ਪਹਿਲੇ ਵਿਦੇਸ਼ੀ ਪ੍ਰਧਾਨ ਮੰਤਰੀ ਸਨ, ਜੋ ਕਿ ਖਾਲਸੇ ਦੇ ਪ੍ਰਗਟ ਸਥਾਨ 'ਤੇ ਵੱਡੀ ਉਤਸੁਕਤਾ ਨਾਲ ਪਹੁੰਚੇ ਸਨ। ਪਰ ਉਹਨਾਂ ਨੂੰ 'ਚਲਦੀ ਮਰਿਆਦਾ' ਦਾ ਪਾਲਣ



ਕਰਦਿਆਂ, ਤਖਤ ਸਾਹਿਬ ਤੋਂ ਬਾਹਰ ਹੀ ਪੌੜੀਆਂ ਥੱਲੇ ਟੇਬਲ ਲਗਾ ਕੇ ਸਿਰੋਪਾ ਦਿੱਤਾ ਗਿਆ ਸੀ। ਸੰਤ ਫਤਿਹ ਸਿੰਘ ਅਤੇ ਮਾਸਟਰ ਤਾਰਾ ਸਿੰਘ ਹੁਣਾਂ ਦੇ ਵੇਲਿਆਂ ਤੋਂ ਹੀ ਅਕਾਲੀ ਦਲ ਦੇ ਸਰਗਰਮ ਵਰਕਰ ਅਤੇ ਲੰਮਾ ਅਰਸਾ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਰਹੇ ਜਥੇਦਾਰ ਚੰ-ਗਆੜਾ ਨੇ ਐਸ. ਜੀ. ਪੀ. ਸੀ. ਦੇ ਮੌਜੂਦਾ ਆਗੂਆਂ ਅਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਜੀ ਨੂੰ ਸਵਾਲ ਕੀਤਾ ਹੈ ਕਿ ਉਹਨਾਂ ਸ੍ਰੀ ਮੋਦੀ ਨੂੰ ਸਿਰੋਪਾ ਦੇਣ ਵੇਲੇ ਸਖਤ ਮਰਿਆਦਾ ਨੂੰ 'ਨਰਮ' ਕਿਹੜੀ ਮਜਬੂਰੀ ਵਿਚ ਕਰ ਲਿਆ ਸੀ?

ਸਾਹਿਤਕ ਮੱਸ ਰੱਖਦੇ ਭਾਈ ਚੰਗਿਆੜਾ ਨੇ 'ਇਸ ਘਰ ਕੋ ਆਗ ਲਗ ਗਈ ਘਰ ਕੇ ਚਿਰਾਗ ਸੇ' ਵਾਲਾ ਸ਼ਿਅਰ ਬੋਲਦਿਆਂ ਭਾਰੀ ਦੁੱਖ ਪ੍ਰਗਟਾਇਆ ਕਿ ਅੱਜ ਸਿੱਖੀ ਜਾਂ ਪੰਥ ਨੂੰ ਉਨਾ ਖਤਰਾ ਬਾਹਰੋਂ ਨਹੀਂ ਜਿੰਨਾਂ 'ਆਪਣਿਆਂ ਤੋਂ ਹੀ ਹੈ।

ਵੱਖ ਵੱਖ ਇਤਿਹਾਸਕ ਗੁਰਧਾਮਾਂ ਦੀ ਯਾਤਰਾ ਕਰ ਚੁੱਕੇ ਸ੍ਰੀ ਚੰਗਿਆੜਾ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਦੁਆਰਿਆਂ ਵਿਚ ਸ਼ਰਧਾਲੂਆਂ ਦੀ ਰਿਹਾਇਸ਼ ਲਈ ਸ਼੍ਰੋਮਣੀ ਕਮੇਟੀ ਵੱਲੋਂ ਆਧੁਨਿਕ ਸਰਾਵਾਂ ਉਸਾਰੀਆਂ ਗਈਆਂ ਹਨ। ਪਰ ਬਹੁਤੀ ਥਾਈਂ ਵਿਰਾਸਤੀ ਇਤਿਹਾਸਕ ਦਿੱਸ ਨੂੰ ਸਾਂਭਣ 'ਚ ਪ੍ਰਬੰਧਕ ਨਾਕਾਮ ਰਹੇ ਹਨ।

ਮੌਜੂਦਾ ਕਥਿਤ ਪੰਥਕ ਆਗੂਆਂ 'ਤੇ ਉਹਨਾਂ ਇਹ ਰੋਸਾ ਵੀ ਜ਼ਾਹਿਰ ਕੀਤਾ ਕਿ ਪੰਥ ਦੀ ਸ਼ਾਹ-ਰਗ ਮੰਨੀ ਜਾਂਦੀ ਢਾਡੀ-ਕਲਾ ਨੂੰ ਇਹਨਾਂ ਤਿਲਾਂਜਲੀ ਹੀ ਦੇ ਛੱਡੀ ਹੈ ਅਤੇ ਪੰਥਕ ਸਟੇਜਾਂ ਉਤੇ ਵੀ ਲੱਚਰਪੁਣੇ ਨੂੰ ਤਰਜੀਹ ਦੇਣੀ ਸ਼ੁਰੂ ਕੀਤੀ ਹੋਈ ਹੈ ਜੋ ਕਿ ਘੋਰ ਚਿੰਤਾ ਦਾ ਵਿਸ਼ਾ ਹੈ।

# ਸਿੱਖ ਸੈਂਟਰ ਪੋਰਟਰਵਿੱਲ ਦੀਆਂ ਸੰਗਤਾਂ ਨੇ ਸ਼ਰਧਾ ਨਾਲ ਮਨਾਇਆ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ

## ਬੱਚਿਆਂ ਨੇ ਕੀਰਤਨ, ਕਵਿਤਾ, ਇਤਿਹਾਸ ਅਤੇ ਧਾਰਮਿਕ ਗੀਤਾਂ ਨਾਲ ਸੰਗਤਾਂ ਦਾ ਮਨ ਮੋਹਿਆ

**ਪੋਰਟਰਵਿੱਲ (ਕੁਲਵੀਰ ਹੇਅਰ)–** ਗੁਰਦੁਆਰਾ ਸਿੱਖ ਸੈਂਟਰ ਪੋਰਟਰਵਿੱਲ ਕੈਲੇਫੋਰਨੀਆਂ ਵਲੋਂ ਸੰਗਤ ਦੇ ਸਹਿਯੋਗ ਨਾਲ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸਰਬਵਿਆਪੀ ਸਿਧਾਂਤ ਦੇਣ ਵਾਲੇ ਸਿੱਖ ਧਰਮ ਦੇ ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਰਪੁਰਬ ਦੇ ਸਬੰਧ ਵਿਚ ਬੱਚਿਆਂ ਦੇ ਸਮਾਗਮ ਕਰਵਾਏ ਗਏ।

ਇਸ ਸਬੰਧ ਵਿਚ ਸ਼ੁੱਕਰਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਅਰੰਭ ਹੋਏ ਅਤੇ ਐਤਵਾਰ ਨੂੰ ਭੋਗ ਪਾਏ ਗਏ। ਉਪਰੰਤ ਬੱਚਿਆਂ ਵਲੋਂ ਕੀਰਤਨ, ਕਵਿਤਾ, ਧਾਰਮਿਕ ਗੀਤ, ਇਤਿਹਾਸ ਅਤੇ ਗੁਰੂ ਸਾਹਿਬ ਜੀ ਦੇ ਜੀਵਨ ਬਾਰੇ ਭਾਸ਼ਣ ਨਾਲ ਸੰਗਤਾਂ ਦਾ ਮਨ ਮੋਹ ਲਿਆ ਗਿਆ।ਨਿੱਕੇ ਨਿੱਕੇ ਬੱਚਿਆਂ ਦਾ ਉਚਾਰਨ ਸੁਣ ਕੇ ਸੰਗਤਾਂ ਹੈਰਾਨ ਹੋ ਰਹੀਆਂ ਸਨ। ਬੱਚਿਆਂ ਦੀਆਂ ਪੇਸ਼ਕਾਰੀਆਂ ਤੋਂ ਪ੍ਰਭਾਵਿਤ ਹੁੰਦਿਆਂ ਪ੍ਰਬੰਧਕਾਂ ਨੇ ਇਹਨਾਂ ਬੱਚਿਆਂ ਦੇ ਮਾਪਿਆਂ ਦੀ ਸਿਫਤ ਕਰਦਿਆਂ ਹੋਰ ਸੰਗਤਾਂ ਨੂੰ ਵੀ ਬੇਨਤੀ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣ ਲਈ ਪ੍ਰੇਰਿਤ ਕਰਨ।ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਜੀ ਅਤੇ ਭਾਈ ਸੁਰਿੰਦਰਪਾਲ ਸਿੰਘ ਜੀ ਜਲੰਧਰ ਵਾਲਿਆਂ ਦੇ ਜਥੇ ਵਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਪ੍ਰਬੰਧਕ ਕਮੇਟੀ ਵਲੋਂ ਬੱਚਿਆਂ ਵਲੋਂ ਪੇਸ਼ ਪ੍ਰੋਗਰਾਮ ਤੋਂ ਪ੍ਰਭਾਵਿਤ ਹੁੰਦਿਆਂ ਐਲਾਨ ਕੀਤਾ ਗਿਆ ਕਿ ਅਗਲਾ ਪ੍ਰੋਗਰਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਯਾਦ ਵਿਚ ਰੱਖਿਆ ਜਾਵੇਗਾ ਇਸ ਵਿਚ ਵੀ ਬੱਚਿਆਂ ਨੂੰ ਸੱਦਾ ਦਿੱਤਾ ਜਾਵੇਗਾ ਤਾਂ ਜੋ ਬੱਚੇ ਸਿੱਖ ਇਤਿਹਾਸ ਤੋਂ ਜਾਣੂੰ ਹੋ ਸਕਣ ਅਤੇ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਸਕਣ ਅਤੇ ਸਿੱਖੀ ਦੇ ਖੇਤਰ ਵਿਚ ਪ੍ਰਪੱਕ ਹੋ ਸਕਣ। ਸੰਗਤ ਵਲੋਂ ਵੀ ਬੱਚਿਆਂ ਦੀਆਂ ਵਿਲੱਖਣ ਪੇਸ਼ਕਾਰੀਆਂ ਅਤੇ ਧਰਮ ਪ੍ਰਤੀ ਸਨੇਹ ਨੂੰ ਵੇਖਦਿਆਂ ਉਹਨਾਂ ਦੀ ਹੌਂਸਲਾ ਅਫਜ਼ਾਈ ਕੀਤੀ ਗਈ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਬੱਚਿਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਸਮਾਗਮ ਦੀ ਸਮਾਪਤੀ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।



# ਓਕਲੈਂਡ ਵਿਚ ਵੇਅਰਹਾਊਸ 'ਚ ਅੱਗ ਲੱਗਣ ਕਾਰਨ 40 ਦੀ ਮੌਤ!

**ਓਕਲੈਂਡ (ਕੈਲੇਫ਼ੋਰਨੀਆ), ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਕੈਲੇਫ਼ੋਰਨੀਆ ਦੇ ਓਕਲੈਂਡ ਸ਼ਹਿਰ ਵਿਚ ਇਕ ਵੇਅਰਹਾਊਸ ਨੂੰ ਅੱਗ ਲੱਗਣ ਦੀ ਘਟਨਾ ਵਿਚ 40 ਤੋਂ ਵੱਧ ਲੋਕਾਂ ਦੀ ਮੌਤ ਹੋ ਜਾਣ ਦੀ ਖ਼ਦਸ਼ਾ ਜ਼ਾਹਰ ਕੀਤਾ ਗਿਆ ਹੈ।




ਦੇਰ ਰਾਤ ਚੱਲ ਰਹੀ ਪਾਰਟੀ ਦੌਰਾਨ ਅੱਗ ਲੱਗੀ ਅਤੇ ਇਮਾਰਤ ਦੇ ਕਮਜ਼ੋਰ ਹੋ ਜਾਣ ਕਾਰਨ ਫ਼ਾਇਰ ਅਧਿਕਾਰੀਆਂ ਨੂੰ ਅੰਦਰ ਦਾਖ਼ਲ ਹੋਣ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਅਧਿਕਾਰੀਆਂ ਨੇ ਕਿਹਾ ਕਿ ਵੇਅਰਹਾਊਸ ਨੂੰ ਗ਼ੈਰਕਾਨੂੰਨੀ ਤਰੀਕੇ ਨਾਲ ਇਕ ਸਟੂਡੀਓ ਵਿਚ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਪਾਰਟੀ ਦੌਰਾਨ ਮੌਜੂਦ ਲੋਕਾਂ ਨੂੰ ਬਾਹਰ ਨਿਕਲਣ ਦਾ ਰਾਹ ਨਾ ਮਿਲਿਆ। ਹੁਣ ਤੱਕ 9 ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ ਜਦਕਿ 30 ਦੇ ਲਗਭਗ ਲੋਕ ਲਾਪਤਾ ਦੱਸੇ ਜਾਂਦੇ ਹਨ। ਓਕਲੈਂਡ ਦੇ ਡਿਪਟੀ ਫ਼ਾਇਰ ਚੀਫ਼ ਮਾਰਕ ਹੌਫ਼ਮੈਨ ਨੇ ਦੱਸਿਆ ਕਿ ਸੁਰੱਖਿਆ ਕਾਰਨਾਂ ਕਰ ਕੇ ਖੋਜ ਮੁਹਿੰਮ ਬੰਦ ਕਰਨੀ ਪਈ ਜਿਸ ਨੂੰ ਬਾਅਦ ਵਿਚ ਮੁੜ ਸ਼ੁਰੂ ਕੀਤਾ ਗਿਆ। ਇਮਾਰਤ ਦੀ ਸਿਖਰਲੀ ਮੰਜ਼ਿਲ ਦੀ ਛੱਤ ਦੂਜੀ ਮੰਜ਼ਿਲ 'ਤੇ ਡਿੱਗੀ ਅਤੇ ਦੂਜੀ ਮੰਜ਼ਿਲ ਫ਼ਰਸ਼ ਤੇ ਆ ਡਿੱਗੀ। ਓਕਲੈਂਡ ਦੇ ਅਧਿਕਾਰੀਆਂ ਨੇ ਵੇਅਰਹਾਊਸ ਬਾਰੇ ਕਈ ਤਰ੍ਹਾਂ ਦੀਆਂ ਸ਼ਿਕਾਇਤਾਂ ਮਿਲਣ ਪਿੱਛੋਂ ਪਿਛਲੇ ਮਹੀਨੇ ਪੜਤਾਲ ਸ਼ੁਰੂ ਕੀਤੀ ਸੀ ਪਰ ਹਾਲੇ ਤੱਕ ਇਮਾਰਤ ਦੇ ਅੰਦਰ ਜਾਣ ਵਿਚ ਸਫ਼ਲ ਨਹੀਂ ਹੋਏ ਸਨ।

# ਵੋਟਾਂ ਦੇ 'ਬੇਰ' ਚੁਗਣ ਲਈ ਸੂਰਮਿਆਂ ਨੂੰ ਵੀ ਧਰਤੀ 'ਤੇ ਝੁਕਣਾ ਪੈਂਦਾ ਐ!

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)** ਇਸ ਨੂੰ ਲੋਕਰਾਜੀ ਪ੍ਰਣਾਲੀ ਦੀ 'ਚੰਗਿਆਈ' ਕਹਿ ਲਓ ਜਾਂ 'ਵਕਤੀ' ਮਜਬੂਰੀ ਪਰ ਇਹ ਵਰਤਾਰਾ ਦੇਖਣ ਸੁਣਨ ਨੂੰ ਦਿਲਚਸਪ ਬਹੁਤ ਹੁੰਦਾ ਹੈ। ਭਲੇ ਹੀ ਬਹੁਤੇ ਸਿਆਸੀ ਆਗੂ ਚੋਣਾਂ ਵਿਚ ਜਿੱਤ ਪ੍ਰਾਪਤ ਕਰ ਲੈਣ ਉਪਰੰਤ 'ਨਾਢੂ ਖਾਨ' ਬਣ ਕੇ ਵਿੱਚਰਦੇ ਹਨ ਪਰ ਉਹਨਾਂ ਦੀ ਚੋਣ ਪਿੜ ਵਿਚ ਉਤਰਿਆਂ ਹੋਇਆਂ ਦੀ ਨਕਲੋ ਹਰਕਤ ਵਿਚ ਨਿਮਰਤਾ-ਹਲੀਮੀ ਜਾਂ ਬੋਲਬਾਣੀ ਵਿਚ 'ਮਿਠਾਸ' ਦੇਖਿਆਂ ਹੀ ਬਣਦੀ ਹੈ। ਉਕਤ ਤਸਵੀਰ ਵਿਚ ਗੱਡਾ-ਰੇੜ੍ਹੀ ਉਤੇ ਕੱਖ-ਕਾਨੇ ਤੇ ਪਰਾਲੀ ਲੱਦੀ ਜਾ ਰਹੇ ਕਿਸੇ ਗਰੀਬੜੇ ਮਜ਼ਦੂਰ ਨਾਲ, ਜਿਹੜਾ ਸਖਸ਼ 'ਹੱਸ ਕੇ' ਹੱਥ ਮਿਲਾਉਂਦਿਆਂ ਹੋਇਆਂ, ਉਸਨੂੰ ਵੋਟ ਪਾਉਣ ਦੀ ਬੇਨਤੀ ਕਰ ਰਿਹਾ ਦਿਖਾਈ ਦਿੰਦਾ ਹੈ, ਉਸ ਨੂੰ ਕੁਝ ਕੁ ਸਾਲ ਪਹਿਲਾਂ ਬਹਾਦਰ ਭਾਰਤੀ ਸੈਨਿਕਾਂ ਦੀ ਪੂਰੀ ਬ੍ਰਿਗੇਡ ਦੇਖਦਿਆਂ ਹੀ 'ਸਲੂਟ' ਮਾਰਦੀ ਹੁੰਦੀ ਸੀ। ਉਹ ਕਈ ਜੰਗੀ ਮੁਹਾਜ਼ਾਂ ਉਤੇ ਆਪਣੀ ਕਲਾ-ਕੁਸ਼ਲਤਾ ਸਦਕਾ ਦੁਸ਼ਮਣ ਫੌਜਾਂ ਦੇ ਦੰਦ ਖੱਟੇ ਕਰਵਾ

ਲੋਕ ਰਾਜ ਦਾ ਕਿਸ਼ਮਾ!!



ਚੁੱਕਾ ਹੈ। ਇੱਥੇ ਹੀ ਬੱਸ ਨਹੀਂ ਸੰਨ 2008 ਵਿਚ ਉਹਨਾਂ ਨੇ ਮੁੰਬਈ ਤਾਜ ਹੋਟਲ ਉਤੇ ਹੋਏ ਪਾਕਿਸਤਾਨੀ ਦਹਿਸ਼ਤੀ ਹਮਲੇ ਸਮੇਂ ਹੋਈ ਭਾਰੀ ਗੋਲਾਬਾਰੀ ਮੌਕੇ ਜੀਵਤ ਫੜੇ ਗਏ ਅਜਮਲ ਕਸਾਬ ਨਾਂ ਦੇ ਦਹਿਸ਼ਤਗਰਦ ਦੀ ਸਪੈਸ਼ਨ ਇਨਵੈਸਟੀਗੇਸ਼ਨ ਕਰਨ ਦੀ ਜ਼ਿੰਮੇਵਾਰੀ ਵੀ ਨਿਭਾਈ ਸੀ। ਜੀ ਹਾਂ, ਇਹ ਨੇ ਪੰਜਾਬ ਦੇ ਬਹਾਦਰ ਸੈਨਿਕ ਬ੍ਰਿਗੇਡੀਅਰ ਰਾਜ ਕੁਮਾਰ, ਜੋ ਕਿ ਨਵਾਂ ਸ਼ਹਿਰ ਜ਼ਿਲ੍ਹੇ ਦੇ ਬਲਾਚੌਰ ਕਸਬੇ ਦੇ ਵਸਨੀਕ ਹਨ।

ਸੇਵਾ-ਮੁਕਤੀ ਉਪਰੰਤ ਆਪਣੇ ਪੁਸ਼ਤੈਨੀ ਕਸਬੇ ਵਿਚ ਰਹਿੰਦਿਆਂ ਹੀ ਇਹ ਕਈ ਸਮਾਜ ਸੇਵੀ ਸੰਸਥਾਵਾਂ ਰਾਹੀਂ ਮਾਨਵ ਸੇਵਾ ਨੂੰ ਸਮਰਪਿਤ ਹਨ।

ਇਹਨਾਂ ਦੀ ਲਿਆਕਤ ਨੂੰ ਮੁੱਖ ਰੱਖਦਿਆਂ ਆਮ ਆਦਮੀ ਪਾਰਟੀ ਨੇ ਸ੍ਰੀ ਰਾਜ ਕੁਮਾਰ ਨੂੰ ਵਿਧਾਨ ਸਭਾ ਹਲਕਾ ਬਲਾਚੌਰ ਤੋਂ ਆਪਣਾ ਉਮੀਦਵਾਰ ਐਲਾਨਿਆ ਹੋਇਆ ਹੈ। ਉਪਰੋਤਕ ਫੋਟੋ ਉਹਨਾਂ ਵੱਲੋਂ ਕੀਤੇ ਜਾ ਰਹੇ ਚੋਣ ਪ੍ਰਚਾਰ ਮੌਕੇ ਦੀ ਹੈ।

## ਕੋਈ ਮੰਨੇ ਜਾਂ ਨਾ ਮੰਨੇ ਵਿਧਾਨ ਸਭਾ 'ਚ

# ਉੱਤਰ ਪ੍ਰਦੇਸ਼ ਵਿਚ 'ਮਾਇਆਵਤੀ' ਤੇ ਪੰਜਾਬ ਵਿਚ 'ਆਪ' ਨੂੰ ਹਰਾਉਣਾ ਟੇਢੀ ਖੀਰ!

ਭਾਜਪਾ ਲੱਖ ਕਹੇ ਕਿ ਉੱਤਰ ਪ੍ਰਦੇਸ਼ ਵਿਚ ਸਾਡਾ ਮੁਕਾਬਲਾ ਸਪਾ ਨਾਲ ਹੈ ਪਰ ਇਹ ਉਹ ਸ਼ਬਦ ਹਨ ਸੋ ਕਿਸੇਵੀ ਸਿਆਸੀ ਸੂਝ-ਬੂਝ ਰੱਖਣ ਵਾਲੇ ਵਿਅਕਤੀ ਦੇ ਗਲੇ 'ਚ ਨਹੀਂ ਉਤਰ ਸਕਦੇ। ਕਿਉਂਕ ਜਿਸ ਤਰ੍ਹਾਂ ਦਾ ਸਿਆਸੀ ਮਾਹੌਲ ਬਣ ਰਿਹਾ ਹੈ, ਉਸ ਨੂੰ ਵੇਖ ਕੇ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਲਖਨਊ ਦੀ ਗੱਦੀ ਤੇ ਬੈਠਣ ਤੋਂ ਕੋਈ ਵੀ ਮਾਈ ਦਾ ਲਾਲ ਹੁਣ ਮਾਇਆਵਤੀ ਨੂੰ ਨਹੀਂ ਰੋਕ ਸਕੇਗਾ। ਮਾਇਆਵਤੀ ਦੇ 5ਵੀਂ ਵਾਰ ਸੱਤਾ ਹਾਸਲ ਕਰਨ ਦੇ ਕਈ ਕਾਰਨ ਹਨ। ਉੱਤਰ ਪ੍ਰਦੇਸ਼ 'ਚ ਭਾਜਪਾ ਵੱਲੋਂ ਹੁਣ ਤੱਕ ਮੁੱਖ ਮੰਤਰੀ ਦੇ ਅਹੁਦੇ ਲਈ ਕੋਈ ਵੀ ਚਿਹਰਾ ਅੱਗੇ ਨਾ ਲੈ ਕੇ ਆਉਣਾ, ਕਾਂਗਰਸ ਵੱਲੋਂ ਇਕ ਬ੍ਰਾਹਮਣਵਾਦੀ ਚਿਹਰੇ ਨੂੰ ਦਿੱਲੀ ਤੋਂ ਹਾਇਰ ਕਰਕੇ ਲਿਜਾਣਾ ਤੇ ਲੋਕ ਸਭਾ ਦੀ ਹਾਰ ਦੇ ਡੂੰਘੇ ਸਦਮੇ 'ਚੋਂ ਬਾਹਰ ਨਾ ਆਉਣਾ ਤੇ ਫੰਡਾਂ ਦੀ ਤੇ ਉਮੀਦਵਾਰਾਂ ਦਾ ਤਹਿ ਨਾ ਹੋਣਾ, ਬਾਕੀ ਸਪਾ ਦੇ ਰਾਜ ਵਿਚ ਗੁੰਡਿਆਂ ਦਾ ਸ਼ਰੇਆਮ ਧੀਆਂ-ਭੈਣਾਂ ਦੀਆਂ ਇੱਜਤਾਂ ਨਾਲ ਜਬਰ-ਜਿਨਾਹ, ਕਤਲ, ਫਿਰੌਤੀ, ਧੱਕੇਸ਼ਾਹੀ, ਜ਼ਮੀਨਾਂ ਤੇ ਨਜਾਇਜ਼ ਕਬਜੇ, ਸੱਤਾ ਦਾ ਗੁੰਡਾਗਰਦੀ 'ਚ ਤਬਦੀਲ ਹੋ ਜਾਣਾ, ਹਰ ਰੋਜ਼ ਦੰਗਾ-ਫਸਾਦ ਤੇ ਦਲਿਤ-ਮੁਸਲਿਮ ਭਾਈਚਾਰੇ ਦਾ ਵਿਸ਼ਵਾਸ ਗੁਆ ਜਾਣਾ, ਇਹ ਕਾਰਨ ਹਨ, ਜਿਹਨਾਂ ਕਰਕੇ ਮਾਇਆਵਤੀ ਵਾਪਸੀ ਕਰ ਸਕਦੀ ਹੈ। ਨੋਟਬੰਦੀ ਦੇ ਮੁੱਦੇ 'ਤੇ ਜਿਸ ਤਰ੍ਹਾਂ ਮਾਇਆਵਤੀ ਨੇ ਕਮਜੋਰ ਵਰਗਾਂ ਦੇ ਦੁੱਖਾਂ ਦੀ ਪੀੜਾ ਜਾਹਿਰ ਕਰਕੇ ਮੋਦੀ ਸਰਕਾਰ ਨੂੰ ਘੇਰਿਆ ਹੈ, ਉਸ ਤੋਂ ਮੋਦੀ ਸਰਕਾਰ ਬੈਕ-ਫੁੱਟ ਤੇ ਹੈ। ਜੇਕਰ ਭਾਜਪਾ ਦਾ ਪ੍ਰਧਾਨ ਹਿੱਕ ਚੌੜੀ ਕਰਕੇ ਇਹ ਦਾਅਵਾ ਕਰਦਾ ਹੈ ਕਿ ਲੋਕ ਸਭਾ ਚੋਣਾਂ 'ਚ ਅਸੀਂ ਉੱਤਰ ਪ੍ਰਦੇਸ਼ 'ਚ 70 ਤੋਂ ਵੱਧ ਸੀਟਾਂ ਜਿੱਤੀਆਂ ਹਨ ਤਾਂ ਫਿਰ ਸ਼ਾਇਦ ਉਹ ਹਨੇਰੇ 'ਚ ਰਹਿ ਰਹੇ ਹਨ। ਜੇ ਅਜਿਹਾ ਹੀ ਸੀ ਤਾਂ ਦਿੱਲੀ 'ਚ ਲੋਕ ਸਭਾ ਦੀਆਂ ਸਭ ਸੀਟਾਂ ਜਿੱਤਣ ਵਾਲੀ ਭਾਜਪਾ ਦਿੱਲੀ ਵਿਧਾਨ ਸਭਾ ਚੋਣਾਂ 'ਚ ਕਿਉਂ ਮੂੰਹ ਦੀ ਖਾ ਬੈਠੀ ਸੀ। ਲੋਕ ਸਭਾ ਲਈ ਮੁੱਦੇ ਹੋਰ ਹੁੰਦੇ ਹਨ ਤੇ ਰਾਜ ਵਿਧਾਨ ਸਭਾਵਾਂ ਦੇ ਚੋਣ ਮੁੱਦੇ ਵੱਖਰੇ। ਜੇ ਭਾਜਪਾ ਇਹ ਸੋਚਦੀ ਹੈ ਕਿ ਮੀਡੀਆ ਦੇ ਸਿਰ 'ਤੇ ਹਵਾ ਬਣਾ ਕੇ ਮਾਇਆਵਤੀ ਦੀ ਤਾਜਪੋਸ਼ੀ ਨੂੰ ਰੋਕ ਲਵੇਗੀ ਤਾਂ ਬੇਅਰਥ ਹੈ। ਦੁਨੀਆਂ ਦਾ 80 ਫੀਸਦੀ ਮੀਡੀਆ ਵੀ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ 'ਚ ਡੋਨਾਲਡ ਟਰੰਪ ਨੂੰ ਹਰਾ ਨਾ ਸਕਿਆ ਤੇ ਫਿਰ ਭਾਜਪਾ ਕਿਹੜੇ ਬਾਗ ਦੀ ਮੂਲੀ ਹੈ। ਵੈਸੇ ਵੀ ਵੇਖਿਆ ਜਾਵੇ ਤਾਂ ਮਾਇਆਵਤੀ ਨਾਲ ਜੁੜਿਆ ਸਮਾਜ ਚੋਣ ਸਰਵੇਆਂ



'ਤੇ ਯਕੀਨ ਨਹੀਂ ਕਰਦਾ। ਕਿਉਂਕਿ ਬਸਪਾ ਦੇ ਸੰਸਥਾਪਕ ਸਵ. ਸ੍ਰੀ ਕਾਂਸ਼ੀ ਰਾਮ ਹਰ ਮੰਚ ਤੋਂ ਹੀ ਮਨੀ, ਮਾਫੀਆ ਅਤੇ ਮੀਡੀਆ ਤੋਂ ਆਪਣੇ ਪੈਰੋਕਾਰਾਂ ਨੂੰ ਯਕੀਨ ਨਾ ਰੱਖਣ ਲਈ ਪ੍ਰੇਰਦੇ ਸਨ ਤੇ ਉਹਦੇ ਕਰੋੜਾਂ ਪੈਰੋਕਾਰਾਂ ਨੇ ਇਹ ਗੱਲ ਹਾਲੇ ਤੱਕ ਆਪਦੇ ਪੱਲੇ 'ਚ ਬੰਨੀ ਹੋਈ ਹੈ।

### ਪੰਜਾਬ 'ਚ ਆਪ ਦੀ ਸਿਆਸੀ ਜੰਗ

ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਬੇਸ਼ੱਕ ਆਮ ਆਦਮੀ ਪਾਰਟੀ ਤੇ ਇਹ ਚੁਟਕੀ ਲੈਂਦੇ ਹੋਏ ਲੱਖ ਕਹਿਣ ਕਿ ਪੰਜਾਬ 'ਚ ਆਪ ਨੂੰ ਸਿਰਫ 10 ਤੋਂ ਵੀ ਘੱਟ ਸੀਟਾਂ ਮਿਲਣਗੀਆਂ, ਪਰ ਇਹ ਸੱਚਾਈ ਤੋਂ ਕੋਹਾਂ ਦੂਰ ਹੈ। ਜੇ ਵੇਖਿਆ ਜਾਵੇ ਤਾਂ ਬਾਦਲ ਤੇ ਕੈਪਟਨ ਦੇ ਨਿਸ਼ਾਨੇ ਤੇ ਸਿਰਫ ਕੇਜਰੀਵਾਲ ਹੀ ਹੈ। ਉਹ ਇਸ ਕਰਕੇ ਹੈ ਕਿ ਦੋਵਾਂ ਨੂੰ ਆਪਣੀ



ਆਖਰੀ ਸਿਆਸੀ ਪਾਰੀ ਦਾਅ 'ਤੇ ਲੱਗਦੀ ਨਜ਼ਰ ਆ ਰਹੀ ਹੈ। ਜੇ ਕਿਸੇ ਨੂੰ ਵੀ ਬਹੁਮਤ ਨਾ ਮਿਲਿਆ ਤਾਂ ਆਪ ਨੂੰ ਰੋਕਣ ਲਈ ਕੈਪਟਨ ਤੇ ਬਾਦਲ ਇਕ-ਦੂਜੇ ਨੂੰ ਬਿਨਾਂ ਸ਼ਰਤ ਹਮਾਇਤ ਦਿੰਦੇ ਨਜ਼ਰ ਆਉਣਗੇ। ਆਪ 'ਤੇ ਲੱਖ ਇਲਜ਼ਾਮ ਲੱਗਣ ਦੇ ਬਾਵਜੂਦ ਲੋਕ ਉਸਦੇ ਤੋਂ ਮੂੰਹ ਮੋੜਨ ਨੂੰ ਤਿਆਰ ਨਹੀਂ ਹਨ। ਅਕਾਲੀ ਦਲ ਨੂੰ ਸਭ ਤੋਂ ਵੱਡਾ ਨੁਕਸਾਨ ਭਾਜਪਾ ਤੋਂ ਹੋਣਾ ਹੈ, ਕਿਉਂਕਿ ਭਾਜਪਾ ਪੰਜਾਬ 'ਚ ਕੋਮਾ 'ਚ ਜਾ ਚੁੱਕੀ ਹੈ, ਜਿਸ ਦੇ ਬਾਹਰ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ। ਦੂਸਰਾ ਅਕਾਲੀ ਦਲ ਦੇ ਰਾਖਵੇਂ ਹਲਕਿਆਂ ਤੋਂ 4-5 ਮੌਜੂਦਾ ਅਕਾਲੀ ਵਿਧਾਇਕਾਂ ਦਾ ਮੈਂਬਰੀ ਤੋਂ ਅਸਤੀਫਾ ਦੇ ਜਾਣਾ ਵੀ ਖਤਰੇ ਦੀ ਘੰਟੀ ਹੈ। ਇਕ ਕਾਰਨ ਹੋਰ ਵੀ ਹੈ ਕਿ ਅਤੀਤ ਵਿਚ ਜਦ ਵੀ ਬਸਪਾ ਕੋਈ ਵੀ ਚੋਣ ਲੜਦੀ ਸੀ ਤਾਂ ਅਕਾਲੀ ਦਲ ਖੁਸ਼ ਹੁੰਦਾ ਸੀ ਪਰ ਇਸ ਵਾਰ ਇਕ ਦਰ-ਜਨਦੇ ਕਰੀਬ ਦੁਆਬੇ ਦੀ ਧਰਤੀ 'ਤੇ ਅਕਾਲੀ ਉਮੀਦਵਾਰਾਂ ਦੀ, ਬਸਪਾ ਦੇ ਉਮੀਦਵਾਰਾਂ ਨੇ ਨੀਂਦ ਹਰਾਮ ਕੀਤੀ ਹੋਈ ਹੈ। ਪੰਜਾਬ ਦੇ ਜਦ ਚੋਣ ਨਤੀਜੇ ਆਉਣਗੇ ਤਾਂ ਕਿਹਦੇ ਨਾਲ ਜੱਗੋਂ ਤੇਰ੍ਹਵੀਂ ਹੋ ਜਾਵੇ, ਕੁਝ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸ ਵਾਰ ਸਭ ਕੁਝ ਅਣ-ਕਿਆਸਿਆ ਹੀ ਹੋ ਰਿਹਾ ਹੈ।



ਪੰਮੀ ਲਾਲੋ ਮਜਾਰਾ
91-95011-43755

### ਨੋਟਬੰਦੀ ਦਾ ਅਸਰ

ਮੋਦੀ ਸਰਕਾਰ ਤੇ ਜਾਂ ਉਹਦੇ ਭਾਈਵਾਲ ਕੁਝ ਵੀ ਦਾਅਵੇ ਕਰਨ ਪਰ ਨੋਟਬੰਦੀ ਦੀ ਮੁਸ਼ਕਿਲ ਨੇ ਲੋਕਾਂ ਦਾ ਜੀਣਾ ਹਰਾਮ ਕਰਕੇ ਰੱਖ ਦਿੱਤਾ ਹੈ ਤੇ ਮੁਲਕ ਦਾ ਆਰਥਿਕ ਢਾਂਚਾ ਪੂਰੀ ਤਰ੍ਹਾਂ ਹਿੱਲ ਕੇ ਰਹਿ ਗਿਆ ਹੈ। ਪੂਰੇ ਮੁਲਕ ਵਿਚ ਨੋਟਬੰਦੀ ਦੇ ਕਰਕੇ ਹੋਈਆਂ ਲੱਗਭੱਗ 100 ਮੌਤਾਂ ਦਾ ਜ਼ਿੰਮੇਵਾਰ ਕੌਣ ਹੈ, ਇਸ ਗੱਲ ਦਾ ਜਵਾਬ ਵੀ ਮੋਦੀ ਸਰਕਾਰ ਨੂੰ ਜਨਤਾ ਦੇ ਕਟਹਿਰੇ 'ਚ ਖੜ੍ਹ ਕੇ ਦੇਣਾ ਹੀ ਪਵੇਗਾ। ਨੋਟਬੰਦੀ ਦਾ ਅਸਰ 7 ਸਮੁੰਦਰੋਂ ਪਾਰ ਵੀ ਪ੍ਰਵਾਸੀ ਭਾਰਤੀਆਂ ਨੂੰ ਵੀ ਪ੍ਰੇਸ਼ਾਨ ਕਰ ਰਿਹਾ ਹੈ। ਕੋਈ ਮੰਨੇ ਜਾਂ ਨਾ ਮੰਨੇ ਪੰਜਾਬ, ਉੱਤਰ ਪ੍ਰਦੇਸ਼ ਤੇ ਗੋਆ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੋਟਰ ਮੋਦੀ ਸਰਕਾਰ ਦਾ ਸਾਰਾ ਮਜ਼ਾ ਕਿਰਕਿਰਾ ਕਰਕੇ ਰੱਖ ਦੇਣਗੇ।

# ਪੰਥਕ ਸਰਕਾਰ ਖੁੱਦ ਕਰਵਾ ਰਹੀ ਹੈ ਕੇਸਾਂ ਦੀ ਬੇਅਦਬੀ












**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ–** ਲੁਧਿਆਣਾ ਸਥਿਤ ਹਰਮਿਸ ਬੱਸ ਸਰਵਿਸ ਦੇ ਮਾਲਕ ਅਨੰਦ ਮੌਦਗਿੱਲ ਨੇ ਪੰਜਾਬ ਤੋਂ ਦਿੱਲੀ ਏਅਰਪੋਰਟ ਲਈ ਨਵੀਂ ਬੱਸ ਸਰਵਿਸ ਸੁਰੂ ਕੀਤੀ ਹੈ। ਅਤੇ ਇਹਨਾਂ ਦਾ ਇੱਕ ਦਫ਼ਤਰ ਫਰਿਜ਼ਨੋ ਵਿਖੇ ਵੀ ਹੈ। ਫਰਿਜ਼ਨੋ ਸਥਿਤ ਦਫ਼ਤਰ ਦੇ ਕਾਰਜਾਰੀ ਰਣਜੀਤ ਗਿੱਲ ਨੇ ਦੱਸਿਆ ਕਿ ਜਦੋਂ ਵੀ ਕੋਈ ਟਰਾਂਸਪੋਰਟਰ ਇਸ ਰੂਟ ਤੇ ਬੱਸਾਂ ਚਲਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਹੁਕਮਰਾਨ ਆਪਣੇ ਵਸੀਲੇ ਜਾ ਗੁੰਡਾਗਰਦੀ ਵਰਤਕੇ ਉਸਨੂੰ ਆਪਣੇ ਰਾਹ ਵਿੱਚੋਂ ਲਾਂਭੇ ਕਰ ਦਿੰਦੇ ਹਨ ਕਿਉਕੇ ਇਹਨਾਂ ਹੁਕਮਰਾਨਾਂ ਦੀਆਂ ਆਪਣੀਆਂ ਬੱਸਾਂ ਇਸ ਰੂਟ ਤੇ ਚੱਲਕੇ ਮੋਟੀ ਕਮਾਈ ਕਰਦੀਆਂ ਹਨ। ਇਸੇ ਕਰਕੇ ਹੁਣ ਹਰਮਿਸ ਬੱਸ ਸਰਵਿਸ ਨੂੰ ਦਿੱਲੀ ਏਅਰਪੋਰਟ ਤੋਂ ਖਦੇੜਨ ਲਈ ਹੁਕਮਰਾਨਾਂ ਨੇ ਹਰ ਹੀਲਾ ਵਰਤਣਾ ਸੁਰੂ ਕੀਤਾ ਹੋਇਆ ਹੈ। ਇਸ ਸਬੰਧੀ ਫੋਨ ਤੇ ਗੱਲਬਾਤ ਕਰਦਿਆਂ ਆਨੰਦ ਮੋਦਗਿੱਲ (ਹਰਮਿਸ ਕੰਪਨੀ) ਦੇ ਮਾਲਕ ਨੇ ਦੱਸਿਆ ਕਿ ਉਹਨਾਂ ਨੇ ਪੰਜਾਬ ਲਈ ਦਿੱਲੀ ਏਅਰਪੋਰਟ ਤੋਂ ਹਰਮਿਸ ਇੰਟਰਨੈਸ਼ਨਲ ਬੱਸ ਸਰਵਿਸ ਸ਼ੁਰੂ ਕੀਤੀ ਸੀ।

ਬਹੁ ਕੀਮਤੀ ਬੱਸਾਂ ਰਾਂਹੀ ਯਾਤਰੀਆਂ ਨੂੰ ਵਧੀਆ ਸੁਖਾਵਾ ਸਫ਼ਰ ਮੁਹੱਈਆ ਕਰਵਾਉਣ ਦਾ ਯਤਨ ਕੀਤਾ ਗਿਆ ਹੈ। ਬਾਦਲਕੇ ਆਪਣੀ ਇੰਡੋ ਕਨੇਡੀਅਨ ਬੱਸ ਸਰਵਿਸ ਰਾਂਹੀ 2800 ਪ੍ਰਤੀ ਮੁਸ਼ਾਫਿਰ ਵਸੂਲ ਕਰਦੇ ਸਨ, ਲੇਕਿਨ ਅਸੀਂ 1799 ਰੁਪਏ ਚ ਇਹ ਸਫ਼ਰ ਸ਼ੁਰੂ ਕੀਤਾ ਹੈ ਤੇ ਸਾਨੂੰ ਆਰਥਿਕ ਤੌਰ ਤੇ ਮਾਰਨ ਲਈ ਦੋ ਦਿਨ ਪਹਿਲਾਂ ਬਾਦਲਕੇ ਦਿੱਲੀ ਤੋਂ ਪੰਜਾਬ ਲਈ ਮੁੱਫ਼ਤ ਵਿੱਚ ਯਾਤਰੀਆਂ ਨੂੰ ਸਫ਼ਰ ਕਰਵਾਉਣ ਲੱਗੇ, ਪ੍ਰੰਤੂ ਜਾਗਦੀ ਜਮੀਰਾਂ ਵਾਲੇ ਐਨ ਆਰ ਆਈ ਵੀਰਾ-ਭੈਣਾਂ ਨੇ ਬਾਦਲਕਿਆਂ ਦਾ ਮੁੱਫ਼ਤ ਸਹੂਲਤ ਵਾਲਾ ਸਫ਼ਰ ਪਸੰਦ ਨਾ ਕੀਤਾ... ਤੇ ਸਾਨੂੰ ਸਹਿਯੋਗ ਕਰਨ ਲੱਗੇ, ਤਦ ਤੋਂ ਬਾਦਲਕੇ ਸਾਡੇ ਮਗਰ ਪੈ ਗਏ ਰੋਜ਼ਾਨਾਂ ਸਾਡੀਆਂ ਬੱਸਾਂ ਦਾ ਨੁਕਸਾਨ ਕਰਨਾ ਸ਼ੁਰੂ ਕਰ ਦਿੱਤਾ। ਬਾਦਲਕੇ ਲਾਂਣੇ ਦਾ ਬੱਸਾਂ ਦਾ ਅੱਡਾ ਇੰਚਾਰਜ਼ ਹਰਦੀਪ ਅਰੋੜਾ ਖੁੱਦ ਕੋਲ ਖੜ੍ਹ ਸਾਡੀਆਂ ਬੱਸਾਂ ਦਾ ਨੁਕਸਾਨ ਕਰਵਾਉਦਾ ਰਿਹਾ, ਤੇ ਬੀਤੀ ਰਾਤ ਅਰੋੜਾਂ ਤੇ ਗੁਰ-ਪ੍ਰੀਤ ਸਿੰਘ ਨੇ 15-20 ਅਣਪਛਾਤੇ ਵਿਅਕਤੀਆਂ ਨਾਲ ਆ ਬੱਸ ਦੇ ਡਰਾਇਵਰ ਸ਼ੇਰਾ ਤੇ ਪੰਮਾ ਨਾਲ ਕੁੱਟਮਾਰ ਕੀਤੀ। ਸ਼ੇਰੇ ਦੇ ਕੇਸ ਤੇ ਦਾਹੜੀ ਪੱਟ ਦਿੱਤੀ ਗਈ। ਇਸ ਦੀ ਅਸੀਂ ਏਅਰਪੋਰਟ ਥਾਂਣੇ ਅੰਦਰ ਸਕਾਇਤ ਵੀ ਦਰਜ਼ ਕਰਵਾਈ ਪਰ ਬਾਦਲਕਾ ਲਾਣਾ ਕਾਰਵਾਈ ਨਹੀਂ ਹੋਣ ਦੇ ਰਿਹਾ।ਉਹਨਾਂ ਇਸ ਸੱਚ ਅਤੇ ਝੂਠ ਦੀ ਲੜਾਈ ਵਿੱਚ ਪ੍ਰਵਾਸੀ ਪੰਜਾਬੀਆਂ ਤੋਂ ਸਹਿਯੋਗ ਦੀ ਮੰਗ ਕੀਤੀ। ਉਹਨਾਂ ਬੇਨਤੀ ਕੀਤੀ ਕਿ ਇੰਡੋ ਕਨੇਡੀਅਨ ਵਾਲੀਆਂ ਮੁਫ਼ਤ ਬੱਸਾਂ ਵਿੱਚ ਸਫ਼ਰ ਕਰਨ ਦੀ ਬਜਾਏ ਬਦੀ ਨੂੰ ਨਕਾਰੋ ਤੇ ਨੇਕੀ ਦਾ ਸਾਥ ਦਿੰਦੇ ਹੋਏ ਵਾਜਬ ਕਿਰਾਏ ਤੇ ਹਰਮਿਸ ਬੱਸਾਂ ਵਿੱਚ ਸਫ਼ਰ ਕਰੋ।

# ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਵੱਲੋਂ ਭਾਈ ਅਵਤਾਰ ਸਿੰਘ ਅਤੇ ਸਾਥੀਆਂ ਨੂੰ ਨਿੱਘੀ ਵਿਦਾਇਗੀ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ–** ਲੰਘੇ ਐਂਤਵਾਰ ਸਥਾਨਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੀ ਸਮੂਹ ਸੰਗਤ ਵੱਲੋਂ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਸਰਧਾ ਭਾਵਨਾ ਨਾਲ ਮਨਾਇਆ ਗਿਆ। ਇਹਨਾਂ ਦੀਵਾਨਾਂ ਦੌਰਾਨ ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਅਵਤਾਰ ਸਿੰਘ ਨੇ ਲਗਤਾਰ ਤੇਰਾਂ ਸਾਲ ਸੇਵਾਂ ਨਿਭਾਉਣ ਮਗਰੋਂ ਸੰਗਤ ਤੋ ਵਿਦਾਇਗੀ ਲਈ। ਉਹਨਾਂ ਦੇ ਨਾਲ ਭਾਈ ਰਣਜੀਤ ਸਿੰਘ ਅਤੇ ਭਾਈ ਵਰਿੰਦਰ ਸਿੰਘ ਨੂੰ ਵੀ ਸੇਵਾ ਮੁਕਤ ਕੀਤਾ ਗਿਆ। ਦੀਵਾਨ ਹਾਲ ਵਿੱਚ ਸੰਗਤਾ ਦੇ ਠਾਠਾ ਮਾਰਦੇ ਇਕੱਠ ਵਿੱਚ ਭਾਈ ਅਵਤਾਰ ਅਤੇ ਸਾਥੀਆਂ ਨੂੰ ਸਿਰੋਪਓ ਭੇਂਟ ਕਰਕੇ ਜੈਕਾਰਿਆਂ ਦੀ ਗੂੰਜ ਵਿੱਚ ਭਾਈ ਸਹਿਬ ਦੀਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ ਗਈ। ਇਹ ਪਹਿਲੀ ਵਾਰ ਹੋਇਆ



ਕਿ ਫਰਿਜ਼ਨੋ ਇਲਾਕੇ ਦੇ ਸਮੂਹ ਗੁਰੂਘਰਾਂ ਦੇ ਪ੍ਰਬੰਧਕਾਂ ਵੱਲੋਂ ਭਾਈ ਅਵਤਾਰ ਸਿੰਘ ਅਤੇ ਸਾਥੀਆਂ ਪ੍ਰਤੀ ਸਨੇਹ ਪ੍ਰਗਟਾਉਣ ਲਈ ਵੱਖਰੇ ਤੌਰ ਤੇ ਸਿਰੋਪਾਓ ਭੇਜੇ ਗਏ ਹੋਣ। ਇਸ ਮੌਕੇ ਸੰਗਤਾਂ ਨੂੰ ਮੁਖਾਤਿਬ ਹੁੰਦਿਆਂ ਭਾਈ ਅਵਤਾਰ ਸਿੰਘ ਨੇ ਕਿਹਾ ਕਿ ਭਰਿਆ ਪਰਿਵਾਰ ਛੱਡਕੇ ਜਾਣ ਨੂੰ ਦਿਲ ਤਾਂ ਨਹੀ ਕਰਦਾ ਪਰ ਨਿੱਜੀ ਕੰਮਾਂ ਕਾਰਾਂ ਕਰਕੇ ਵਿਦਾਇਗੀ ਲੈਣੀ ਪੈ ਰਹੀ ਹੈ। ਉਹਨਾਂ ਕਿਹਾ ਕਿ ਪਿਛਲੇ ਤੇਰਾਂ ਸਾਲਾਂ ਦੌਰਾਂਨ ਸੰਗਤ ਵੱਲੋਂ ਬੇਹੱਦ ਪਿਆਰ ਸਤਿਕਾਰ ਮਿਲਿਆ ਜੀਹਨੂੰ ਉਹ ਕਦੇ ਭੁਲਾ ਨਹੀਂ ਸਕਣਗੇ। ਉਹਨਾਂ ਅਖੀਰ ਵਿੱਚ ਗੁਰੂਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਦਾ ਧੰਨਵਾਦ ਕੀਤਾ। ਭਾਈ ਅਵਤਾਰ ਸਿੰਘ ਦੀ ਵਿਦਾਇਗੀ ਨੂੰ ਲੈਕੇ ਸੰਗਤਾਂ ਵਿੱਚ ਉਦਾਸੀ ਦਾ ਅਲਮ ਵੇਖਣ ਨੂੰ ਮਿਲਿਆ।

ਦੇਸ਼ ਦੁਆਬਾ

### 6 ਦਸੰਬਰ ਨੂੰ ਯਾਦ ਕਰਦਿਆਂ

# ਵੋਟ ਦਾ ਅਧਿਕਾਰ ਅਤੇ ਭਾਰਤੀ ਵੋਟਰ

6 ਦਸੰਬਰ ਨੂੰ ਹਰ ਸਾਲ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਪ੍ਰੀਨਿਰਵਾਣ ਦਿਵਸ ਵਜੋਂ ਦੁਨੀਆਂ ਭਰ ਵਿਚ ਵੱਸੇ ਉਹਨਾਂ ਦੇ ਪ੍ਰਸੰਸਕ ਮਨਾਉਂਦੇ ਹਨ। ਇਸ ਦਿਨ ਨੂੰ ਇਸ ਕਰਕੇ ਵੀ ਵਿਸ਼ੇਸ਼ ਤੌਰ ਤੇ ਯਾਦ ਕੀਤਾ ਜਾਂਦਾ ਹੈ ਕਿਉਂਕਿ ਇਸ ਦਿਨ ਸਾਡੇ ਕੋਲੋਂ ਦੁਨੀਆਂ ਦੇ ਮਹਾਨ ਵਿਦਵਾਨ, ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਮੁਲਕ ਦੇ ਸੰਵਿਧਾਨ ਦੇ ਰਚੇਤਾ ਅਤੇ ਸਮਾਜਿਕ ਕ੍ਰਾਂਤੀ ਲਿਆਉਣ ਵਾਲੇ ਡਾ. ਅੰਬੇਡਕਰ ਸਾਡੇ ਕੋਲੋਂ ਵਿੱਛੜ ਗਏ। ਭਾਰਤੀ ਸੰਵਿਧਾਨ ਦੇ ਨਿਰਮਾਣ ਤੋਂ ਪਹਿਲਾਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਇਕ ਵੱਡਾ ਸਮਾਜਿਕ ਸੰਘਰਸ਼ ਵਿੱਢਿਆ ਅਤੇ ਭਾਰਤ ਵਿਚ ਨਸਲਵਾਦ ਵਾਂਗ ਪਾਈ ਜਾਂਦੀ ਸਦੀਆਂ ਪੁਰਾਣੀ ਜਾਤ-ਪਾਤੀ, ਛੂਤ-ਛਾਤ ਦੀ ਮਾੜੀ ਸਮਾਜਿਕ ਪ੍ਰਵਿਰਤੀ ਦੇ ਖਿਲਾਫ ਇਕ ਲੰਮਾ ਸੰਘਰਸ਼ ਕੀਤਾ, ਦੱਬੇ-ਕੁਚਲੇ ਲੋਕਾਂ ਨੂੰ ਜਾਗਰਿਤ ਕੀਤਾ ਅਤੇ ਉਹਨਾਂ ਨੂੰ ਬਰਾਬਰ ਦੇ ਅਧਿਕਾਰ ਦਿਵਾਏ, ਆਰਥਿਕ ਤੌਰ ਤੇ ਚੁੱਕਣ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਕਰਵਾਈ ਅਤੇ ਉਹਨਾਂ ਦਾ ਸ਼ਾਸਨ ਪ੍ਰਣਾਲੀ ਨਾਲ ਜੁੜਨ ਦਾ ਰਾਹ ਪੱਧਰਾ ਕੀਤਾ। ਭਾਰਤੀ ਸੰਵਿਧਾਨ ਵਿਚ ਵੋਟ ਦਾ ਅਧਿਕਾਰ ਹਰੇਕ ਨਾਗਰਿਕ ਨੂੰ ਬਰਾਬਰਤਾ ਦੇ ਆਧਾਰ ਤੇ ਦਿੱਤਾ ਗਿਆ ਹੈ। ਇਸ ਅਧਿਕਾਰ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਅੰਗਰੇਜ਼ ਸਰਕਾਰ ਨੇ ਭਾਰਤ ਵਿਚ ਵੋਟ ਪ੍ਰਣਾਲੀ ਆਰੰਭ ਕੀਤੀ ਸੀ ਪਰ ਉਹ ਵੋਟ ਪ੍ਰਣਾਲੀ ਸਮਾਜਿਕ, ਆਰਥਿਕ ਰੁਤਬੇ ਤੇ ਆਧਾਰਿਤ ਸੀ, ਇਸ ਕਰਕੇ ਉਸ ਦਾ ਕੋਈ ਅਰਥ ਨਹੀਂ ਰਹਿ ਗਿਆ ਸੀ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਭਾਰਤ ਵਿਚ ਸਭ ਲਈ ਬਰਾਬਰ ਦੇ ਅਧਿਕਾਰ ਅਤੇ ਸਭ ਲਈ ਵੋਟ ਦੇ ਅਧਿਕਾਰ ਦੀ ਵਿਵਸਥਾ ਕੀਤੀ ਗਈ। ਇਹਨਾਂ ਅਧਿਕਾਰਾਂ ਨੇ ਭਾਰਤ ਵਿਚ ਸਭ ਤੋਂ ਵੱਡੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਕ੍ਰਾਂਤੀ ਲਿਆਂਦੀ ਕਿ ਹਰ ਨਾਗਰਿਕ ਨੂੰ ਬਰਾਬਰ ਕਰ ਦਿੱਤਾ ਅਤੇ ਸੱਤਾ ਤੱਕ ਹਰੇਕ ਨਾਗਰਿਕ ਦੀ ਪਹੁੰਚ ਲਈ ਬਰਾਬਰ ਦਾ ਰਸਤਾ ਪੱਧਰਾ ਕਰ ਦਿੱਤਾ। ਭਾਰਤ ਵਿਚ ਵੋਟਾਂ ਵਾਲੇ ਦਿਨ ਰਾਜਾ-ਰੰਕ ਇਕ ਬਰਾਬਰ ਹੁੰਦਾ ਹੈ। ਬਾਬਾ ਸਾਹਿਬ ਨੇ ਖੁਦ ਕਿਹਾ ਸੀ ਕਿ ਉਹ ਭਾਰਤ ਵਿਚੋਂ ਸਦੀਆਂ ਪੁਰਾਣੀ ਰਾਜਾਸ਼ਾਹੀ ਵਿਵਸਥਾ ਦਾ ਬੀਜ ਨਾਸ਼ ਕਰ ਦੇਣਗੇ। ਉਹਨਾਂ ਨੇ ਵੋਟ ਦਾ ਅਧਿਕਾਰ ਹਰੇਕ ਨਾਗਰਿਕ ਨੂੰ ਦੇ ਕੇ ਇਹ ਕਰ ਦਿਖਾਇਆ। ਭਾਰਤ ਵਿਚ ਬੇਸ਼ੱਕ ਹਾਲੇ ਵੀ ਸੱਤਾ ਤੇ ਕਾਬਜ ਲੀਡਰਾਂ ਦੇ ਬੱਚੇ ਅੱਗੇ ਸੱਤਾ ਤੇ ਆਪਣਾ ਅਧਿਕਾਰ ਸਮਝਦੇ ਸਨ ਪਰ ਬਾਬਾ ਸਾਹਿਬ ਦੀ ਸੋਚ ਨੇ ਰਾਜਾ ਅਤੇ ਰੰਕ ਵਿਚਲਾ ਫਰਕ ਮਿਟਾਉਂਦਿਆਂ ਇਕ ਆਮ ਆਦਮੀ ਦੇ ਲਈ ਵੀ ਸੱਤਾ ਦੇ ਦਰਵਾਜ਼ੇ ਖੋਲ੍ਹ ਦਿੱਤੇ। ਵੋਟ ਦਾ ਅਧਿਕਾਰ ਮਿਲਣ ਤੋਂ ਬਾਅਦ ਭਾਰਤ ਦੇ ਵੱਖ-ਵੱਖ ਖਿੱਤਿਆਂ ਤੋਂ ਅਜਿਹੇ ਪ੍ਰਤੀਨਿਧੀ ਵੀ ਚੁਣੀਆਂ ਹੋਈਆਂ ਸੰਸਥਾਵਾਂ ਵਿਚ ਪਹੁੰਚਦੇ ਹਨ, ਜਿਹੜੇ ਆਰਥਿਕ ਪੱਖੋਂ ਕਮਜ਼ੋਰ ਹਨ, ਜਿਹੜੇ ਦੱਬੇ-ਕੁਚਲੇ ਲਤਾੜੇ ਵਰਗਾਂ ਨਾਲ ਸਬੰਧਤ ਹਨ ਅਤੇ ਜਿਹੜੇ ਸੱਤਾ ਦੇ ਗਲਿਆਰਿਆਂ ਤੱਕ ਪਹੁੰਚਣ ਦਾ ਸੁਪਨਾ ਵੀ ਨਹੀਂ ਲੈ ਸਕਦੇ।

ਅਣਵੰਡੇ ਪੰਜਾਬ ’ਚ ਦਲਿਤ ਵਰਗ ਦੀ ਰਾਜਨੀਤੀ ਦੇ ਪਿਤਾਮਾ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਰਾਸ਼ਟਰੀ ਪੱਧਰ ’ਤੇ ਬਾਬਾ ਸਾਹਿਬ ਦੀ ਸਮਾਜਿਕ ਅਤੇ ਰਾਜਨੀਤਿਕ ਕ੍ਰਾਂਤੀ ਦੀ ਲਹਿਰ ਨੂੰ, ਉਹਨਾਂ ਤੋਂ ਬਾਅਦ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਅੱਗੇ ਵਧਾਇਆ। ਅੱਜ ਬੇਸ਼ੱਕ ਭਾਰਤ ਵਿਚ ਬਹੁਤ ਸਾਰੇ ਵਰਗ ਹਾਲੇ ਵੀ ਵਾਂਝੇ ਹਨ ਪਰ ਭਾਰਤੀ ਸੰਵਿਧਾਨ ਕਿਸੇ ਨਾਲ ਕੋਈ ਵਿਤਕਰਾ ਕਰਨ ਦੀ ਆਗਿਆ ਨਹੀਂ ਦਿੰਦਾ। ਇਸ ਕਰਕੇ ਜ਼ਰੂਰੀ ਹੈ ਕਿ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਅੱਗੇ ਵਧਾਈਏ, ਇਹਨਾਂ ਦਾ ਪ੍ਰਚਾਰ ਕਰੀਏ ਅਤੇ ਜਨਤਾ ਤੱਕ ਇਹ ਸੰਦੇਸ਼ ਪਹੁੰਚਾਈਏ ਕਿ ਭਾਰਤ ਤੇ ਸ਼ਾਸ਼ਨ ਉਹਨਾਂ ਦੀ ਇੱਛਾ ਅਤੇ ਮਰਜੀ ਨਾਲ ਹੀ ਕਿਸੇ ਦੁਆਰਾ ਕੀਤਾ ਜਾ ਸਕਦਾ ਹੈ। ਵੋਟਾਂ ਵਾਲੇ ਦਿਨ ਛੋਟੇ-ਮੋਟੇ ਲਾਲਚਾਂ ਨੂੰ ਤਿਆਗ ਕੇ ਇਹ ਵਿਚਾਰ ਕਰਕੇ ਵੋਟ ਦਈਏ ਕਿ ਭਾਰਤ ਦੇ ਬਿਹਤਰੀਨ ਭਵਿੱਖ ਲਈ ਕਿਹੜਾ ਉਮੀਦਵਾਰ ਅਤੇ ਕਿਹੜੀ ਪਾਰਟੀ ਵਧੀਆ ਕੰਮ ਕਰ ਸਕਦੀ ਹੈ।

ਅਦਾਰਾ ‘ਦੇਸ਼ ਦੁਆਬਾ’ ਬਾਬਾ ਸਾਹਿਬ ਨੂੰ ਉਹਨਾਂ ਦੇ 60ਵੇਂ ਪ੍ਰੀਨਿਰਵਾਨ ਦਿਵਸ ’ਤੇ ਸ਼ਰਧਾ ਪੂਰਵਕ ਨਿੱਘੀ ਸ਼ਰਧਾਂਜਲੀ ਭੇਟ ਕਰਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

(ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-12

## ਕਰਤਾਰ ਦੀ ਰਹਿਮਤ ਬਿਨਾ ਵੱਡੀ ਉਮਰ ਵੀ ਵਿਆਰਥ ਹੈ!



ਅਵਤਾਰ ਸਿੰਘ ਮਿਸ਼ਨਰੀ
510-432-5827

ਉਮਰ ਦਾ ਅਰਥ ਹੈ ਆਰਜਾ, ਆਯੂ, ਅਉਧ, ਲਾਈਫ ਅਤੇ ਜੀਵਨ ਦੀ ਮਿਆਦ ਆਦਿਕ। ਮਹਾਨ ਕੋਸ਼ ਅਨੁਸਾਰ ਸ਼ਬਦਮਾਲਾ ਵਿੱਚ ਲਿਖਿਆ ਹੈ ਕਿ ਆਦਮੀ ਅਤੇ ਹਾਥੀ ਦੀ ਉਮਰ ੧੨੦ ਵਰ੍ਹੇ ੫ ਦਿਨ। ਘੋੜੇ ਦੀ ੩੨, ਕੁੱਤੇ ਦੀ ੧੨, ਗਧੇ ਅਤੇ ਊਠ ਦੀ ੨੫, ਬੈਲ ਤੇ ਝੋਟੇ ਦੀ ੨੪ ਅਤੇ ਬਕਰੇ ਦੀ ੧੬ ਵਰ੍ਹੇ ਹੈ। ਪੁਰਾਤਨ ਹਿੰਦੂ ਗ੍ਰੰਥ ਪੁਰਾਣਾਂ ਆਦਿਕ ਅਨੁਸਾਰ ਤਾਂ ਹਜਾਰ, ਦਸ ਹਜਾਰ ਬਰਸ ਵੀ ਲਿੱਖੀ ਹੋਈ ਹੈ। ਗੁਰਬਾਣੀ ਵੀ ਨਵੈ (੯੦) ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲ॥ ਸੰਕੇਤ ਕਰਦੀ ਹੈ। ਅੱਜ ਕੱਲ੍ਹ ਵੱਧ ਤੋਂ ਵੱਧ ੧੦੦ ਅਤੇ ਕਿਸੇ ਇੱਕ ਅੱਧ ਦੀ ੧੫੦ ਵੀ ਦੇਖੀ ਜਾਂਦੀ ਹੈ।

ਗੁਰੂ ਸਾਹਿਬ, ਗੁਰੂ ਗ੍ਰੰਥ ਸਾਹਿਬ ਵਿਖੇ ਲਿਖਦੇ ਹਨ-ਜੇ ਜੁੱਗ ਚਾਰੇ ਆਰਜਾ ਹੋਰ ਦਸੂਣੀ ਹੋਇ॥ਨਵਾਂ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥ ਕੀਟਾ ਅੰਦਰਿ ਕੀਟੁ, ਕਰਿ ਦੋਸੀ, ਦੋਸੁ ਧਰੇ...॥(੧੬) ਜਪੁਜੀ ਦੀ ਇਸ ੭ ਵੀ ਪਾਉੜੀ ਵਿੱਚ ਸ਼ਪੱਸ਼ਟ ਹੈ ਕਿ ਜੇ ਕਿਸੇ ਦੀ ਉਮਰ ਮੰਨੇ ਗਏ ਚਾਰ ਜੁੱਗਾਂ ਨਾਲੋਂ ਵੀ ਦਸੂਣੀ ਹੋ ਜਾਵੇ, ਜਗਤ ਉਸ ਦੇ ਹੁਕਮ ਵਿੱਚ ਚੱਲੇ, ਉਸ ਦੇ ਨਾਮ ਦੀ ਧਾਂਕ ਪਈ ਹੋਵੇ ਅਤੇ ਬਹੁਤ ਲੋਕ ਉਸ ਦੀ ਉਸਤਤ ਕਰਦੇ ਹੋਣ ਪਰ ਜੇ ਉਸ ’ਤੇ ਕਰਤਾਰ ਦੀ ਮਿਹਰ ਨਹੀਂ ਤਾਂ ਉਹ ਉਸ ਬੰਦੇ ਵਰਗਾ ਹੈ ਜਿਸ ਦੀ ਕੋਈ ਖਬਰ ਨਹੀਂ ਪੁੱਛਦਾ ਭਾਵ ਇਤਨੀ ਵੱਡੀ ਉਮਰ ਅਤੇ ਮਾਣ ਵਡਿਆਈ ਵਾਲਾ ਹੁੰਦਿਆਂ ਵੀ ਨਿਆਸਰਾ ਹੀ ਨਹੀਂ ਸਗੋਂ ਉਹ ਗੰਦਗੀ ਦਾ ਕੀੜਾ ਅਤੇ ਪ੍ਰਭੂ ਉਸ ’ਤੇ ਨਾਮ ਨਾ ਜਪਣ ਭਾਵ ਪ੍ਰਭੂ ਨਿਯਮ ਵਿੱਚ ਨਾਂ ਚੱਲਣ ਦਾ ਦੋਸ਼ ਧਰਦਾ ਹੈ।

ਗੁਰਬਾਣੀ ਵਿਖੇ ਹੋਰ ਵੀ ਫੁਰਮਾਨ ਹਨ-ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥੬॥ (੬੪੨) ਉਮਰ ਵਧਾਉਣ ਨਾਲ ਵੀ ਫੁਰਨਿਆਂ ਵਿੱਚ ਬਾਰ ਬਾਰ ਜੰਮਦਾ ਹੈ ਪਰ ਇਵੇਂ ਪ੍ਰਭੂ ਮਿਲਾਪ ਨਹੀਂ ਹੁੰਦਾ। ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥ ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥੧॥(੬੯੩) ਨਰਸਿੰਘ ਪੁਰਾਣ ਦੀ ਮਿੱਥ ਅਨੁਸਾਰ ਮ੍ਰਿਕੰਡੁ ਰਿਖੀ ਦਾ ਪੁੱਤ੍ਰ ਮਾਰਕੰਡੇ ਜੋ ਮਨਸਿਵਨੀ ਦੇ ਗਰਭ ਤੋਂ ਜਨ-ਮਿਆਂ ਜਿਸ ਦੀ ਪਹਿਲੇ ਉਮਰ ਥੋੜੀ ਸੀ ਅਤੇ ਬ੍ਰਹਮਾ ਦੇ ਵਰ ਨਾਲ ਹਜਾਰਾਂ ਬਰਸ ਲੰਬੀ ਹੋ ਗਈ। ਦੇਖੋ!ਜਿੰਨ੍ਹਾਂ ਨੇ ਡੂੰਘੀਆਂ ਨੀਹਾਂ ਪੁੱਟਵਾ ਕੇ ਮਹਿਲ ਮਾੜੀਆਂ ਉਸਾਰੀਆਂ ਉਹ ਵੀ ਇੱਥੇ ਹੀ ਰਹਿ ਗਈਆਂ ਤਾਂ ਹੀ ਸਿਆਣੇ ਬੰਦੇ ਉਨ੍ਹਾਂ ਦਾ ਮਾਣ ਨਹੀਂ ਕਰਦੇ, ਫਿਰ ਮਾਰਕੰਡੇ ਰਿਸ਼ੀ ਤੋਂ ਕਿਸ ਦੀ ਉਮਰ ਵੱਡੀ ਹੋਣੀ ਏਂ ਜਿਸ ਨੇ ਸਾਰੀ ਕੱਖਾਂ ਦੀ ਕੁੱਲੀ ਵਿੱਚ ਹੀ ਬਿਤਾਈ।

ਭਾਈ ਗੁਰਦਾਸ ਜੀ ਵੀ ਲਿਖਦੇ ਹਨ-ਮਿਲੇ ਨ ਵੱਡੀ ਆਰਜਾ, ਬਿਸੀਅਰੁ ਵਿਹੁ ਲੂਹੇ॥(ਵਾਰ-੩੬ਪੌ-੧੩) ਵੱਡੀ ਉਮਰ ਨਾਲ ਵੀ ਰੱਬ ਨਹੀਂ ਮਿਲਦਾ ਵੱਡੀ ਉਮਰ ਵਾਲਾ ਸੱਪ ਜ਼ਹਿਰ ਨਾਲ ਹੀ ਲੂੰਹਦਾ ਰਹਿੰਦਾ ਹੈ। ਵੱਡੀ ਆਰਜਾ ਇੰਦ੍ਰ ਦੀ ਇੰਦ੍ਰ ਪੁਰੀ ਵਿੱਚ ਰਾਜੁ ਕਮਾਵੈ....ਸੇਸ ਮਹੇਸ਼ ਵਖਾਣੀਅਨਿ ਚਰੰਜੀਵ ਹੋਇ ਸਾਂਤਿ ਨ ਆਵੈ॥(ਵਾਰ-੧੨ਪੌ-੧੦) ਇੰਦ੍ਰ ਦੀ ਉਮਰ ਲੰਬੀ, ਸਵਰਗ ’ਚ ਰਾਜ ਕਰਦਾ ਹੈ। ਜਦ ੧੪ ਇੰਦ੍ਰਾਂ ਦਾ ਨਾਸ਼ ਹੁੰਦਾ ਤਾਂ ਬ੍ਰਹਮਾਂ ਦਾ ਇੱਕ ਦਿਨ, ਸ਼ੇਸ਼ ਨਾਗ ਤੇ ਸ਼ਿਵ ਨੂੰ ਚਿਰੰਜੀਵੀ ਹੋ ਕੇ ਵੀ ਸ਼ਾਤੀ ਨਾਂ ਆਈ।

ਸ

ਉਪ੍ਰੋਕਤ ਪ੍ਰਮਾਣਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਉਮਰ ਵਧਾ ਲੈਣ ਨਾਲ ਵੀ, ਭਗਤੀ ਪੂਰੀ ਨਹੀਂ ਹੁੰਦੀ, ਪ੍ਰਭੂ ਨਹੀਂ ਮਿਲਦਾ ਅਤੇ ਮਾਨਸਿਕ ਟਿਕਾ ਭਾਵ ਸੁਖਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਜੋ ਲੋਕ ਪ੍ਰਾਣਾਯਾਮ ਰਾਹੀਂ ਸਾਹ ਰੋਕ, ਸਮਾਧੀ ਲਾ, ਉਮਰ ਵਧਾ ਕੇ, ਹਜਾਰਾਂ ਬਰਸ ਬੈਠੇ ਰਹਿਣ, ਉਨ੍ਹਾਂ ਨੂੰ ਵੀ ਰੱਬ ਨਹੀਂ ਮਿਲਦਾ ਸਗੋਂ ਅਮੋਲਕ ਮਨੁੱਖਾ ਜਨਮ ਯੋਗ ਸਾਧਨਾ, ਵੱਡੀ ਉਮਰ ਦੇ ਹੰਕਾਰ ਅਤੇ ਫਾਕਿਆਂ ਵਿੱਚ ਗਵਾ ਲੈਂਦੇ ਹਨ।

ਵੱਡੀਆਂ ਉਮਰਾਂ ਵਾਲੇ ਛਤ੍ਰਪਤੀ ਰਾਜੇ ਵੀ ਆਖਰ ਚੰਮਦੀਆਂ ਚਲਾ ਕੇ, ਖਾਲੀ ਹੱਥੀਂ ਤੁਰ ਗਏ ਪਰ ਰੱਬੀ ਰਹਿਮਤ ਪ੍ਰਾਪਤ ਨਾ ਕਰ ਸੱਕੇ-ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ॥੨॥(੧੨੫੨)

(ਚਲਦਾ)

# ਅਲੋਪ ਹੋ ਗਈਆਂ ਕਲਮਾਂ, ਦਵਾਤਾਂ ਤੇ ਫੱਟੀਆਂ



ਤਸਵਿੰਦਰ ਸਿੰਘ ਬੜੈਚ
91-98763-22677

ਜੇਕਰ ਸਮੇ ਦੇ ਬਦਲਦੇ ਰੰਗਾਂ ਵੱਲ ਵੇਖਿਆ ਜਾਵੇ ਤਾ ਸਮੇ ਦਾ ਹਰ ਪਲ ਆਪਣਾ ਰੰਗ ਬਦਲ ਰਿਹਾ ਹੈ ਅਤੇ ਵੇਖਦੇ ਹੀ ਵੇਖਦੇ ਕਦੋ ਕੋਈ ਚੀਜ਼ ਲੰਘੇ ਸਮੇ ਦੀ ਯਾਦ ਬਣ ਜਾਂਦੀ ਹੈ, ਇਸ ਦਾ ਪਤਾ ਹੀ ਨਹੀ ਚਲਦਾ। ਪੂਰਨੇ ਪਾ ਕੇ ਫੱਟੀਆਂ ਲਿਖਣਾ ਵੀ ਅੱਜ ਬੀਤੇ ਦੀਆਂ ਗੱਲਾਂ ਹੋ ਚੁੱਕੀਆਂ ਹਨ। ਥੋੜ੍ਹਾ ਪਿਛਾਂਹ ਵੱਲ ਝਾਤ ਮਾਰੀਏ ਤਾਂ ਪੜ੍ਹਾਈ ਨਾਲ ਜੁੜਿਆ ਕਿੰਨਾ ਕੁੱਝ ਯਾਦ ਆਉਣ ਲੱਗਦੈ। ਪਾਟੀ ਜਿਹੀ ਨਿੱਕਰ, ਪੈਰੀ ਚੱਪਲਾਂ, ਮੋਢੇ ’ਤੇ ਟੰਗਿਆਂ ਬੋਰੀ ਵਾਲਾ ਝੋਲਾ, ਪੋਣੇ ’ਚ ਬੰਨ੍ਹੀ ਰੋਟੀ ਤੇ ਹੱਥ ’ਚ ਫੜੀ ਲੱਕੜ ਦੀ ਫੱਟੀ। ਸਵੇਰ ਵੇਲੇ ਸਕੂਲ ਜਾ ਕੇ ਫੱਟੀਆਂ ਲਿਖਣੀਆਂ। ਦਵਾਤ ਵਿੱਚ ਸਿਆਹੀ ਘੋਲ ਕੇ ਕਾਨੇ ਦੀ ਕਲਮ ਨਾਲ ਫੱਟੀ ਲਿਖੀ ਜਾਂਦੀ ਸੀ। ਕਲਮ ਕਿਸੇ ਦੁਕਾਨ ’ਤੋ ਨਹੀਂ ਸੀ ਮਿਲਦੀ, ਇਹ ਤਾਂ ਆਪ ਹੀ ਘੜਨੀ ਪੈਦੀ ਸੀ। ਸਰਕੰਡੇ ਦਾ ਇੱਕ ਗਿੱਠ ਕੁ ਲੰਮਾ



ਕਾਨਾ ਵੱਢ ਲਿਆਉਣਾ ਤੇ ਉਸ ਨੂੰ ਬਲੇਟ ਜਾਂ ਚਾਕੂ ਨਾਲ ਘੜ ਕੇ ਅੱਗੋ ਤਿੱਖੀ ਨੋਕ ਬਣਾ ਲੈਣੀ ਬੱਸ ਇਸ ਤਰ੍ਹਾਂ ਲਿਖਣ ਲਈ ਕਲਮ ਤਿਆਰ ਹੋ ਜਾਦੀ ਸੀ। ਫੱਟੀਆਂ ਲਿਖਣ ਵੇਲੇ ਕਮੀਜ਼ ਦੀਆਂ ਬਾਹਾਂ ਲਬੇੜ ਲੈਣੀਆਂ। ਫਿਰ ਅੱਧੀ ਛੁੱਟੀ ਵੇਲੇ ਝੋਲੇ ’ਚੋ ਗਾਚੀ (ਗਾਚੀ ਇੱਕ ਮਿੱਟੀ ਦਾ ਟੁਕੜਾ ਹੁੰਦਾ ਸੀ ਜੋ ਦੁਕਾਨਾਂ ਤੋ ਮਿਲਦਾ ਹੁੰਦਾ ਸੀ।) ਕੱਢ ਕੇ ਨਲਕੇ ਦੁਆਲੇ ਬੈਠ ਕੇ ਫੱਟੀਆਂ ਪੋਚਣੀਆਂ ਤੇ ਫੇਰ ਉਸ ਨੂੰ ਹੱਥ ’ਚ ਫੜ ਹਵਾ ’ਚ ਲਹਿਰਾਉਪਦੇ ਰਹਿੰਦੇ ਤੇ ਨਾਲ ਨਾਲ ਆਖਣਾ -

ਸੂਰਜਾ, ਸੂਰਜਾ ਫੱਟੀ ਸੁਕਾ
ਨਹੀਂ ਸੁਕਾਉਣੀ, ਘਰ ਨੂੰ ਜਾਹ

ਬੱਚਿਆਂ ਦਾ ਮੰਨਣਾ ਸੀ ਕਿ ਇਸ ਤਰ੍ਹਾਂ ਕਹਿਣ ਨਾਲ ਫੱਟੀਆਂ ਛੇਤੀ ਸੁੱਕ ਜਾਂਦੀਆ ਸਨ। ਫੱਟੀ ਪੋਚਣਾ ਬੱਚਿਆਂ ਦਾ ਸਭ ਤੋ ਜਰੂਰੀ ਕੰਮ ਹੁੰਦਾ ਸੀ। ਫੱਟੀ ਸਕਾਉਣ ਤੋ ਬਾਅਦ ਦਵਾਤ ਵਿੱਚ ਸਿਆਹੀ ਦੀਆਂ ਪੁੜੀਆਂ ਤੇ ਥੋੜ੍ਹਾ ਜਿਹਾ ਪਾਣੀ ਪਾ ਆਖਣਾ-

ਆਲੇ ਵਿੱਚ ਬੇਬੇ,
ਸਿਆਹੀ ਮੇਰੀ ਲੇਬੇ

'ਲੇਬੇ’ ਭਾਵ ਸੰਘਣੀ , ਕਿਉਂਕਿ ਜੇ ਸਿਆਹੀ ਜਿਆਦਾ ਪਤਲੀ ਹੋ ਜਾਂਦੀ ਤਾਂ ਫੱਟੀ ਸੋਹਣੀ ਨਹੀਂ ਸੀ ਲਿਖੀ ਜਾਂਦੀ। ਦਵਾਤ ਵਿੱਚ ਸਿਆਹੀ ਘੋਲਣ ਤੋ ਬਾਅਦ ਬੱਚੇ ਫੱਟੀ ਉੱਤੇ ਇਕ ਪਾਸੇ ਗਿਣਤੀ ਜਾਂ ਪਹਾੜੇ ਲਿਖਦੇ ਤੇ ਦੂਜੇ ਪਾਸੇ ਜਮਾਤ ਦਾ ਮਨੀਟਰ ਕੋਈ ਪਾਠ ਬੋਲਦਾ ਤੇ ਸਾਰੇ ਬੱਚੇ ਆਪਣੀਆਂ ਫੱਟੀਆਂ ’ਤੇ ਬੜੇ ਠਰ੍ਹੰਮੇ ਤੇ ਸਲੀਕੇ ਨਾਲ ਤੱਪੜਾਂ ’ਤੇ ਬੈਠ ਕੇ ਲਿਖਦੇ ਸਨ। ਜਿਹੜਾ ਸਭ ਤੋ ਸੋਹਣੀ ਫੱਟੀ ਲਿਖਦਾ, ਉਸ ਨੂੰ ਮਾਸਟਰ-ਮਾਸਟਰਨੀਆਂ ਵੱਲੋ 'ਵੈਰੀ ਗੁੱਡ’ ਦਿੱਤੀ ਜਾਂਦੀ। ਸੋਹਣੀ ਫੱਟੀ ਲਿਖਣ ਕਰਕੇ ਇੱਕ ਨੂੰ ਵੈਰੀ ਗੁੱਡ ਮਿਲਣੀ ਤਾਂ ਸਭ ਨੇ ਉਸ ਵਰਗੇ ਬਣਨ ਦੀ ਕੋਸ਼ਿਸ ਕਰਨੀ। ਪਹਿਲਾਂ ਸਕੂਲਾਂ ਅੰਦਰ ਫੱਟੀਆਂ ’ਤੇ ਸੁੰਦਰ ਲਿਖਾਈ ਦੇ ਮੁਕਾਬਲੇ ਅਕਸਰ ਕਰਵਾਏ ਜਾਂਦੇ ਸਨ। ਤੱਪੜਾਂ ’ਤੇ ਬੈਠੇ ਨਿਆਣਿਆਂ ਦੀ ਗਾਂਚੀ, ਕਲਮ, ਦਵਾਤ ਤੇ ਫੱਟੀ ਨਾਲ ਸਭ ਤੋ ਵੱਧ ਨੇੜਤਾ ਹੁੰਦੀ ਸੀ। ਵਾਰ- ਵਾਰ ਫੱਟੀ ਲਿਖਣ ਨਾਲ ਬੱਚਿਆਂ ਦੀ ਲਿਖਾਈ ਵਿੱਚ ਬਹੁਤ ਸੁਧਾਰ ਹੁੰਦਾ ਸੀ। ਪਰ ਅੱਜ ਸਭ ਕੁੱਝ ਬਦਲਿਆ- ਬਦਲਿਆ ਨਜ਼ਰ ਆ ਰਿਹੈ। ਹੁਣ ਕਲਮਾਂ ਤੇ ਫੱਟੀਆਂ ਦੀ ਜਗ੍ਹਾ ਕਾਪੀਆਂ ਤੇ ਬਾਲ ਪੈਨਸਿਲਾਂ ਨੇ ਲੈ ਲਈ ਹੈ,ਸਲੇਟਾਂ ਦੀ ਥਾ ਬਲੈਕ ਬੋਰਡ ਤੇ ਬਲੈਕ ਬੋਰਡਾਂ ਦੀ ਥਾਂ ਹੁਣ ਲੈਪਟਾਪ ਆਉਂਦੇ ਜਾ ਰਹੇ ਨੇ। ਜਿਸ ਨਾਲ ਪੰਜਾਬੀ ਦੀ ਲਿਖਾਈ ਦੀ ਸੁੰਦਰਤਾ ਵਿਗੜਦੀ ਜਾ ਰਹੀ ਹੈ। ਬੱਚੇ ਅੱਖਰ ਲਿਖ ਜਰੂਰ ਲੈਦੇ ਹਨ ਪਰ ਉਨ੍ਹਾਂ ਨੂੰ ਅੱਖਰਾਂ ਦੀ ਸਹੀ ਬਣਾਵਟ ਦਾ ਬਿਲਕੁਲ ਪਤਾ ਨਹੀਂ ਚੱਲਦਾ। ਅੱਜ ਸਕੂਲਾਂ ਅੰਦਰ ਸੁੰਦਰ ਲਿਖਾਈ ਦੀ ਹਾਲਤ ਕਾਫੀ ਤਰਸਯੋਗ ਹੈ। ਫੱਟੀਆਂ ਵਾਲੇ ਵੇਲਿਆਂ ਦੇ ਬੱਚਿਆਂ ਦੀ ਲਿਖਾਈ ਵਿੱਚ ਤੇ ਅੱਜ ਦੇ ਬੱਚਿਆਂ ਦੀ ਲਿਖਾਈ ਜ਼ਮੀਨ -ਅਸਮਾਨ ਦਾ ਫਰਕ ਨਜਰ ਆਉਦਾ ਹੈ। ਸੋ ਲੋੜ ਹੈ, ਅੱਜ ਪੰਜਾਬ ਦੇ ਸਕੂਲਾਂ ਅੰਦਰ ਬੱਚਿਆਂ ਦੀ ਲਿਖਾਈ ਦੇ ਸੁਧਾਰ ਲਈ ਘੱਟੋ-ਘੱਟ ਪਹਿਲੀ ਤੋ ਲੈ ਕੇ ਤੀਜੀ ਜਮਾਤ ਤੱਕ ਫੱਟੀਆਂ ਲਾਜ਼ਮੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਤਾਂ ਜੋ ਬੱਚਿਆਂ ਦੀ ਵਿਗੜ ਰਹੀ ਲਿਖਾਈ ਵਿੱਚ ਸੁਧਾਰ ਕੀਤਾ ਜਾ ਸਕੇ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਮਹਿਲ ਕਲਾਂ 'ਚ ਬਸਪਾ ਦਾ ਹਾਥੀ ਰਫ਼ਤਾਰ ਫੜਨ ਲੱਗਿਆ

## ਸੈਂਕੜੇ ਮਨਰੇਗਾ ਵਰਕਰ ਬਸਪਾ 'ਚ ਹੋਏ ਸ਼ਾਮਿਲ





**ਸ਼ੇਰਪੁਰ (ਕੁਲਵੰਤ ਸਿੰਘ ਟਿੱਬਾ)** ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਬਸਪਾ ਉਮੀਦਵਾਰ ਡਾ. ਮੱਖਣ ਸਿੰਘ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਭਰਵਾਂ ਹੁੰਗਾਰਾ ਮਿਲਿਆ, ਜਦੋਂ ਬਸਪਾ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਖੇੜੀ ਅਤੇ ਬਲਾਕ ਸੰਮਤੀ ਸ਼ੇਰਪੁਰ ਦੇ ਮੈਂਬਰ ਸ੍ਰੀਮਤੀ ਜਸਵੰਤ ਕੌਰ ਦੀ ਪ੍ਰੇਰਨਾ ਸਦਕਾ ਪਿੰਡ ਖੇੜੀ ਖ਼ੁਰਦ ਅਤੇ ਖੇੜੀ ਚਹਿਲਾਂ ਨਾਲ ਸਬੰਧਿਤ ਸੈਂਕੜੇ ਮਨਰੇਗਾ ਵਰਕਰਾਂ ਨੇ ਵੱਖ ਵੱਖ ਪਾਰਟੀਆਂ ਛੱਡ ਕੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਬਸਪਾ ਵਿੱਚ ਸ਼ਾਮਿਲ ਹੋਏ ਮਨਰੇਗਾ ਵਰਕਰਾਂ ਨੂੰ ਸਨਮਾਨਿਤ ਕਰਨ ਉਪਰੰਤ ਬਸਪਾ ਉਮੀਦਵਾਰ ਡਾ. ਮੱਖਣ ਸਿੰਘ ਨੇ ਕਿਹਾ ਕਿ ਸੱਤਾਧਾਰੀ ਸ਼੍ਰੋਮਣੀ ਅਕਾਲੀ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਅਤੇ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਆਮ ਲੋਕ ਬਸਪਾ ਦਾ ਸਾਥ ਦੇਣ ਦਾ ਮਨ ਬਣਾ ਚੁੱਕੇ ਹਨ ਕਿਉਂਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਦਲਿਤ ਵਿਰੋਧੀ ਚਿਹਰਾ ਨੰਗਾ ਹੋ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਬਸਪਾ ਸਰਬ ਸਮਾਜ ਦੇ ਹਿਤਾਂ ਦੀ ਮੁੱਦਈ ਸਿਆਸੀ ਪਾਰਟੀ ਹੈ ਅਤੇ ਕਿਸਾਨਾਂ, ਮਜ਼ਦੂਰਾਂ, ਛੋਟੇ ਵਪਾਰੀਆਂ, ਦੁਕਾਨਦਾਰਾਂ ਅਤੇ ਮਜ਼ਦੂਰਾਂ ਦੇ ਹਿਤਾਂ ਲਈ ਬਚਨਬੱਧ ਹੈ। ਡਾ. ਮੱਖਣ ਸਿੰਘ ਨੇ ਕਿਹਾ ਕਿ ਬਸਪਾ ਦਾ ਹਾਥੀ ਹਲਕਾ ਮਹਿਲ ਕਲਾਂ ਅੰਦਰ ਰਫ਼ਤਾਰ ਫੜਨ ਲੱਗਿਆ ਹੈ ਅਤੇ ਇਸ ਹਲਕੇ ਤੋਂ ਬਸਪਾ ਵੱਡੀ ਜਿੱਤ ਪ੍ਰਾਪਤ ਕਰੇਗੀ। ਇਸ ਮੌਕੇ ਬਲਾਕ ਸੰਮਤੀ ਮੈਂਬਰ ਜਸਵੰਤ ਕੌਰ,ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਖੇੜੀ, ਹਲਕਾ ਪ੍ਰਧਾਨ ਮੁਕੰਦ ਸਿੰਘ ਬਧੇਸਾ,ਨੌਜਵਾਨ ਆਗੂ ਹਰਜਿੰਦਰ ਸਿੰਘ ਕੈਂਥ, ਪਵਿੱਤਰ ਸਿੰਘ, ਪ੍ਰੀਤਮ ਸਿੰਘ ਖੇੜੀ, ਗੁਲਾਬ ਕੌਰ, ਸੁਰਜੀਤ ਕੌਰ, ਗੁਰਜੰਟ ਕੌਰ, ਰਣਜੀਤ ਕੌਰ, ਨਛੱਤਰ ਸਿੰਘ ਹੇੜੀਕੇ, ਦਰਬਾਰਾ ਸਿੰਘ ਬਧੇਸਾ ਆਦਿ ਆਗੂ ਵੀ ਹਾਜ਼ਰ ਸਨ।

# ਕਾਂਗਰਸ ਛੱਡ ਕੇ ਕੌਂਸਲਰ ਬੀਬੀ ਦਵਿੰਦਰ ਕੌਰ ਬਸਪਾ 'ਚ ਸ਼ਾਮਲ, ਬੀਬੀ ਮਹਿੰਦਰ ਕੌਰ ਨੇ ਕੀਤਾ ਸਵਾਗਤ

## ਜੋ ਮਾਣ ਸਨਮਾਨ ਬੀਬੀਆਂ ਦਾ ਬਸਪਾ ਵਿੱਚ ਹੈ ਹੋਰ ਕਿਸੇ ਵੀ ਪਾਰਟੀ ਵਿੱਚ ਨਹੀਂ -ਮਹਿੰਦਰ ਕੌਰ



**ਫਗਵਾੜਾ (ਬੀ. ਕੇ. ਰੱਤੂ)–** ਮੁਹੱਲਾ ਭੀਮ ਨਗਰ ਵਿਖੇ ਲੇਡੀ ਵਿੰਗ ਬਹੁਜਨ ਸਮਾਜ ਪਾਰਟੀ ਦੀ ਮੀਟਿੰਗ ਹੋਈ। ਜਿਸ ਵਿੱਚ ਕਾਂਗਰਸ ਪਾਰਟੀ ਦੀ ਕੌਂਸਲਰ ਦਵਿੰਦਰ ਕੌਰ ਕਾਂਗਰਸ ਛੱਡ ਕੇ ਬਸਪਾ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦਾ ਬਹੁਜਨ ਸਮਾਜ ਪਾਰਟੀ ਵਿੱਚ ਆਉਣ 'ਤੇ ਬੀਬੀ ਮਹਿੰਦਰ ਕੌਰ ਹਲਕਾ ਸਕੱਤਰ ਬਸਪਾ ਹੁਸ਼ਿਆਰਪੁਰ ਵਲੋਂ ਸਵਾਗਤ ਕੀਤਾ ਗਿਆ ਅਤੇ ਬੀਬੀ ਮਹਿੰਦਰ ਕੌਰ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਜੋ ਮਾਣ ਸਨਮਾਨ ਬੀਬੀਆਂ ਦਾ ਬਸਪਾ ਵਿੱਚ ਹੈ ਹੋਰ ਕਿਸੇ ਵੀ ਪਾਰਟੀ ਵਿੱਚ ਨਹੀਂ ਹੈ। ਇਨ੍ਹਾਂ ਸਰਕਾਰਾਂ ਨੇ ਲੋਕਾਂ ਨਾਲ ਬਹੁਤ ਧੋਖੇ ਕੀਤੇ ਹਨ। ਅਕਾਲੀ ਦਲ, ਭਾਜਪਾ, ਆਮ ਆਦਮੀ ਪਾਰਟੀ ਅਤੇ ਕਾਂਗਰਸ ਇਨ੍ਹਾਂ ਸਾਰਿਆਂ ਤੋਂ ਲੋਕੀਂ ਤੰਗ ਆ ਚੁੱਕੇ ਹਨ ਤੇ ਬਹੁਜਨ ਸਮਾਜ ਪਾਰਟੀ ਦੀ ਸਰਕਾਰ 2017 'ਚ ਬਣਾਉਣਗੇ। ਮੀਟਿੰਗ ਵਿੱਚ ਪਹੁੰਚੇ ਮੁੱਖ ਮਹਿਮਾਨ ਸੁਰਿੰਦਰ ਸਿੰਘ ਸੰਧੂ, ਡਾ. ਰਤਨ ਵਿਧਾਨ ਸਭਾ ਹੁਸ਼ਿਆਰਪੁਰ, ਮਦਨ ਸਿੰਘ ਬੈਂਸ ਇੰਚਾਰਜ ਵਿਧਾਨ ਸਭਾ ਬਸਪਾ, ਜਸਪ੍ਰੀਤ ਜੱਸੀ, ਬਲਵੀਰ ਕੌਰ, ਉਰਮਿਲਾ ਦੇਵੀ, ਦਲਵੀਰ ਕੌਰ, ਸੰਤੋਸ਼ ਕੁਮਾਰੀ, ਦਲਵਿੰਦਰ ਕੌਰ, ਸ਼ਿੰਦੋ ਰਾਣੀ, ਸੁਖਵਿੰਦਰ ਕੌਰ, ਗੁਰਦੇਵ ਕੌਰ, ਨਿਰਮਲ ਕੌਰ, ਰਣਜੀਤ ਕੌਰ ਤੋਂ ਇਲਾਵਾ ਹੋਰ ਵੀ ਬਸਪਾ ਵਰਕਰ ਸ਼ਾਮਲ ਸਨ।

# ਸ਼ਹੀਦ ਸੁਖਰਾਜ ਸਿੰਘ ਦੀ ਅੰਤਿਮ ਅਰਦਾਸ 8 ਦਸੰਬਰ ਨੂੰ

**ਬਟਾਲਾ (ਬਰਨਾਲ)–** ਭਾਰਤੀ ਫੌਜ ਦੇ ਬਹਾਦਰ ਜਵਾਨ ਸ਼ਹੀਦ ਸੁਖਰਾਜ ਸਿੰਘ ਦੇ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅੰਤਿਮ ਅਰਦਾਸ 8 ਦਸੰਬਰ ਨੂੰ ਬਟਾਲਾ ਦੀ ਦਾਣਾ ਮੰਡੀ ਵਿਖੇ ਕੀਤੀ ਜਾਵੇਗੀ। ਭਾਰਤੀ ਫੌਜ ਦੇ ਜਵਾਨ ਸੁਖਰਾਜ ਸਿੰਘ ਬੀਤੀ 29 ਨਵੰਬਰ ਨੂੰ ਜੰਮੂ ਕਸ਼ਮੀਰ ਦੇ ਨਗਰੋਟਾ ਵਿਖੇ ਅੱਤਵਾਦੀਆਂ ਨਾਲ ਲੋਹਾ ਲੈਂਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ ਸਨ। ਸ਼ਹੀਦ ਸੁਖਰਾਜ ਸਿੰਘ ਵੱਲੋਂ ਦਿਖਾਈ ਗਈ



ਬਹਾਦਰੀ ਨੂੰ ਭਾਰਤੀ ਫੋਜ ਸਮੇਤ ਸਮੁੱਚੇ ਰਾਸ਼ਟਰ ਨੇ ਸਰਾਹਿਆ ਸੀ।

ਸ਼ਹੀਦ ਦੇ ਪਰਿਵਾਰਕ ਮੈਂਬਰਾਂ ਦੱਸਿਆ ਕਿ ਸ਼ਹੀਦ ਸੁਖਰਾਜ ਸਿੰਘ ਦੀ ਅੰਤਿਮ ਅਰਦਾਸ ਮਿਤੀ 8 ਦਸੰਬਰ ਨੂੰ ਦਾਣਾ ਮੰਡੀ ਬਟਾਲਾ ਵਿਖੇ 12 ਵਜੇ ਤੋਂ 2 ਵਜੇ ਤੱਕ ਹੋਵੇਗੀ।

ਇਸ ਮੌਕੇ ਸਮੁੱਚੇ ਇਲਾਕੇ, ਰਾਜਨੀਤਿਕ ਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਸ਼ਹੀਦ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਣ-

# ਪੈਸੇ ਨਾ ਮਿਲਣ 'ਤੇ ਲੋਕਾਂ ਵੱਲੋਂ ਬੈਂਕਾਂ ਅੱਗੇ ਰੋਸ ਪ੍ਰਦਰਸ਼ਨ

ਅੰਮ੍ਰਿਤਸਰ– ਲੋੜੀਂਦੀ ਮਾਤਰਾ ਵਿੱਚ ਕੈਸ਼ ਨਾ ਆਉਣ ਕਰਕੇ ਅੱਜ ਵੀ ਬੈਂਕਾਂ ਅਤੇ ਏਟੀਐਮਜ਼ ਸਾਹਮਣੇ ਲੋਕਾਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਰਹੀਆਂ ਅਤੇ ਕੁਝ ਲੋਕਾਂ ਨੂੰ ਖਾਲੀ ਹੱਥ ਘਰਾਂ ਨੂੰ ਪਰਤਣਾ ਪਿਆ। ਸ਼ਹਿਰ ਦੇ ਕਈ ਹਿੱਸਿਆਂ ਵਿੱਚ ਲੋਕਾਂ ਵੱਲੋਂ ਬੈਂਕਾਂ ਦੇ ਸਾਹਮਣੇ ਨਾਅਰੇਬਾਜ਼ੀ ਅਤੇ ਧਰਨੇ 'ਤੇ ਬੈਠਣ ਦੀਆਂ ਖ਼ਬਰਾਂ ਵੀ ਮਿਲੀਆਂ ਹਨ। ਜਾਣਕਾਰੀ ਅਨੁਸਾਰ ਸਥਾਨਕ ਤਰਨ ਤਾਰਨ ਰੋਡ ਸਥਿਤ ਦੋ ਕੌਮੀ ਬੈਂਕਾਂ ਸਾਹਮਣੇ ਲਾਈਨਾਂ ਵਿੱਚ ਖੜ੍ਹੇ ਲੋਕਾਂ ਨੇ ਉਸ ਸਮੇਂ ਸਟਾਫ ਨੂੰ ਅੰਦਰ ਡੱਕ ਕੇ ਨਾਅਰੇਬਾਜ਼ੀ ਕੀਤੀ ਜਦੋਂ ਉਨ੍ਹਾਂ ਨੂੰ ਬੈਂਕ ਮੁਲਾਜ਼ਮਾਂ ਨੇ ਕੈਸ਼ ਦੇਣ ਤੋਂ ਇਨਕਾਰ ਕਰ ਦਿੱਤਾ।

ਇਸੇ ਤਰ੍ਹਾਂ ਪੁਤਲੀਘਰ ਖੇਤਰ ਵਿੱਚ ਇੱਕ ਬੈਂਕ ਤੋਂ ਕੈਸ਼ ਨਾ ਮਿਲਣ ਤੋਂ ਦੁਖੀ ਲੋਕਾਂ ਨੇ ਰੋਸ ਪ੍ਰਦਰਸ਼ਨ ਕਰਕੇ ਬੈਂਕ ਮੈਨੇਜਰ ਅਤੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਬੈਂਕ ਮੈਨੇਜਰ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਉਹ ਵੀ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੇਖ ਕੇ ਪ੍ਰੇਸ਼ਾਨ ਹਨ।


MAJESTIC HOMES



JUST LISTED
$279,950
3201 Magicwoods Ct
Sacramento

3 Bedrooms and 2 Bathrooms - Home in Sacramento
Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. New carpet and laminte flooring. Freshly painted inside. New kitchen appliances and counters. Single story home. Court location.







SOLD
3314 Canim Ct
Antioch
3 Bedrooms and 2 Bathrooms - Home in Antioch
Cozy 3 Bedrooms, 2 bath and 2 car garage in a court location on a 6600 sqft lot. Dual pane windows. Storage shed in the backyard. Possible RV parking. Fire place in living room. Central heating and air conditioning. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



Ramesh Suman, Broker
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



Deo Raj "Dave" Singh, Realtor
BRE License - 01789784
Direct: (925)766-3280
E-mail: Dave@MajesticHomes.us



Rajbir S. Sarkaria, Realtor
BRE License - 01499991
Direct: (925)766-5784
E-mail: Raj@MajesticHomes.us

2006 A Street, Suite 219, Antioch, CA 94509
Service Excellence - Experience the Difference
WWW.MajesticHomes.US Email: Ramesh@RameshSuman.com

### ਆਈ ਕੇ ਗੁਜ਼ਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਅਤੇ ਅੰਬੇਦਕਰ ਭਵਨ ਟਰੱਸਟ ਜਲੰਧਰ ਦੁਆਰਾ

# ਅੰਬੇਦਕਰ ਭਵਨ ਜਲੰਧਰ ਵਿਖੇ ਮੁਫ਼ਤ ਕੋਚਿੰਗ ਸੈਂਟਰ ਦੇ ਤੀਜਾ ਬੈਚ ਦਾ ਉਦਾਘਟਨ

**ਫਗਵਾੜਾ (ਬੀ. ਕੇ. ਰੱਤੂ)–** ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਜੀ ਦੇ ਮਿਸ਼ਨ ਨੂੰ ਸਮਰਪਿਤ ਬੈਂਕ ਕਲਰਕ , ਪੀ.ਓ., ਐਸ ਐਸ ਸੀ , ਐੱਲ ਆਈ ਸੀ , ਅਤੇ ਰੇਲਵੇ ਵਿਚ ਸਰਕਾਰੀ ਨੌਕਰੀਆਂ ਦੀਆਂ ਪ੍ਰੀਖਿਆਂ ਦੇ ਟੈਸਟਾਂ ਵਾਸਤੇ ਲਏ ਜਾਣ ਵਾਲੇ ਇਮਤਿਹਾਨਂ ਵਾਸਤੇ ਐਸ . ਸੀ ਸਮਾਜ ਦੇ ਗਰੀਬ ਬੱਚਿਆ ਲਈ ਐਸ ਸੀ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਆਫ਼ ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਅਤੇ ਅੰਬੇਦਕਰ ਭਵਨ ਟਰੱਸਟ ਜਲੰਧਰ ਦੁਆਰਾ ਅੰਬੇਡਕਰ ਭਵਨ, ਅੰਬੇਦਕਰ ਮਾਰਗ, ਜਲੰਧਰ ਵਿਖੇ ਮੁਫ਼ਤ ਕੋਚਿੰਗ ਸੈਂਟਰ ਦਾ ਤੀਜਾ ਬੈਚ ਦਾ ਉਦਘਾਟਨ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਕਪੂਰਥਲਾ ਬੀਬੀ ਨੀਲਮ ਮਹੇ, ਜੀ. ਸੀ. ਕੌਲ (ਚੇਅਰਮੈਨ ਅੰਬੇਦਕਰ ਭਵਨ ਜਲੰਧਰ ), ਸ੍ਰੀ ਚੰਨਣ ਰਾਮ, ਸ੍ਰੀ ਐਮ ਆਰ ਸੱਲਣ (ਮੁੱਖੀ ਸੀ ਆਈ ਐੱਚ ਟੀ ਸੈਂਟਰ), ਸੰਦੀਪ ਮਹਿਮੀ (ਜਨਰਲ ਸੈਕਟਰੀ ਐਸ ਈ ਸਡਿਊਲਡ ਜਿਓ ਏ. ਪੀ ਟੀ ਯੂ), ਸ੍ਰੀ ਨਰੇਸ਼ ਕੁਮਾਰ (ਖ਼ਜ਼ਾਨਚੀ), ਸ੍ਰੀ ਜਸਵੰਤ ਰਾਏ (ਐਸ ਡੀ ਓ. ਪੀ ਐਸ ਪੀ ਸੀ ਐੱਲ ), ਸ੍ਰੀ ਪ੍ਰਸ਼ੋਤਮ ਦਾਦਰਾ (ਐਮ ਡੀ ਦਾਦਰਾ ਟਰੈਵਲਜ਼), ਡਾਕਟਰ ਸੁਦੇਸ਼ ਦਾਦਰਾ, ਆਰ ਈ ਟੀ ਡੀ. ਐਸ ਐਮ ਓ, ਸ੍ਰੀ ਪਰਮਜੀਤ ਦੁਸਾਂਝ (ਪ੍ਰਵਾਸੀ ਪੱਤਰਕਾਰ), ਸ੍ਰੀ ਹਰਲਬਾਸ ਦੁਸਾਂਝ ਅਤੇ ਸ੍ਰੀ ਚਰਨਜੀਤ ਸਿੰਘ (ਕਸਟਰਮਜ਼ ਸੈਂਟਰਲ ਐਕਸਾਈਜ਼ ਸਰਵਿਸ ), ਮਿਸ ਪ੍ਰਿਅੰਕਾ ਸੱਲਣ, ਮਿਸ ਸ਼ਿਖਾ



ਮਹੇ ਨੇ ਸਾਂਝੇ ਰੂਪ ਵਿਚ ਉਦਘਾਟਨ ਕੀਤਾ। ਇਸ ਸਮੇਂ ਸੰਦੀਪ ਮਹਿਮੀ ਨੇ ਬੋਲਦਿਆਂ ਕਿਹਾ ਕਿ ਅੱਜ ਸਾਡੇ ਸਮਾਜ ਦੇ ਗਰੀਬ ਬੱਚਿਆ ਲਈ ਸਮਾਜ ਦੇ ਨੌਕਰੀ-ਪੇਸ਼ਾ ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਗਰੀਬ ਦਲਿਤ ਬੱਚਿਆ ਦੀ ਬਾਂਹ ਫੜਨ ਤੇ ਉਹਨਾਂ ਨੂੰ ਅਜਿਹੇ ਕੋਚਿੰਗ ਸੈਂਟਰ ਖੋਹਲ ਕੇ ਬੱਚਿਆਂ ਦੀ ਅਕਾਦਮਿਕ ਤੌਰ, ਬੌਧਿਕ ਤੌਰ ਤੇ ਮਦਦ ਕੀਤੀ ਜਾਵੇ। ਤਾਂ ਕਿ ਇਹ ਗਰੀਬ ਬੱਚੇ ਸਧਾਰਨ ਸਕੂਲਾਂ ਵਿਚ ਪੜ੍ਹਨ ਦੀ ਘਾਟ ਨੂੰ ਇੱਥੇ ਪੂਰਿਆ ਕਰ ਸਕਣ । ਸੰਦੀਪ ਮਹਿਮੀ ਨੇ ਅੱਗੇ ਕਿਹਾ ਕਿ ਅਸੀਂ ਹਮੇਸ਼ਾ ਹੀ ਆਪਣੇ ਸਮਾਜ ਦੇ ਗਰੀਬ ਬੱਚਿਆ ਲਈ ਖੜ੍ਹੇ ਹਾਂ। ਉਹਨਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਸਮੇਂ ਪ੍ਰੋ: ਜੀ. ਸੀ. ਕੌਲ (ਚੇਅਰਮੈਨ ਅੰਬੇਡਕਰ ਭਵਨ ਟਰੱਸਟ) ਨੇ ਬੋਲਦਿਆਂ ਕਿਹਾ ਕਿ ਸਾਡੇ ਦਲਿਤ ਸਮਾਜ ਦੇ ਪੜ੍ਹੇ ਲਿਖੇ ਨੌਜਵਾਨਾ ਨੂੰ ਰੋਜ਼ਗਾਰ ਪ੍ਰਾਪਤੀ ਦੇ ਲਈ ਵੱਧ ਤੋਂ ਵੱਧ ਉਚੇਰੀ ਸਿੱਖਿਆ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਘਰਾਂ ਦਾ ਸਹਾਰਾ ਬਣ ਸਕਣ। ਉਹਨਾਂ ਨੇ ਕਿਹਾ ਕਿ ਨਾਲ ਹੀ ਦਲਿਤਾਂ ਨੂੰ ਅੰਧ-ਵਿਸ਼ਵਾਸ਼ਾਂ ਤੋਂ ਛੁਟਕਾਰਾ ਪਾਕੇ ਆਪਣੇ ਆਪਣੇ ਬੱਚਿਆ ਦੀ ਸਿੱਖਿਆ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹੀ ਡਾ ਅੰਬੇਡਕਰ ਸਾਹਿਬ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੋਵੇਗੀ। ਇਸ ਸਮੇਂ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਸ੍ਰੀਮਤੀ ਨੀਲਮ ਮਹੇ ਨੇ ਬੋਲਦਿਆਂ ਬੱਚਿਆ ਨੂੰ ਨੌਕਰੀਆਂ ਵਾਸਤੇ ਲਏ ਜਾਂਦੇ ਟੈਸਟਾਂ ਦੀ ਤਿਆਰੀ ਕਿਵੇਂ ਕਰੀਦੀ ਹੈ ਉਸ ਦੇ ਗੁਰੂ ਮੰਤਰ ਦੱਸੇ। ਉਹਨਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਉਹ ਰੋਜ਼ਾਨਾ ਆਪਣੇ ਜਿੰਦਗੀ ਦਾ ਹਿਸਾ ਬਣਾਊਂਣਾ ਕਿ ਮੈਗਜ਼ੀਨ ਨੂੰ ਪੜ੍ਹਨਾ, ਅੰਗਰੇਜ਼ੀ ਦੀਆਂ ਅਖ਼ਬਾਰਾਂ ਨੂੰ ਰੋਜ਼ਾਨਾ ਪੜ੍ਹਨਾ ਅਤੇ ਵੱਖ ਵੱਖ ਵਿਸ਼ਿਆਂ ਉੱਤੇ ਆਪਸ ਵਿਚ ਵਿਚਾਰ ਚਰਚਾ ਕਰਨੀ। ਤੇ ਘੱਟੋ ਘੱਟ ਦਿਨ ਵਿਚ 15 ਘੰਟੇ ਜਰੂਰ ਪੜ੍ਹੋ ਤਦੇ ਹੀ ਸਫ਼ਲਤਾ ਤੁਹਾਡੇ ਪੱਲੇ ਪੈ ਸਕਦੀ ਹੈ। ਇਸ ਸਮੇਂ ਦਾਦਰਾ ਟਰੈਵਲਜ਼ ਦੇ ਡਾਇਰੈਕਟਰ ਸ੍ਰੀ ਪ੍ਰਸ਼ੋਤਮ ਦਾਦਰਾ ਨੇ ਟਰੱਸਟ ਨੂੰ ਮਾਲੀ ਤੌਰ ਤੇ 60 ਹਜ਼ਾਰ ਰੁਪਏ ਦਿੱਤੇ।







ਗੋਮਤੀ ਨਗਰ ਲਖਨਊ ਵਿਖੇ ਆਯੋਜਿਤ ਸਮਾਰੋਹ ਦਰਮਿਆਨ ਕੁਮਾਰੀ ਮਾਇਆਵਤੀ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਸਬੰਧੀ ਆਯੋਜਿਤ ਸਮਾਰੋਹ ਨੂੰ ਸੰਬੋਧਿਤ ਕਰਦੇ ਹੋਏ।
ਇਸ ਦਰਮਿਆਨ ਉਤਰ ਪ੍ਰਦੇਸ਼ ਦੇ ਸਾਰੇ ਜ਼ਿਲ੍ਹਾ ਪੱਧਰ ਉਤੇ ਡਾ. ਅੰਬੇਡਕਰ ਪ੍ਰੀਨਿਰਵਾਣ ਦਿਵਸ ਮਨਾਉਣ ਦਾ ਐਲਾਨ ਕੀਤਾ ਗਿਆ। *ਤਸਵੀਰਾਂ ਅਤੇ ਜਾਣਕਾਰੀ- ਡਾ. ਸੁਰੇਸ਼ (ਲਖਨਊ)*

## ਲੇਬਰ ਪਾਰਟੀ ਦੇ ਮਾਈਕਲ ਵੁੱਡ ਸੰਸਦੀ ਚੋਣ ਜਿੱਤੇ, ਨੈਸ਼ਨਲ ਪਾਰਟੀ ਦੀ ਡਾ. ਪਰਮਜੀਤ ਪਰਮਾਰ ਹਾਰੀ

**ਆਕਲੈਂਡ– (ਹਰਜਿੰਦਰ ਸਿੰਘ ਬਸਿਆਲਾ)–** ਮਾਊਂਟ ਰੌਸਕਿਲ ਹਲਕੇ ਤੋਂ ਮੈਂਬਰ ਪਾਰਲੀਮੈਂਟ (ਸਾਂਸਦ) ਦੀ ਜ਼ਿਮਨੀ ਚੋਣ ਦੇ ਵਿਚ ਨਿਊਜ਼ੀਲੈਂਡ ਲੇਬਰ ਪਾਰਟੀ (ਵਿਰੋਧੀ ਧਿਰ) ਦੇ ਉਮੀਦਵਾਰ ਸ੍ਰੀ ਮਾਈਕਲ ਵੁੱਡ ਚੋਣ ਜਿੱਤ ਗਏ ਹਨ। ਉਨ੍ਹਾਂ ਸੱਤਾਧਾਰ ਨੈਸ਼ਨਲ ਪਾਰਟੀ ਦੀ ਉਮੀਦਵਾਰ ਡਾ. ਪਰਮਜੀਤ ਕੌਰ ਪਰਮਾਰ ਨੂੰ 6518 ਵੋਟਾਂ ਦੇ ਵੱਡੇ ਫਰਕ ਨਾਲ ਹਰਾ ਦਿੱਤਾ। ਇਹ ਉਹ ਹਲਕਾ ਹੈ ਜਿੱਥੇ ਹਮੇਸ਼ਾਂ ਹੀ ਲੇਬਰ ਪਾਰਟੀ ਦੇ ਉਮੀਦਵਾਰ ਜਿਤਦੇ ਰਹੇ ਹਨ। ਸ੍ਰੀ ਮਾਈਕਲ ਵੁੱਡ ਨੂੰ 11,170 ਵੋਟਾਂ ਪਈਆਂ ਜਦ ਕਿ ਡਾ. ਪਰਮਾਰ ਨੂੰ 4652 ਵੋਟਾਂ ਹੀ ਪਈਆਂ। ਇਕ ਹੋਰ ਭਾਰਤੀ ਸ੍ਰੀ ਰੌਸ਼ਨ ਨੌਹਰੀਆ ਜਿਨ੍ਹਾਂ ਨੇ ਆਪਣੀ ਹੀ 'ਦਾ ਪੀਪਲ ਪਾਰਟੀ' ਬਣਾਈ ਸੀ ਸਿਰਫ 709 ਵੋਟਾਂ ਹੀ ਲੈ ਸਕੇ, ਪਰ ਫਿਰ ਵੀ ਉਹ ਤੀਜੇ ਨੰਬਰ ਉਤੇ ਰਹਿ ਗਏ। ਇਸ ਜ਼ਿਮਨੀ ਚੋਣ ਦੇ ਵਿਚ ਵੋਟਾਂ ਬਹੁਤ ਘੱਟ ਲੋਕਾਂ ਨੇ ਪਾਈਆਂ ਹਨ। 2014 ਦੀਆਂ ਆਮ ਚੋਣਾਂ ਵਿਚ ਇਸ ਹਲਕੇ ਤੋਂ ਲਗਪਗ ਕੁੱਲ 33000 ਵੋਟਾਂ ਪਈਆਂ ਸਨ ਪਰ ਇਸ ਵਾਰ ਸਿਰਫ 16857 ਵੋਟਾਂ ਹੀ ਪੋਲ ਹੋਈਆਂ। ਇਸ ਮੁਕਾਬਲੇ ਵਿਚ ਚਾਰ ਹੋਰ ਉਮੀਦਵਾਰ ਸਨ ਜਿਨ੍ਹਾਂ ਨੂੰ ਕ੍ਰਮਵਾਰ, 125, 79, 40 ਤੇ 32 ਹੀ ਪਈਆਂ। ਜਿੱਤੇ ਅਤੇ ਹਾਰੇ ਉਮੀਦਵਾਰਾਂ ਨੇ ਆਪਣੇ ਵੋਟਰਾਂ ਦਾ ਧੰਨਵਾਦ ਕੀਤਾ ਹੈ।



## ਲੱਖਾਂ ਲੋਕਾਂ ਵੱਲੋਂ ਜੈਲਲਿਤਾ ਨੂੰ ਹੰਝੂਆਂ ਭਰੀ ਅੰਤਿਮ ਵਿਦਾਈ

**ਚੇਨਈ–** ਤਾਮਿਲ ਨਾਡੂ ਦੀ ਕ੍ਰਿਸ਼ਮਈ ਮੁੱਖ ਮੰਤਰੀ ਜੇ. ਜੈਲਲਿਤਾ ਨੂੰ ਇਥੇ ਲੱਖਾਂ ਵਿਲਕਦੇ ਲੋਕਾਂ ਨੇ ਹੰਝੂਆਂ ਭਰੀ ਅੰਤਿਮ ਵਿਦਾਇਗੀ ਦਿੱਤੀ। ਆਪਣੇ ਗ਼ਰੀਬ-ਪੱਖੀ ਅਕਸ ਸਦਕਾ ਤਿੰਨ ਦਹਾਕਿਆਂ ਤੱਕ ਸੂਬੇ ਦੀ ਸਿਆਸਤ ਉਤੇ ਛਾਈ ਰਹੀ ਅੰਨਾ ਡੀਐਮਕੇ ਮੁਖੀ ਬੀਬੀ ਜੈਲਲਿਤਾ (68 ਸਾਲ) ਨੂੰ ਪੂਰੇ ਸਰਕਾਰੀ ਸਨਮਾਨਾਂ ਨਾਲ ਇਥੇ ਸਪੁਰਦ-ਏ-ਖ਼ਾਕ ਕੀਤਾ ਗਿਆ। ਉਨ੍ਹਾਂ ਕਰੀਬ 75 ਦਿਨ ਮੌਤ ਨਾਲ ਜੂਝਣ ਤੋਂ ਬਾਅਦ ਸੋਮਵਾਰ ਰਾਤ ਕਰੀਬ 11.30 ਵਜੇ ਇਥੇ ਇਕ ਨਿਜੀ ਹਸਪਤਾਲ ਵਿੱਚ ਆਖ਼ਰੀ ਸਾਹ ਲਿਆ। ਰਾਸ਼ਟਰਪਤੀ ਪ੍ਰਣਬ ਮੁਖਰਜੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ, ਕੇਂਦਰੀ ਮੰਤਰੀ ਐਮ. ਵੈਂਕਈਆ ਨਾਇਡੂ, ਨਵੇਂ ਬਣੇ ਮੁੱਖ ਮੰਤਰੀ ਓ. ਪਨੀਰਸੇਲਵਮ, ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀਆਂ, ਰਾਜਪਾਲ ਵਿਦਿਆਸਾਗਰ ਰਾਓ, ਡੀਐਮਕੇ ਆਗੂ ਐਮ.ਕੇ. ਸਟਾਲਿਨ ਅਤੇ ਸੁਪਰਸਟਾਰ ਰਜਨੀਕਾਂਤ ਉਨ੍ਹਾਂ ਨੂੰ ਅੰਤਿਮ ਸ਼ਰਧਾਂਜਲੀ ਦੇਣ ਵਾਲਿਆਂ ਵਿੱਚ ਸ਼ਾਮਲ ਸਨ। ਉਨ੍ਹਾਂ ਦੀ ਪੱਕੀ ਸਹੇਲੀ ਸ਼ਸ਼ਕਲਾ ਨਟਰਾਜਨ ਸਾਰਾ ਦਿਨ ਮ੍ਰਿਤਕ ਦੇਹ ਕੋਲ ਬੈਠੀ ਰਹੀ ਤੇ ਉਨ੍ਹਾਂ ਨੇ ਹੀ ਬੀਬੀ ਜੈਲਲਿਤਾ ਦੀਆਂ ਸਾਰੀਆਂ ਅੰਤਿਮ ਰਸਮਾਂ ਨਿਭਾਈਆਂ।

## 'ਆਪ' ਅਤੇ ਇਨਸਾਫ ਪਾਰਟੀ ਦੀ ਹੋਈ ਸਾਂਝੀ ਮੀਟਿੰਗ

**ਫਗਵਾੜਾ (ਰੱਤੂ)–** ਆਮ ਆਦਮੀ ਪਾਰਟੀ ਯੂਥ ਵਿੰਗ ਅਤੇ ਬੈਂਸ ਭਰਾਵਾਂ ਦੀ ਅਗਵਾਈ ਵਾਲੀ ਇਨਸਾਫ ਪਾਰਟੀ ਦੀ ਇਕ ਸਾਂਝੀ ਮੀਟਿੰਗ ਸਥਾਨਕ ਫ੍ਰੈਂਡਜ਼ ਕਲੋਨੀ ਵਿਖੇ ਹੋਈ। ਜਿਸ ਵਿਚ ਆਮ ਆਦਮੀ ਪਾਰਟੀ ਸਰਕਲ ਫਗਵਾੜਾ ਦੇ ਫੰਡ ਰੇਜਿੰਗ ਇੰਚਾਰਜ ਪ੍ਰਿੰਸੀਪਲ ਨਿਰਮਲ ਸਿੰਘ (ਸੇਵਾ ਮੁਕਤ) ਵਿਸ਼ੇਸ਼ ਤੌਰ ਤੇ ਪੁੱਜੇ। ਮੀਟਿੰਗ ਦੌਰਾਨ ਫਗਵਾੜਾ ਦੀਆਂ ਸਿਆਸੀ ਸਰਗਰਮੀਆਂ ਬਾਰੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਕੇਂਦਰ ਸਰਕਾਰ ਦੀ ਨੋਟਬੰਦੀ ਨਾਲ ਲੋਕਾਂ ਨੂੰ ਹੋ ਰਹੀ ਪਰੇਸ਼ਾਨੀ ਬਾਰੇ ਵੀ ਚਰਚਾ ਕੀਤੀ ਗਈ। ਪ੍ਰਿੰ. ਨਿਰਮਲ ਸਿੰਘ ਨੇ ਕਿਹਾ ਕਿ 'ਆਪ' ਭ੍ਰਿਸ਼ਟਾਚਾਰ ਜਾਂ ਕਾਲੇ ਧੰਨ ਦੇ ਖਿਲਾਫ ਨੂੰ ਖਤਮ ਕਰਨ ਲਈ ਸਰਕਾਰ ਵਲੋਂ ਕੀਤੇ ਹਰ ਉਪਰਾਲੇ ਦਾ ਸਮਰਥਨ ਕਰਦੀ ਹੈ ਪਰ ਆਮ ਲੋਕਾਂ ਨੂੰ ਪਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ। ਨੋਟਬੰਦੀ ਲਾਗੂ ਹੋਣ ਦੇ 24 ਦਿਨ ਬਾਅਦ ਵੀ ਗਰੀਬ ਆਦਮੀ ਬੈਂਕਾਂ ਦੇ ਬਾਹਰ ਲਾਇਨ ਵਿੱਚ ਧੱਕੇ ਖਾਣ ਨੂੰ ਮਜਬੂਰ ਹੈ। ਸਰਕਾਰ ਨੇ ਲੋਕਾਂ ਦੀ ਮੁਸ਼ਕਲ ਦੂਰ ਕਰਨ ਲਈ ਕੋਈ ਢੁਕਵਾਂ ਕਦਮ ਨਹੀਂ ਚੁੱਕਿਆ। ਹੁਣ ਸੋਨਾ ਰੱਖਣ ਦੀ ਲਿਮਿਟ ਤੈਅ ਕਰਕੇ ਨੌਕਰਸ਼ਾਹੀ ਨੂੰ ਭ੍ਰਿਸ਼ਟਾਚਾਰ ਕਰਨ ਅਤੇ ਆਮ ਜਨਤਾ ਨੂੰ ਬਿਨਾ ਵਜ੍ਹਾ ਪਰੇਸ਼ਾਨ ਕਰਨ ਦਾ ਇਕ ਹੋਰ ਮੋਕਾ ਦੇ ਦਿੱਤਾ ਗਿਆ ਹੈ ਜੋ ਨਿੰਦਣਯੋਗ ਹੈ। ਕੇਂਦਰ ਸਰਕਾਰ ਵਲੋਂ 5 ਸੂਬਿਆਂ ਦੀਆਂ ਹੋਣ ਵਾਲੀਆਂ ਵੋਟਾਂ 'ਚ ਸਿਆਸੀ ਲਾਭ ਲੈਣ ਲਈ ਹਰ ਕਦਮ ਜਲਦਬਾਜੀ ਵਿਚ ਬਿਨਾ ਕਿਸੇ ਠੋਸ ਨੀਤੀ ਦੇ ਚੁੱਕਿਆ ਜਾ ਰਿਹਾ ਹੈ ਅਤੇ ਲੋਕ ਪਰੇਸ਼ਾਨ ਹੋ ਰਹੇ ਹਨ। ਉਹਨਾਂ ਦੱਸਿਆ ਕਿ 4 ਦਸੰਬਰ ਸ਼ਾਮ 4 ਵਜੇ ਪੁਰਾਣੀ ਦਾਣਾ ਮੰਡੀ ਬੈਕ ਸਾਇਡ ਮੋਹਨ ਫਾਸਟ ਫੂਡ ਵਿਖੇ ਲੋੜਵੰਦਾਂ ਨੂੰ ਸਰਦੀ ਤੋਂ ਰਾਹਤ ਪਹੁੰਚਾਉਣ ਲਈ ਕੰਬਲ ਵੰਡ ਸਮਾਗਮ ਕੀਤਾ ਜਾਵੇਗਾ ਜਿਸ ਵਿਚ ਇਨਸਾਫ ਪਾਰਟੀ ਦੇ ਮੁਖੀ ਅਤੇ ਵਿਧਾਇਕ ਸ. ਸਿਮਰਜੀਤ ਸਿੰਘ ਬੈਂਸ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣਗੇ।



ਉਹਨਾਂ ਸਮੂਹ 'ਆਪ' ਅਤੇ ਇਨਸਾਫ ਪਾਰਟੀ ਵਲੰਟਿਅਰਾਂ ਨੂੰ ਪੁਰਜੋਰ ਅਪੀਲ ਕੀਤੀ ਕਿ ਸਮਾਗਮ ਵਿਚ ਵੱਧ ਤੋਂ ਵੱਧ ਹਾਜਰੀ ਲਗਵਾ ਕੇ ਸ. ਬੈਂਸ ਦੇ ਵਿਚਾਰ ਸੁਣਨ। ਇਸ ਮੋਕੇ ਇਨਸਾਫ ਪਾਰਟੀ ਦੇ ਯੂਥ ਇੰਚਾਰਜ ਕਰਨ ਡੱਬ, ਆਮ ਆਦਮੀ ਪਾਰਟੀ ਯੂਥ ਵਿੰਗ ਦੇ ਇੰਚਾਰਜ ਗੁਰਸ਼ਰਨ ਸਿੰਘ, ਯਾਦਵਿੰਦਰ ਹੈਰੀ, ਜਸਕਰਨ ਸਿੰਘ, ਅੰਕੁਰ ਸ਼ਰਮਾ, ਗੁਰਪ੍ਰੀਤ ਢਿੱਲੋਂ ਆਦਿ ਵੀ ਹਾਜਰ ਸਨ।




# 'ਇਨਸਾਨੀਅਤ ਦਾ ਫਰਜ਼' ਸੰਸਥਾ ਵੱਲੋਂ ਲੋੜਵੰਦ ਬੱਚਿਆਂ ਨੂੰ ਪੜ੍ਹਨ-ਲਿਖਣ ਸਮੱਗਰੀ ਵੰਡੀ

**ਮੁੱਲਾਂਪੁਰ ਦਾਖਾ–** ਇੱਥੋਂ ਥੋੜ੍ਹੀਦੂਰ ਸਮਾਜ ਸੇਵੀ ਸੰਸਥਾ 'ਇਨਸਾਨੀਅਤ ਦਾ ਫਰਜ਼' ਵੱਲੋਂ ਪਿੰਡ ਭਨੋਹੜ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਗਰੀਬ ਤੇ ਲੋੜਵੰਦ ਬੱਚਿਆਂ ਨੂੰ ਪੜ੍ਹਨ-ਲਿਖਣ ਲਈ ਕਾਪੀਆਂ ਅਤੇ ਲਿਖਣ ਸਮੱਗਰੀ ਵੰਡੀ ਗਈ। ਪਿੰਡ ਦੇ ਸਕੂਲ ਵਿਚ ਹੋਏ ਸਮਾਗਮ ਵਿਚ ਸੰਸਥਾ ਦੇ ਸੰਚਾਲਕ ਅਤੇ ਬਾਲ ਕਹਾਣੀ ਲੇਖਿਕਾ ਵੀਰਪਾਲ ਕੌਰ ਸਫਰੀ, ਬਾਲ ਲੇਖਕਾ ਸਰੋਜ, ਪ੍ਰਸਿੱਧ ਕਹਾਣੀਕਾਰ ਤੇ 'ਕਹਾਣੀ ਧਾਰਾ' ਮੈਗਜ਼ੀਨ ਦੇ ਸੰਪਾਦਕ, ਪਰਵਾਜ਼ ਪ੍ਰਕਾਸ਼ਨ ਦੇ ਮਾਲਕ ਭਗਵੰਤ ਰਸੂਲਪੁਰੀ, ਪਿੰਡ ਦੇ ਸਾਬਕਾ ਸਰਪੰਚ ਰਵਿੰਦਰ ਸਿੰਘ, ਪੰਚਾਇਤ ਮੈਂਬਰ ਬੂਟਾ ਸਿੰਘ, ਪੰਚ ਹਰਪਾਲ ਸਿੰਘ, ਪ੍ਰਧਾਨ ਸਰਬਜੀਤ ਸਿੰਘ, ਠੇਕੇਦਾਰ ਮਨਜਿੰਦਰ



ਸਿੰਘ, ਨਛੱਤਰ ਸਿੰਘ, ਸਕੂਲ ਪ੍ਰਿੰਸੀਪਲ ਪਲਵਿੰਦਰ ਕੌਰ ਅਤੇ ਸਕੂਲ ਦੇ ਬਾਕੀ ਅਧਿਆਪਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਵੀਰਪਾਲ ਕੌਰ ਸਫਰੀ ਨੇ ਸੰਸਥਾ ਦੇ ਕਾਰਜ ਤੇ ਉਦੇਸ਼ ਸਾਂਝੇ ਕਰਦਿਆਂ ਕਿਹਾ ਕਿ ਸੰਸਥਾ ਦਾ ਮੁੱਖ ਉਦੇਸ਼ ਪੜ੍ਹਨ ਵਾਲੇ ਗਰੀਬ ਤੇ ਲੋੜਵੰਦ ਬੱਚਿਆਂ ਨੂੰ ਪੜ੍ਹਨ ਲਈ ਉਤਸ਼ਾਹਿਤ ਕਰਨਾ ਹੈ ਤੇ ਸਮੇਂ-ਸਮੇਂ ਉਨ੍ਹਾਂ ਦੀ ਵਿੱਤੀ ਸਹਾਇਤਾ ਕਰਨਾ ਹੈ। ਸਾਬਕਾ ਸਰਪੰਚ ਰਵਿੰਦਰ ਸਿੰਘ ਨੇ ਸੰਸਥਾ ਦੇ ਇਸ ਕਾਰਜ ਦੀ ਤਾਰੀਫ ਕੀਤੀ। ਸਰੋਜ ਨੇ ਬੱਚਿਆਂ ਨੂੰ ਪੜ੍ਹਨ ਦੀ ਪ੍ਰੇਰਨਾ ਦਿੱਤੀ।

ਭਗਵੰਤ ਰਸੂਲਪੁਰੀ ਨੇ ਵਿੱਦਿਆ ਦੀ ਮਹੱਤਤਾ ਬਾਰੇ ਅਤੇ ਬੱਚਿਆਂ ਨੂੰ ਚੰਗੇ ਇਨਸਾਨ ਬਣਨ ਲਈ ਉਤਸ਼ਾਹਿਤ ਕੀਤਾ।

ਬਾਕੀ ਪਹੁੰਚੇ ਹੋਏ ਬੁਲਾਰਿਆਂ ਨੇ ਮਨੁੱਖੀ ਜ਼ਿੰਦਗੀ ਵਿਚ ਵਿੱਦਿਆ ਪ੍ਰਾਪਤੀ ਕਰਨ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਬੱਚਿਆਂ ਨੂੰ ਪ੍ਰੇਰਨਾ ਦਿੱਤੀ। ਅੰਤ ਵਿਚ ਸਕੂਲ ਪ੍ਰਿੰਸੀਪਲ ਨੇ ਸੰਸਥਾ ਦੇ ਪ੍ਰਬੰਧਕਾਂ ਦਾ ਤੇ ਪਿੰਡ ਦੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।

**– ਵੀਰਪਾਲ ਕੌਰ ਸਫਰੀ**

# ਸ੍ਰੀ ਖੁਰਾਲਗੜ੍ਹ ਵਿਖੇ ਸਕੂਲ ਸਟਾਫ ਅਤੇ ਵਿਦਿਆਰਥੀਆਂ ਦਾ ਵਿਦਿਅਕ ਟੂਰ

**ਖੁਰਾਲਗੜ੍ਹ ਸਾਹਿਬ–** ਲਵਲੀ ਪਬਲਿਕ ਸਕੂਲ ਪਠਲਾਵਾ ਵੱਲੋਂ ਸ੍ਰੀ ਖੁਰਾਲਗੜ੍ਹ ਸਾਹਿਬ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਾਰਮਿਕ ਅਸਥਾਨ 'ਤੇ ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਵਿੱਦਿਅਕ ਟੂਰ ਲਗਾਇਆ ਗਿਆ। ਇਸ ਵਿਚ ਅੱਠ ਸਟਾਫ ਮੈਂਬਰ ਅਤੇ 53 ਵਿਦਿਆਰਥੀਆਂ ਨੇ ਗੁਰਦੁਆਰਾ ਸਾਹਿਬ ਵਿਖੇ ਮੱਥਾ



ਟੇਕਿਆ। ਸਟਾਫ ਮੈਂਬਰ ਪ੍ਰਿੰਸੀਪਲ ਸਾਹ ਮੁਹੰਮਦ, ਵਾਈਸ ਪ੍ਰਿੰਸੀਪਲ ਮੈਡਮ ਮਜੀਦਾ, ਮੈਡਮ ਪਰਮਜੀਤ ਕੌਰ, ਸੋਨੀਆ, ਪ੍ਰੀਤੀ, ਰਾਜਵਿੰਦਰ ਕੌਰ, ਮਨਪ੍ਰੀਤ ਕੌਰ, ਰਮਨਦੀਪ ਆਦਿ ਸਟਾਫ ਮੈਂਬਰ ਹਾਜ਼ਰ ਸਨ। ਇਸ ਮੌਕੇ ਪ੍ਰਬੰਧਕ ਕਮੇਟੀ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਦੇ ਪ੍ਰਬੰਧਕਾਂ ਪ੍ਰਧਾਨ ਕੇਵਲ ਕੁਮਾਰ ਸੂਦ, ਕੈਸ਼ੀਅਰ ਰਣਜੀਤ ਸਿੰਘ ਸੂਦ, ਸੈਕਟਰੀ ਵਿਨੋਦ ਕੁਮਾਰ ਸੂਦ, ਸਰਪ੍ਰਸਤ ਬਖਸ਼ੀ ਰਾਮ ਸੂਦ ਅਤੇ ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਨਰੇਸ ਸਿੰਘ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਸਵਾਗਤ ਕੀਤਾ।

# 'ਬੇਟੀ ਬਚਾਓ ਬੇਟੀ ਪੜ੍ਹਾਓ' ਦੇ ਤਹਿਤ ਘੱਲ ਕਲਾਂ ਵਿਚ ਹੋਇਆ ਸਮਾਗਮ

**ਘੱਲ ਕਲਾਂ–** ਪਿੰਡ ਘੱਲ ਕਲਾਂ ਵਿਖੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਪੰਜਾਬ ਵੱਲੋਂ 'ਬੇਟੀ ਬਚਾਓ, ਬੇਟੀ ਪੜ੍ਹਾਓ' ਤਹਿਤ ਐਸ. ਡੀ. ਐਮ. ਮੋਗਾ ਚਰਨਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਨੂੰ ਮੁੱਖ ਰੱਖਦਿਆਂ ਸਰਕਾਰੀ ਪ੍ਰਾਇਮਰੀ ਸਕੂਲ ਲੜਕੀਆਂ ਵਿਚ ਸਮਾਗਮ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂ-ਆਤ ਸਕੂਲੀ ਬੱਚੀਆਂ ਵੱਲੋਂ ਧਾਰਮਿਕ ਸ਼ਬਦ ਗਾ ਕੇ ਕੀਤੀ ਗਈ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਪ੍ਰਭਜੋਤ ਸਿੰਘ ਸੀ. ਡੀ. ਪੀ. ਓ. ਮੋਗਾ-2 ਰਾਣਾ ਗੁਰਬਿੰਦਰ ਕੌਰ ਅਤੇ ਕੁਲਵੰਤ ਕੌਰ ਨੇ ਕਿਹਾ ਕਿ ਲੜਕੀਆਂ ਨੂੰ ਜਨਮ ਲੈਣ ਦਾ ਪੂਰਾ ਅਧਿਕਾਰ ਹੈ। ਲੜਕਿਆਂ ਦੇ ਬਰਾਬਰ ਸਿੱਖਿਆ ਲੈਣ ਦਾ ਅਧਿਕਾਰ, ਮਨੋਰੰਜਨ ਦਾ ਅਧਿਕਾਰ, ਖੇਡਣ ਦਾ ਅਧਿਕਾਰ, ਯੋਗ





ਨਾਗਰਿਕ, ਸਰਬਪੱਖੀ ਵਿਕਾਸ ਕਰਨ ਦਾ ਅਧਿਕਾਰ, ਪਹਿਲੀ ਤੋਂ ਅੱਠਵੀਂ ਕਲਾਸ ਤੱਕ ਮੁਫਤ ਸਿੱਖਿਆ ਦੇ ਅਧਿਕਾਰ ਹਨ। ਉਹਨਾਂ ਕਿਹਾ ਕਿ ਸਾਨੂੰ ਲੜਕੀਆਂ ਤੇ ਲੜਕਿਆਂ ਵਿਚ ਕੋਈ ਫਰਕ ਨਹੀਂ ਕਰਨਾ ਚਾਹੀਦਾ। ਇਸ ਮੌਕੇ ਕੁਲਵੰਤ ਕੌਰ ਨੇ ਭਰੂਣ ਹੱਤਿਆ 'ਤੇ ਕਵਿਤਾ ਪੜ੍ਹੀ। ਦੋ ਲੜਕੀਆਂ ਵਾਲੀਆਂ ਮਾਵਾਂ ਨੂੰ ਹੌਸਲਾ ਵਧਾਊ ਤੋਹਫੇ ਵੰਡੇ ਗਏ ਅਤੇ ਕੇਕ ਕੱਟਿਆ ਗਿਆ। ਸਟੇਜ ਸਕੱਤਰ ਦੀ ਡਿਊਟੀ ਗੁਰਮੀਤ ਕੌਰ ਨੇ ਬਾਖੂਬੀ ਨਿਭਾਈ। ਇਸ ਮੌਕੇ ਸਰਪੰਚ ਸੁਰਜੀਤ ਕੌਰ, ਚੇਅਰਪਰਸਨ ਹਰਬੰਸ ਕੌਰ, ਸਾਬਕਾ ਸਰਪੰਚ ਗੁਰਨਾਮ ਸਿੰਘ, ਸਾਬਕਾ ਸਰਪੰਚ ਕੌਰ, ਬਲਜਿੰਦਰ ਸਿੰਘ, ਆਂਗਨਵਾੜੀ ਵਰਕਰ ਪ੍ਰੀਤਮ ਕੌਰ, ਸੁਖਵਿੰਦਰ ਕੌਰ, ਸੁਪਰਵਾਈਜ਼ਰ ਅਮਨਦੀਪ ਕੌਰ, ਸਕੂਲ ਮੁਖੀ ਜਸਵਿੰਦਰ ਸਿੰਘ ਸਾਹੋਕੇ, ਸਮੂਹ ਆਂਗਨ-ਵਾੜੀ ਵਰਕਰ, ਹੈਲਪਰ, ਹਸਪਤਾਲ ਦਾ ਸਮੂਹ ਸਟਾਫ , ਪਿੰਡ ਦੇ ਪਤਵੰਤੇ ਅਤੇ ਬੱਚੇ ਵੱਡੀ ਗਿਣਤੀ ਵਿਚ ਮੌਜੂਦ ਸਨ। **–ਡਾ ਬਲਾਰਜ ਜੱਖੂ**

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪਾਂਸ਼ਟਾ ਵਿਖੇ ਕਾਂਸ਼ੀ ਰਾਮ ਦੇ ਮਿਸ਼ਨ ਨੂੰ ਸਮਰਪਿਤ ਅੱਖਾਂ ਦਾ ਮੁਫਤ ਚੈਕਅਪ ਅਤੇ ਆਪ੍ਰੇਸ਼ਨ ਕੈਂਪ ਲਗਾਇਆ

**ਫਗਵਾੜਾ (ਬੀ. ਕੇ. ਰੱਤੂ)–** ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਵੈਲਫੇਅਰ ਐਸੋਸੀਏਸ਼ਨ (ਰਜਿ.) ਇਟਲੀ ਵਲੋਂ ਬਸਪਾ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਦੇ ਮਿਸ਼ਨ ਨੂੰ ਸਮਰਪਿਤ ਅੱਖਾਂ ਦਾ ਚੌਥਾ ਫਰੀ ਚੈਕਅਪ ਅਤੇ ਆਪ੍ਰੇਸ਼ਨ ਕੈਂਪ ਐਤਵਾਰ ਸਵੇਰੇ 10 ਤੋਂ ਦੁਪਿਹਰ 2 ਬਜੇ ਤਕ ਫਗਵਾੜਾ ਰੋਡ, ਮਾਡਲ ਟਾਊਨ ਪਿੰਡ ਪਾਂਸ਼ਟਾ ਵਿਖੇ ਲਗਾਇਆ ਗਿਆ। ਕੈਂਪ ਦਾ ਉਦਘਾਟਨ ਬਸਪਾ ਪੰਜਾਬ ਦੇ ਇੰਚਾਰਜ ਅਤੇ ਫਿਲੌਰ ਹਲਕੇ ਤੋਂ ਬਸਪਾ ਦੇ ਉਮੀਦਵਾਰ ਅਵਤਾਰ ਸਿੰਘ ਕਰੀਮਪੁਰੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਉਹਨਾਂ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਐਸੋਸੀਏਸ਼ਨ ਨੇ ਵਧੀਆ ਉਪਰਾਲਾ ਕੀਤਾ ਹੈ। ਗਰੀਬਾਂ ਅਤੇ ਲੋੜਵੰਦਾਂ ਦੀ





ਹਰ ਸੰਭਵ ਸਹਾਇਤਾ ਕਰਨਾ ਇਨਸਾਨੀਅਰ ਦਾ ਪਹਿਲਾ ਫਰਜ ਹੈ। ਉਹਨਾਂ ਕਿਹਾ ਕਿ ਬਸਪਾ ਵੀ ਇਸੇ ਸੋਚ ਨੂੰ ਤਰਜੀਹ ਦਿੰਦੇ ਹੋਏ ਮਿਸ਼ਨ 2017 ਤਹਿਤ ਵੋਟਰਾਂ ਦੀ ਕਚਿਹਰੀ ਵਿਚ ਜਾਵੇਗੀ ਅਤੇ ਸੂਬੇ ਵਿਚ ਵਿਧਾਨਸਭਾ ਚੋਣਾਂ ਤੋਂ ਬਾਅਦ ਬਣਨ ਵਾਲੀ ਬਸਪਾ ਸਰਕਾਰ ਸਾਹਿਬ ਕਾਂਸ਼ੀ ਰਾਮ ਅਤੇ ਬਾਬਾ ਸਾਹਿਬ ਦੇ ਸੁਪਨਿਆਂ ਨੂੰ ਪੂਰਾ ਕਰਦੇ ਹੋਏ ਲੋਕ ਹਿਤ ਲਈ ਕੰਮ ਕਰੇਗੀ। ਬਸਪਾ ਆਗੂ ਸੁਰਿੰਦਰ ਢੰਡਾ ਨੇ ਦੱਸਿਆ ਕਿ ਕੈਂਪ ਦੌਰਾਨ ਡਾ. ਰਾਜਨ ਆਈ ਕੇਅਰ ਫਗਵਾੜਾ ਦੇ ਮਾਹਿਰ ਡਾਕਟਰ ਐਸ. ਰਾਜਨ ਦੀ ਟੀਮ ਨੇ ਲੋੜਵੰਦ ਮਰੀਜਾਂ ਦੀਆਂ ਅੱਖਾਂ ਦਾ ਚੈਕਅਪ ਕਰਕੇ ਮੁਫਤ ਦਵਾਈਆਂ ਦਿੱਤੀਆਂ ਅਤੇ ਜਿਹਨਾਂ ਮਰੀਜਾਂ ਨੂੰ ਆਪ੍ਰੇਸ਼ਨ ਲਈ ਚੁਣਿਆ ਗਿਆ ਹੈ ਉਹਨਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਡਾ. ਰਾਜਨ ਆਈ ਕੇਅਰ ਫਗਵਾੜਾ ਅਤੇ ਫਿਲੌਰ ਵਿਖੇ ਬਿਲਕੁਲ ਮੁਫਤ ਕਰਵਾਏ ਜਾਣਗੇ। ਐਸੋਸੀਏਸ਼ਨ ਵਲੋਂ ਅਵਤਾਰ ਸਿੰਘ ਕਰੀਮਪੁਰੀ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੋਕੇ ਬਸਪਾ ਦੇ ਮੰਡਲ ਕੋਆਰਡੀਨੇਟਰ ਹਰਭਜਨ ਬਲਾਲੋਂ, ਰਚਨਾ ਦੇਵੀ, ਲੇਖਰਾਜ ਜਮਾਲਪੁਰ, ਪਰਮਜੀਤ ਖਲਵਾੜਾ, ਜਸਵਿੰਦਰ ਪਲਾਹੀ, ਪਰਮਿੰਦਰ ਪਲਾਹੀ, ਪਿੰਦੀ ਮੱਲ, ਦੀਪਕ ਹਰਦਾਸਪੁਰ, ਪ੍ਰਨੀਸ਼ ਬੰਗਾ, ਜਿੰਦਰ ਨਸੀਰਾਬਾਦ, ਮਾਸਟਰ ਰਾਮ ਕਿਸ਼ਨ ਆਦਿ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜਰ ਸਨ।

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਕੈਲੇਫੋਰਨੀਆ ਸੈਕਰਾਮੈਂਟੋ ਦੀ ਵਿਸ਼ੇਸ਼ ਬੈਠਕ

**ਸੈਕਰਾਮੈਂਟੋ (ਡੀ.ਡੀ.ਬੀ.)** ਲੰਘੇ ਐਤਵਾਰ 4 ਦਸੰਬਰ ਨੂੰ ਸੈਕਰਾਮੈਂਟੋ 'ਚ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਕੈਲੇਫੋਰਨੀਆ, ਸੈਕਰਾਮੈਂਟੋ ਵੱਲੋਂ ਬਾਅਦ ਦੁਪਹਿਰ, ਸ ਸੁਰਜੀਤ ਸਿੰਘ ਅਟਵਾਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਇਕ ਵਿਸ਼ੇਸ਼ ਬੈਠਕ ਹੋਈ, ਜਿਸ ਵਿਚ ਫਾਊਂਡੇਸ਼ਨ ਵੱਲੋਂ ਨਵੇਂ ਸਾਲ 7 ਜਨਵਰੀ ਨੂੰ ਕਰਵਾਏ ਜਾ ਰਹੇ 'ਗਦਰੀ ਬਾਬਿਆਂ ਦਾ ਮੇਲਾ' ਸਬੰਧਿਤ ਖੂਬ ਪ੍ਰਗਤੀਵਾਦੀ ਵਿਚਾਰਾਂ ਹੋਈਆਂ। ਪਿਛਲੇ ਮੇਲੇ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਦਵਿੰਦਰ ਦਮਨ ਦੁਆਰਾ ਲਿਖਿਆ ਤੇ ਨਿਰਦੇਸ਼ਿਤ ਨਾਟਕ ਸਿੱਖ ਕੌਮ ਦੇ ਮਹਾਨ ਜਰਨੈਲ 'ਬਾਬਾ ਬੰਦਾ ਸਿੰਘ ਬਹਾਦਰ ਜੀ' ਦੇ ਜੀਵਨ ਅਤੇ ਲਾਸਾਨੀ ਕੁਰਬਾਨੀ 'ਤੇ ਕੈਨੇਡਾ ਦੀ ਟੀਮ ਵੱਲੋਂ ਖੇਡਿਆ ਜਾਵੇਗਾ।



ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਕੈਲੇਫੋਰਨੀਆ ਦੇ ਚੇਅਰਮੈਨ ਸ ਕੁਲਦੀਪ ਸਿੰਘ ਅਟਵਾਲ ਅਤੇ ਜਨਰਲ ਸਕੱਤਰ ਸਃ ਜਗਜੀਤ ਸਿੰਘ ਕੰਦੋਲਾ ਨੇ "ਦੇਸ਼ ਦੁਆਬਾ" ਨੂੰ ਫੋਨ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੀਟਿੰਗ 'ਚ ਸਾਰੇ ਮੈਂਬਰਾਂ ਵੱਲੋਂ ਮੇਲੇ ਦੀਆਂ ਤਿਆਰੀਆਂ ਨੂੰ ਲੈ ਕੇ ਭਾਰੀ ਉਤਸ਼ਾਹ ਹੈ ਤੇ ਉਹ ਚਾਹੁੰਦੇ ਹਨ ਕਿ ਦੇਸ਼ ਦੀ ਆਜ਼ਾਦੀ ਲਈ ਆਪਣੇ ਹਰ ਤਰ੍ਹਾਂ ਦੇ ਸੁਖ-ਆਰਾਮ, ਸਹੂਲਤਾਂ ਤੇ ਪਰਿਵਾਰਾਂ ਦਾ ਤਿਆਗ ਕਰਨ ਵਾਲੇ, ਆਪਣੇ ਮੁਲਕ ਅਤੇ ਮੁਲਕ ਵਾਸੀਆਂ ਦੀ ਆਜ਼ਾਦੀ ਲਈ ਜਾਨਾਂ ਨਿਛਾਵਰ ਕਰ ਦੇਣ ਵਾਲੇ ਮਹਾਨ ਯੋਧਿਆਂ ਦੀ ਲਾਸਾਨੀ ਕੁਰਬਾਨੀਆਂ ਤੇ ਜੀਵਨੀਆਂ ਨੂੰ ਯਾਦ ਰੱਖਣਾ ਤੇ ਆਪਣੇ ਵਾਰਸਾਂ ਨੂੰ ਯਾਦ ਕਰਾਉਂਦੇ ਰਹਿਣਾ, ਫਾਊਂਡੇਸ਼ਨ ਦਾ ਇਕ ਛੋਟਾ ਜਿਹਾ ਉਪਰਾਲਾ ਹੈ। ਇਸ ਦੇ ਨਾਲ ਅਸੀਂ ਚਾਹੁੰਦੇ ਹਾਂ ਕਿ ਉਹਨਾਂ ਮਹਾਨ ਸ਼ਖਸੀਅਤਾਂ ਨੂੰ ਯਾਦ ਕੀਤਾ ਜਾਵੇ, ਜਿਹਨਾਂ ਦੀ ਮਾਨਵਤਾ ਦੇ ਭਲੇ ਹਿੱਤ ਲਾਸਾਨੀ ਦੇਣ ਹੈ। ਸੋ ਦਵਿੰਦਰ ਦਮਨ ਜੀ ਦੁਆਰਾ ਲਿਖਤ ਤੇ ਨਿਰਦੇਸ਼ਿਤ ਨਾਟਕ "ਬਾਬਾ ਬੰਦਾ ਸਿੰਘ ਬਹਾਦਰ ਜੀ" ਦੇ ਜੀਵਨ ਅਤੇ ਕੁਰਬਾਨੀ ਆਧਾਰਿਤ ਹੋਵੇਗਾ। ਮੇਲੇ ਦਾ ਸਥਾਨ ਪਰਫਾਰਮਿੰਗ ਆਰਟ ਸੈਂਟਰ, ਸ਼ੈਲਡਨ ਹਾਈ ਸਕੂਲ ਸੈਕਰਾਮੈਂਟੋ ਹੋਵੇਗਾ।

ਉਪਰੋਕਤ ਮੀਟਿੰਗ 'ਚ ਜਿਹਨਾਂ ਮੈਂਬਰ ਸਾਹਿਬਾਨ ਨੇ ਹਿੱਸਾ ਲਿਆ, ਉਹਨਾਂ ਵਿਚ ਸਰਵ ਸ਼੍ਰੀ ਕੁਲਦੀਪ ਸਿੰਘ ਅਟਵਾਲ, ਜਗਜੀਤ ਸਿੰਘ ਕੰਦੋਲਾ, ਸੁਰਜੀਤ ਸਿੰਘ ਅਟਵਾਲ, ਜਰਨੈਲ ਸਿੰਘ ਮੰਡੇਰ, ਹਰਪਾਲ ਸਿੰਘ ਮਾਨ, ਸਤਵੀਰ ਸਿੰਘ ਬਾਜਵਾ, ਯਾਦਵਿੰਦਰ ਸਿੰਘ ਹੈਪੀ, ਸਤਿੰਦਰਪਾਲ ਸਿੰਘ ਸਰਹੱਦੀ, ਗੁਰਸੰਤ ਸਿੰਘ ਗਰੇਵਾਲ, ਗਗਨਦੀਪ ਸਿੰਘ ਬਾਵਾ, ਬਲਦੇਵ ਸਿੰਘ ਬੋਲੀਨਾ, ਰਵਿੰਦਰ ਸਿੰਘ ਰਵੀ ਆਦਿ ਨਾਂ ਵਰਣਨਯੋਗ ਹਨ।

ਹੋਰ ਵਧੇਰੇ ਜਾਣਕਾਰੀ ਲਈ ਕੁਲਦੀਪ ਸਿੰਘ ਅਟਵਾਲ (209) 769-4784 ਅਤੇ ਜਗਜੀਤ ਸਿੰਘ ਕੰਦੋਲਾ ਨਾਲ (916) 968-0901 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨੋਟਬੰਦੀ ਦੀਆਂ ਕਤਾਰਾਂ ਦੇ ਬਾਵਜੂਦ ਪੰਜਾਬ ਦੀ ਸਿਆਸਤ ਵਿਚ ਆਈ ਅਚਾਨਕ ਗਰਮੀ

**(ਸਫਾ 1 ਦੀ ਬਾਕੀ)**

ਰਿਪੋਰਟ ਮੰਗੇ ਜਾਣ ਦੀ ਪੁਸ਼ਟੀ ਕੀਤੀ ਹੈ। ਉਧਰ ਫਿਰੋਜ਼ਪੁਰ ਦੇ ਐਸਐਸਪੀ (ਵਿਜੀਲੈਂਸ) ਰਣਬੀਰ ਸਿੰਘ ਨੇ ਇਸ ਸਬੰਧੀ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਅਕਾਲੀ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ, ਜੋ ਕਿ ਆਪਣੀ ਪਾਰਟੀ ਨਾਲ ਪਿਛਲੇ ਸਮੇਂ ਤੋਂ ਨਾਰਾਜ਼ ਹਨ, ਦੀ ਪਤਨੀ ਅਤੇ ਪੁੱਤਰ ਦਵਿੰਦਰ ਸਿੰਘ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਦੇ ਚਰਚੇ ਹਨ। ਦੋਵਾਂ ਦੇ ਅੱਜ ਕਾਂਗਰਸ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਸੀ। ਰਾਜਸੀ ਹਲਕਿਆਂ ਦਾ ਕਹਿਣਾ ਹੈ ਕਿ ਵਿਜੀਲੈਂਸ ਦੀ ਹਿਲਜੁਲ ਨਾਲ ਗੁਬਾਇਆ ਪਰਿਵਾਰ ਦਾ ਕਾਂਗਰਸ ਵਿੱਚ ਸ਼ਮੂਲੀਅਤ ਦਾ ਮਾਮਲਾ ਫ਼ਿਲਹਾਲ ਟਲ ਗਿਆ ਹੈ। ਸ਼ੇਰ ਸਿੰਘ ਘੁਬਾਇਆ ਵੱਲੋਂ ਬਾਗ਼ੀ ਸੁਰਾਂ ਅਖ਼ਤਿਆਰ ਕੀਤੇ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅੰਦਰ ਵੀ ਹਲਚਲ ਸ਼ੁਰੂ ਹੋ ਗਈ ਹੈ। ਫਿਰੋਜ਼ਪੁਰ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਅਕਾਲੀ ਦਲ ਵੱਲੋਂ 'ਬਾਗ਼ੀ' ਸ਼ੇਰ ਸਿੰਘ ਘੁਬਾਇਆ ਨੂੰ ਘੇਰਨ ਦੀ ਤਿਆਰੀ ਰਾਏ ਸਿੱਖ ਬਰਾਦਰੀ ਦੀ 2.5 ਲੱਖ ਵੋਟ ਮੰਨੀ ਜਾਂਦੀ ਹੈ।

ਸ੍ਰੀ ਘੁਬਾਇਆ ਦੇ ਇਸ ਭਾਈਚਾਰੇ ਨਾਲ ਸਬੰਧਤ ਹੋਣ ਕਾਰਨ ਰਾਏ ਸਿੱਖ ਵੋਟਰਾਂ 'ਤੇ ਪ੍ਰਭਾਵ ਮੰਨਿਆ ਜਾਂਦਾ ਹੈ। ਅਕਾਲੀ ਦਲ ਸਮੇਤ ਹੋਰਨਾਂ ਪਾਰਟੀਆਂ ਦੇ ਸੀਨੀਅਰ ਆਗੂਆਂ ਦਾ ਮੰਨਣਾ ਹੈ ਕਿ ਸ਼ੇਰ ਸਿੰਘ ਘੁਬਾਇਆ ਦੀ ਨਾਰਾਜ਼ਗੀ ਅਕਾਲੀ ਦਲ ਨੂੰ ਭਾਰੀ ਪੈ ਸਕਦੀ ਹੈ, ਉਹ ਹੀ ਉਦੋਂ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਰਾਏ ਸਿੱਖਾਂ ਦੀਆਂ ਵੋਟਾਂ ਦੇ ਪ੍ਰਭਾਵ ਵਾਲੇ ਵਿਧਾਨ ਸਭਾ ਹਲਕੇ ਤੋਂ ਵਿਧਾਨ ਸਭਾ ਚੋਣ ਲੜਦੇ ਹੋਣ। ਅਕਾਲੀ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਪਾਰਟੀ ਨੇ ਸ੍ਰੀ ਘੁਬਾਇਆ ਦੇ ਗਿਲੇ ਸ਼ਿਕਵੇ ਦੂਰ ਕਰਨ ਦੇ ਯਤਨ ਕੀਤੇ ਸਨ, ਪਰ ਉਹ ਨਹੀਂ ਮੰਨੇ।

# ਭ੍ਰਿਸ਼ਟਾਚਾਰ, ਲੋਕਪਾਲ ਅਤੇ ਰਾਜਨੇਤਾ

**ਲੋਕਪਾਲ ਕਾਨੂੰਨ ਦੇ ਪਾਸ ਹੋਣ ਦਾ ਉਦੋਂ ਤੱਕ ਕੋਈ ਅਰਥ ਨਹੀਂ, ਜਦੋਂ ਤੱਕ ਲੋਕਪਾਲ ਦੀ ਨਿਯੁਕਤੀ ਨਹੀਂ ਹੋ ਜਾਂਦੀ। ਕਾਨੂੰਨ ਤਾਂ ਇਸ ਲਈ ਬਣਾਇਆ ਗਿਆ ਕਿ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਲੋਕਪਾਲ ਨਿਯੁਕਤ ਹੋਵੇ ਅਤੇ ਕਾਨੂੰਨ ਦੇ ਆਸ਼ੇ ਅਨੁਸਾਰ ਕੰਮ ਕਰੇ। ਲੋਕਪਾਲ ਕਾਨੂੰਨ ਤਹਿਤ ਦੇਸ਼ ਦੇ ਲੋਕਪਾਲ ਦੀ ਨਿਯੁਕਤੀ ਲਈ ਅੱਠ ਮੈਂਬਰ ਚੋਣ ਸੰਮਤੀ ਬਣਾਈ ਗਈ ਹੈ, ਜਿਸ ਵਿਚ ਵਿਰੋਧੀ ਧਿਰ ਦੇ ਨੇਤਾ ਦਾ ਹੋਣਾ ਵੀ ਮੈਂਬਰ ਵਜੋਂ ਜ਼ਰੂਰੀ ਹੈ, ਕਿਉਂਕਿ ਇਸ ਕਾਨੂੰਨ ਵਿਚ ਵਿਰੋਧੀ ਧਿਰ ਦੇ ਨੇਤਾ ਨੂੰ ਮੈਂਬਰ ਵਜੋਂ ਹੋਣ ਦਾ ਪ੍ਰਾਵਧਾਨ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਸਾਢੇ ਚਾਰ ਦਹਾਕੇ ਤੋਂ ਜ਼ਿਆਦਾ ਸਮੇਂ ਤੋਂ ਬਾਅਦ ਦੇਸ਼ ਨੂੰ ਜੋ ਲੋਕਪਾਲ ਕਾਨੂੰਨ ਮਿਲਿਆ, ਉਹ ਬੇਹਤਰ, ਸਖ਼ਤ ਅਤੇ ਪਾਰਦਰਸ਼ੀ ਹੈ। ਇਹ ਕਾਨੂੰਨ ਦਸੰਬਰ 2013 ਵਿਚ ਸੰਸਦ ਵਿਚ ਪਾਸ ਹੋਇਆ। ਇਸ ਕਾਨੂੰਨ ਦੇ ਪਾਸ ਹੋਣ ਤੋਂ ਅੱਗੇ ਦੇਸ਼ ਵਿਚ ਲੋਕਪਾਲ ਸੰਸਥਾ ਦਾ ਜਨਮ ਹੋਣਾ ਹੈ, ਪਰ ਪੁਰਾਣੀ ਸਰਕਾਰ ਵੀ ਇਸ ਸੰਸਥਾ ਨੂੰ ਜਨਮ ਦੇਣਾ ਭੁੱਲ ਗਈ ਅਤੇ ਹੁਣ ਵਾਲੀ ਸਰਕਾਰ ਵੀ ਇਸ ਦਿਸ਼ਾ ਵਿਚ ਕੋਈ ਕੋਸ਼ਿਸ਼ ਕਰਦੀ ਨਜ਼ਰ ਨਹੀਂ ਆ ਰਹੀ ਹਾਲਾਂਕਿ ਸਰਕਾਰ ਆਪਣੇ ਆਪ ਨੂੰ ਭ੍ਰਿਸ਼ਟਾਚਾਰ ਵਿਰੁੱਧ ਲੜਨ ਵਾਲੀ ਅਲੰਬਰਦਾਰ ਸਰਕਾਰ ਹੋਣ ਦਾ ਦਾਅਵਾ ਕਰਨ 'ਚ ਫ਼ਖ਼ਰ ਮਹਿਸੂਸ ਕਰਦੀ ਹੈ। ਖ਼ੈਰ, ਹੁਣ ਦੇਸ਼ ਦੀ ਸਰਵਉੱਚ ਅਦਾਲਤ ਨੇ ਇਸ ਮੁੱਦੇ ਨੂੰ ਦੁਬਾਰਾ ਸੁਰਖ਼ੀਆਂ ਵਿਚ ਲਿਆ ਦਿੱਤਾ ਹੈ ਅਤੇ ਹੁਣ ਸਰਕਾਰ ਨੂੰ ਲੋਕਪਾਲ ਸੰਸਥਾ ਸਥਾਪਤ ਕਰਨ ਲਈ ਸਮਾਂ ਸੀਮਾ ਤਹਿ ਕਰਨੀ ਹੋਵੇਗੀ।

ਲੋਕਪਾਲ ਕਾਨੂੰਨ ਦੇ ਪਾਸ ਹੋਣ ਦਾ ਉਦੋਂ ਤੱਕ ਕੋਈ ਅਰਥ ਨਹੀਂ, ਜਦੋਂ ਤੱਕ ਲੋਕਪਾਲ ਦੀ ਨਿਯੁਕਤੀ ਨਹੀਂ ਹੋ ਜਾਂਦੀ। ਕਾਨੂੰਨ ਤਾਂ ਇਸ ਲਈ ਬਣਾਇਆ ਗਿਆ ਕਿ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਲੋਕਪਾਲ ਨਿਯੁਕਤ ਹੋਵੇ ਅਤੇ ਕਾਨੂੰਨ ਦੇ ਆਸ਼ੇ ਅਨੁਸਾਰ ਕੰਮ ਕਰੇ। ਲੋਕਪਾਲ ਕਾਨੂੰਨ ਤਹਿਤ ਦੇਸ਼ ਦੇ ਲੋਕਪਾਲ ਦੀ ਨਿਯੁਕਤੀ ਲਈ ਅੱਠ ਮੈਂਬਰ ਚੋਣ ਸੰਮਤੀ ਬਣਾਈ ਗਈ ਹੈ, ਜਿਸ ਵਿਚ ਵਿਰੋਧੀ ਧਿਰ ਦੇ ਨੇਤਾ ਦਾ ਹੋਣਾ ਵੀ ਮੈਂਬਰ ਵਜੋਂ ਜ਼ਰੂਰੀ ਹੈ, ਕਿਉਂਕਿ ਇਸ ਕਾਨੂੰਨ ਵਿਚ ਵਿਰੋਧੀ ਧਿਰ ਦੇ ਨੇਤਾ ਨੂੰ ਮੈਂਬਰ ਵਜੋਂ ਹੋਣ ਦਾ ਪ੍ਰਾਵਧਾਨ ਹੈ। ਪਰ ਜਦੋਂ ਤੋਂ ਨਵੀਂ ਸੰਸਦ ਬਣੀ ਹੈ, ਉਦੋਂ ਤੋਂ ਵਿਰੋਧੀ ਧਿਰ ਦਾ ਕੋਈ ਨੇਤਾ ਹੀ ਨਹੀਂ ਹੈ, ਕਿਉਂਕਿ ਕੋਈ ਵਿਰੋਧੀ ਧਿਰ ਲੋਕ ਸਭਾ ਵਿਚ ਵਿਰੋਧੀ ਧਿਰ ਬਨਣ ਜੋਗੀਆਂ ਸੀਟਾਂ ਹੀ ਨਹੀਂ ਜਿੱਤ ਸਕੀ। ਇਸ ਲਈ ਵਿਰੋਧੀ ਧਿਰ ਦਾ ਨੇਤਾ ਹੋਣ ਦੀ ਮੱਦ ਲੋਕਪਾਲ ਦੀ ਨਿਯੁਕਤੀ 'ਚ ਰੁਕਾਵਟ ਬਣੀ ਹੋਈ ਹੈ।

ਉਹ ਲੋਕਪਾਲ, ਜਿਸ ਦੇ ਲਈ ਦੇਸ਼ ਵਿਚ ਘਮਸਾਨ ਛਿੜਿਆ, ਵੱਡਾ ਅੰਦੋਲਨ ਚੱਲਿਆ, ਦੇਸ਼ 'ਚ ਇਕ ਇਹੋ ਜਿਹਾ ਮਾਹੌਲ ਬਣਿਆ ਕਿ ਰਾਜਨੀਤਕ ਨੇਤਾਵਾਂ ਨੂੰ ਮੰਨਣਾ ਪਿਆ ਕਿ ਹੁਣ ਲੋਕਪਾਲ ਨੂੰ ਅਮਲੀ ਰੂਪ ਦੇਣਾ ਹੀ ਪਵੇਗਾ ਜੋ ਵਰ੍ਹਿਆਂ ਤੋਂ ਸੰਸਦ ਵਿਚ ਠੇਡੇ ਖਾ ਰਿਹਾ ਹੈ, ਨੂੰ ਲਾਗੂ ਕਰਨ ਲਈ ਕੋਈ ਆਵਾਜ਼ ਹੀ ਨਹੀਂ ਉਠ ਰਹੀ। ਕੀ ਇਹ ਹੈਰਾਨੀ ਵਾਲੀ ਗੱਲ ਨਹੀਂ? ਕੌਣ ਲੋਕ ਹਨ ਇਸ ਭ੍ਰਿਸ਼ਟਾਚਾਰ ਰੋਕਣ ਵਾਲੇ ਲੋਕਪਾਲ ਨੂੰ ਲਾਗੂ ਹੋਣ ਤੋਂ ਰੋਕਣ ਵਾਲੇ?

ਗੱਲ ਤਾਂ ਸਿਰਫ਼ ਇੰਨੀ ਕੁ ਹੀ ਹੈ ਕਿ ਇਸ ਕਾਨੂੰਨ ਵਿਚ ਸੰਸਦ ਵਿਚ ਸੰਸ਼ੋਧਨ ਕਰਨਾ ਪਵੇਗਾ। ਵਿਰੋਧੀ ਧਿਰ ਦੇ ਨੇਤਾ ਦੀ ਥਾਂ ਵਿਰੋਧੀ ਧਿਰ ਦੇ ਸਭ ਤੋਂ ਵੱਡੇ ਦਲ ਦੇ ਨੇਤਾ ਦਾ ਸ਼ਬਦ ਹੀ ਇਸ ਕਾਨੂੰਨ 'ਚ ਪਾਉਣਾ ਹੋਵੇਗਾ ਜਾਂ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੂੰ ਇਸ 'ਚ ਸ਼ਾਮਲ ਕਰ ਲੈਣਾ ਹੋਵੇਗਾ। ਮੌਜੂਦਾ ਸਰਕਾਰ ਵੱਲੋਂ ਇਸ ਕਿਸਮ ਦਾ ਬਿੱਲ ਸੰਸਦ 'ਚ ਪੇਸ਼ ਕੀਤਾ ਗਿਆ ਹੈ, ਪਰ ਇਹ ਹੁਣ ਤੱਕ ਸੰਸਦ 'ਚ ਲੰਬਿਤ ਪਿਆ ਹੈ। ਆਖਰ ਐਡੇ ਵੱਡੇ ਦੇਸ਼-ਵਿਦੇਸ਼ 'ਚ ਸਰਜੀਕਲ ਸਟਰਾਈਕ ਕਰਨ ਵਾਲੀ ਸਰਕਾਰ, ਭ੍ਰਿਸ਼ਟਾਚਾਰ ਵਿਰੁੱਧ ਲੋਕਪਾਲ ਨਿਯੁਕਤ ਕਰਕੇ, ਸਰਜੀਕਲ ਸਟਰਾਈਕ ਕਰਨ ਤੋਂ ਕਿਉਂ ਟਾਲਾ ਵੱਲ ਰਹੀ ਹੈ? ਮੁੱਖ ਵਿਰੋਧੀ ਧਿਰ ਕਾਂਗਰਸ ਜਿਸ ਨੇ ਮੌਕੇ ਦੀਆਂ ਸਥਿਤੀਆਂ 'ਚ ਦਬਾਅ 'ਚ ਆ ਕੇ ਲੋਕਪਾਲ ਕਾਨੂੰਨ ਬਣਾਇਆ, ਉਹ ਵੀ ਲੋਕਪਾਲ ਦੀ ਨਿਯੁਕਤੀ ਲਈ ਇੱਛੁਕ ਕਿਉਂ ਨਹੀਂ ਦਿਖਾਈ ਦੇ ਰਹੀ? ਰਾਜਨੀਤਕ ਪਾਰਟੀਆਂ 'ਚ ਆਪਸੀ ਮੱਤਭੇਦ ਹਨ, ਕਾਲਾ ਧੰਨ, ਨੋਟਬੰਦੀ ਮਾਮਲੇ 'ਚ ਦੇਸ਼ ਭਰ 'ਚ ਰਾਜਨੀਤਕ ਪਾਰਟੀਆਂ ਵੱਲੋਂ ਹੋ-ਹੱਲਾ ਜਾਰੀ ਹੈ। ਪਰ ਲੋਕਪਾਲ ਕਾਨੂੰਨ ਦੀ ਨਿਯੁਕਤੀ ਲਟਕੀ ਹੈ ਤਾਂ ਲਟਕੀ ਰਹੇ, ਇਸ ਨੂੰ ਲੈ ਕੇ ਸਾਰੇ ਸਿਆਸੀ ਨੇਤਾਵਾਂ 'ਚ ਏਕਤਾ ਹੈ। ਦਿੱਲੀ ਦਾ ਮੁੱਖ ਮੰਤਰੀ, ਆਮ ਆਦਮੀ ਪਾਰਟੀ ਦਾ ਕਨਵੀਨਰ, ਜੋ ਲੋਕਪਾਲ ਬਿੱਲ ਬਨਵਾਉਣ ਵਾਲੇ ਅੰਨਾ ਹਜ਼ਾਰੇ ਦਾ ਸੱਜਾ ਹੱਥ ਸੀ, ਭ੍ਰਿਸ਼ਟਾਚਾਰ ਵਿਰੁੱਧ ਲੜਨ ਦੀ ਗੱਲ ਤਾਂ ਕਰਦਾ ਹੈ, ਪਰ ਲੋਕਪਾਲ ਨਿਯੁਕਤੀ ਦੇ ਮਾਮਲੇ 'ਚ ਉਹਦੀ ਚੁੱਪੀ ਕੀ ਭਾਰਤੀ ਰਾਜਨੀਤਕਾਂ ਦੇ ਕਿਰਦਾਰ ਬਾਰੇ ਸਵਾਲ ਖੜ੍ਹੇ ਨਹੀਂ ਕਰਦੀ?




### ਲੋਕਪਾਲ ਕਾਨੂੰਨ

ਲੋਕਪਾਲ ਬਿੱਲ 1968 ਤੋਂ ਲੈ ਕੇ ਕਾਨੂੰਨ ਬਨਣ ਤੱਕ ਗਿਆਰਾਂ ਵੇਰ ਸੰਸਦ ਵਿਚ ਪੇਸ਼ ਹੋਇਆ। ਲੋਕਪਾਲ ਸਭ ਤੋਂ ਪਹਿਲਾਂ ਐਡਵੋਕੇਟ ਸ਼ਾਂਤੀ ਭੂਸ਼ਨ ਵੱਲੋਂ ਲੋਕ ਸਭਾ 'ਚ 1968 'ਚ ਪੇਸ਼ ਕੀਤਾ ਗਿਆ ਅਤੇ ਚੌਥੀ ਲੋਕ ਸਭਾ ਨੇ 1969 ਵਿਚ ਪਾਸ ਕੀਤਾ, ਪਰ ਰਾਜ ਸਭਾ ਵਿਚ ਪਾਸ ਹੋਣ ਤੋਂ ਪਹਿਲਾਂ ਹੀ ਲੋਕ ਸਭਾ ਭੰਗ ਹੋ ਗਈ ਤੇ ਬਿੱਲ ਪਾਸ ਹੋਣ ਤੋਂ ਰਹਿ ਗਿਆ। ਸਮੇਂ-ਸਮੇਂ ਸਰਕਾਰਾਂ ਵੱਲੋਂ 1971, 1977, 1985, 1969, 1996, 1998, 2001, 2005 ਅਤੇ 2008 ਵਿਚ ਲੋਕਪਾਲ ਪੇਸ਼ ਕੀਤਾ ਗਿਆ ਪਰ ਕਾਨੂੰਨ ਨਾ ਬਣ ਸਕਿਆ ਅੰਤ 2012 ਦੇ ਸਰਦ ਰੁੱਤ ਸੈਸ਼ਨ 'ਚ ਇਹ ਬਿੱਲ ਲੋਕ ਸਭਾ 'ਚ ਤਾਂ ਪਾਸ ਹੋ ਗਿਆ, ਪਰ ਰਾਜ ਸਭਾ 'ਚ ਪਾਸ ਨਾ ਹੋਇਆ। ਰਾਜ ਸਭਾ 'ਚ 17 ਦਸੰਬਰ 2013 ਨੂੰ ਅਤੇ ਅੰਤ ਲੋਕ ਸਭਾ 'ਚ 18 ਦਸੰਬਰ 2013 ਨੂੰ ਇਹ ਬਿੱਲ ਪਾਸ ਹੋਇਆ। ਸਮਾਜ ਸੇਵਕ ਅੰਨਾ ਹਜ਼ਾਰੇ ਵੱਲੋਂ ਇਸ ਬਿੱਲ ਨੂੰ ਕਾਨੂੰਨ ਬਨਾਉਣ 'ਚ ਅਹਿਮ ਭੂਮਿਕਾ ਨਿਭਾਈ ਗਈ। ਇਸ ਕਾਨੂੰਨ ਅਧੀਨ ਕੇਂਦਰ ਵਿਚ ਲੋਕਪਾਲ ਅਤੇ ਰਾਜਾਂ ਵਿਚ ਲੋਕਆਯੁਕਤ ਦੀ ਨਿਯੁਕਤੀ ਹੋਵੇਗੀ। ਲੋਕਪਾਲ ਵਿਚ ਇਕ ਚੇਅਰਪਰਸਨ ਅਤੇ ਵੱਧ ਤੋਂ ਵੱਧ ਅੱਠ ਮੈਂਬਰ ਹੋਣਗੇ ਜਿਨ੍ਹਾਂ ਵਿਚੋਂ 50% ਜੁਡੀਸ਼ਰੀ ਨਾਲ ਸੰਬੰਧਤ ਹੋਣਗੇ। ਐਸਸੀ, ਐਸ.ਟੀ., ਓ.ਬੀ.ਸੀ. ਅਤੇ ਘੱਟ ਗਿਣਤੀ ਤੇ ਔਰਤਾਂ ਵਿਚੋਂ 50ਗ ਮੈਂਬਰ ਨਿਯੁਕਤ ਕੀਤੇ ਜਾਣਗੇ। ਲੋਕਪਾਲ ਅਤੇ ਮੈਂਬਰਾਂ ਦੀ ਚੋਣ ਇਕ ਚੋਣ ਕਮੇਟੀ ਕਰੇਗੀ ਜਿਸ ਵਿਚ ਪ੍ਰਧਾਨ ਮੰਤਰੀ, ਲੋਕ ਸਭਾ ਸਪੀਕਰ, ਵਿਰੋਧੀ ਧਿਰ ਦਾ ਨੇਤਾ, ਸੁਪਰੀਮ ਕੋਰਟ ਦਾ ਮੁੱਖ ਜੱਜ ਜਾਂ ਉਸ ਵੱਲੋਂ ਨੋਮੀਮੇਟ ਕੀਤਾ ਸੁਪਰੀਮ ਕੋਰਟ ਦਾ ਸਿਟਿੰਗ ਜੱਜ, ਅਤੇ ਭਾਰਤ ਦੇ ਰਾਸ਼ਟਰਪਤੀ ਵੱਲੋਂ ਨੋਮੀਨੇਟ ਕੀਤਾ ਮੰਨਿਆ ਪ੍ਰਮੰਨਿਆ ਕਾਨੂੰਨਦਾਨ ਮੈਂਬਰ ਹੋਣਗੇ। ਲੋਕਪਾਲ ਸੰਸਥਾ ਨੂੰ ਸੀ.ਬੀ.ਆਈ. ਦੇ ਕੰਮਕਾਰ ਨੂੰ ਦੇਖਣ ਪਾਖਣ ਅਤੇ ਹਦਾਇਤਾਂ ਦੇਣ ਦੀ ਸ਼ਕਤੀ ਦਿੱਤੀ ਗਈ। ਦੇਸ਼ ਦੀ ਸੰਸਦ ਵੱਲੋਂ ਪਾਸ ਕੀਤੇ ਇਸ ਕਾਨੂੰਨ ਦਾ ਨਾਮ 'ਦੀ ਲੋਕਪਾਲ ਐਂਡ ਲੋਕਆਯੁਕਤ ਐਕਟ 2013 ਜੋ ਆਮ ਤੌਰ 'ਤੇ ਦੀ ਲੋਕਪਾਲ ਐਕਟ ਵਜੋਂ ਜਾਣਿਆ ਜਾਂਦਾ ਹੈ, ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਹੈ। ਇਸ ਅਧੀਨ ਪ੍ਰਧਾਨ ਮੰਤਰੀ ਸਮੇਤ ਦੇਸ਼ ਦੇ ਸਮੂੰਹ ਅਧਿਕਾਰੀਆਂ, ਪਬਲਿਕ ਕਾਰਜਕਰਤਾਵਾਂ ਅਤੇ ਅਫ਼ਸਰਸ਼ਾਹੀ ਉਤੇ ਲਗਾਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨਾ ਮਿਥਿਆ ਗਿਆ ਹੈ। ਲੋਕਪਾਲ ਕਾਨੂੰਨ 'ਚ ਤਹਿ ਹੋਇਆ ਕਿ 365 ਦਿਨਾਂ 'ਚ ਲੋਕਪਾਲ ਸੰਸਥਾ ਸਥਾਪਿਤ ਕਰ ਦਿੱਤੀ ਜਾਵੇਗੀ।

ਸਾਲ 2011 ਵਿਚ ਭਾਰਤ ਅੰਤਰਰਾਸ਼ਟਰੀ ਪੱਧਰ ਉਤੇ ਕੀਤੇ ਇਕ ਸਰਵੇ ਅਨੁਸਾਰ ਭ੍ਰਿਸ਼ਟਾਚਾਰ ਦੇ ਮਾਮਲੇ ਤੇ 95ਵੇਂ ਸਥਾਨ 'ਤੇ ਆਇਆ ਨੋਟ ਕੀਤਾ ਗਿਆ। ਵਸ਼ਿੰਗਟਨ ਦੀ ਇਕ ਸੰਸਥਾ ਗਲੋਬਲ ਫਾਈਨੈਂਸ ਇਨਟੈਗਰਿਟੀ ਦੀ ਇਕ ਰਿਪੋਰਟ ਅਨੁਸਾਰ ਭਾਰਤ 'ਚ ਬਿਲੀਅਨ ਡਾਲਰਾਂ ਦੇ ਭ੍ਰਿਸ਼ਟਾਚਾਰ ਕਾਰਨ ਕਾਲਾ ਧੰਨ ਵਧਿਆ ਅਤੇ ਵਿਦੇਸ਼ਾਂ ਦੀਆਂ ਬੈਂਕਾਂ 'ਚ ਗਿਆ। ਸਿੱਟੇ ਵਜੋਂ ਦੇਸ਼ ਦਾ ਵਿਕਾਸ ਰੁਕਿਆ ਹੋ। ਸਿੱਟੇ ਵਜੋਂ ਟੈਕਸ ਚੋਰੀ ਦੇ ਮਾਮਲੇ 'ਚ ਭਾਰਤ ਨੇ 462 ਬਿਲੀਅਨ ਡਾਲਰ ਅਜ਼ਾਦ ਤੋਂ ਬਾਅਦ ਦੇ ਸੱਤ ਦਹਾਕਿਆਂ 'ਚ ਗੁਆਏ ਹਨ।

ਭ੍ਰਿਸ਼ਟਾਚਾਰ ਅਤੇ ਕਾਲੇ ਧੰਨ ਨਾਲ ਉਤਪੋਤ ਭਾਰਤ ਦੇਸ਼ ਦੇ ਬਹੁਤੇ ਨੇਤਾਵਾਂ ਦੀਆਂ ਮਨਮਾਨੀਆਂ ਅਤੇ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਕਾਰਨ ਦੇਸ਼ ਵਿਚੋਂ ਨਾ ਕਾਲਾ ਧੰਨ ਖਤਮ ਹੋ ਸਕਿਆ ਜਾਂ ਹੋ ਰਿਹਾ ਹੈ ਨਾ ਹੀ ਭ੍ਰਿਸ਼ਟਾਚਾਰ 'ਚ ਕੋਈ ਕਮੀ ਆਈ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸਮੇਂ-ਸਮੇਂ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਬਨਾਉਣ ਲਈ ਸੰਸਦ 'ਚ ਬਿੱਲ ਪੇਸ਼ ਹੋਏ, ਇਨ੍ਹਾਂ ਉਤੇ ਬਹਿਸ ਵੀ ਹੋਈ। 45 ਸਾਲਾਂ ਬਾਅਦ ਲੋਕਪਾਲ ਐਕਟ ਬਣਿਆ, ਜਿਸ ਉਤੇ ਸਰਕਾਰ ਨੇ ਸੰਸਦ ਨੇ ਲੋਕਾਂ ਦੇ ਟੈਕਸ ਦੇ ਅਰਬਾਂ ਰੁਪਏ ਖਰਚ ਕੀਤੇ ਅਤੇ 18 ਦਸੰਬਰ 2013 ਨੂੰ ਕਾਨੂੰਨ ਬਣਨ ਤੋਂ ਤਿੰਨ ਸਾਲ ਬੀਤਣ ਬਾਅਦ ਵੀ ਲੋਕਪਾਲ ਸੰਸਥਾ ਕੰਮ ਕਰਨ ਨਹੀਂ ਲੱਗ ਸਕੀ। ਭਾਵੇਂ ਕਿ ਦੇਸ਼ ਵਿਚ ਭ੍ਰਿਸ਼ਟਾਚਾਰ ਰੋਕਣ ਲਈ ਕਾਨੂੰਨ ਅਤੇ ਸੰਸਥਾਵਾਂ ਪਹਿਲਾਂ ਹੀ ਹਨ, ਪਰ ਲੋਕਾਂ ਦੀ ਧਾਰਨਾ ਬਣ ਚੁੱਕੀ ਹੈ ਕਿ ਇਹ ਸੰਸਥਾਵਾਂ ਸਰਕਾਰ ਦੇ ਆਖੇ ਹੀ ਕੰਮ ਕਰਦੀਆਂ ਹਨ ਅਤੇ ਇਨ੍ਹਾਂ ਦੀ ਕੋਈ ਅਜ਼ਾਦਾਨਾ ਹੋਂਦ ਨਹੀਂ ਹੈ। ਸੀ. ਬੀ. ਆਈ. ਭ੍ਰਿਸ਼ਟਾਚਾਰ ਰੋਕੂ ਸੰਸਥਾ ਹੈ। ਸੈਂਟਰਲ ਵਿਜੀਲੈਂਸ ਕਮਿਸ਼ਨ ਵੀ ਦੇਸ਼ 'ਚ ਕੰਮ ਕਰ ਰਿਹਾ ਹੈ, ਪਰ ਉਸ ਕੋਲ ਸਿਰਫ਼ ਆਪਣੇ ਦੋ ਢਾਈ ਸੌ ਮੁਲਾਜ਼ਮ ਹੀ ਹਨ। ਜੇਕਰ ਅੰਤਰ-ਰਾਸ਼ਟਰੀ ਪੱਧਰ ਉਤੇ ਵੇਖਿਆ ਜਾਵੇ ਤਾਂ ਦੇਸ਼ ਦੇ 5.7 ਮਿਲੀਅਨ ਕਰਮਚਾਰੀ ਨੂੰ ਚੈਕ ਕਰਨ ਲਈ ਸੀ. ਵੀ. ਸੀ. ਨੂੰ 28500 ਭ੍ਰਿਸ਼ਟਾਚਾਰ ਰੋਕੂ ਕਰਮਚਾਰੀ ਚਾਹੀਦੇ ਹਨ।

ਇਹ ਆਸ ਕੀਤੀ ਗਈ ਹੈ ਕਿ ਲੋਕਪਾਲ ਸੰਸਥਾ ਦੀ ਸਥਾਪਨਾ ਹੋਣ ਨਾਲ ਭ੍ਰਿਸ਼ਟਾਚਾਰ ਨੂੰ ਠੱਲ ਪਵੇਗੀ, ਕਿਉਂਕਿ ਇਸ ਐਕਟ ਅਧੀਨ ਪਾਰਦਰਸ਼ੀ ਢੰਗ ਨਾਲ ਕੰਮ ਕਰਨ ਦਾ ਪ੍ਰਾਵਧਾਨ ਹੈ। ਕੋਈ ਵੀ ਸ਼ਿਕਾਇਤ ਪਹਿਲਾਂ ਲੋਕਪਾਲ ਸੰਸਥਾ ਦੇ ਪੜਤਾਲ ਵਿੰਗ ਕੋਲ ਆਏਗੀ ਅਤੇ ਸਬੂਤ ਮਿਲਣ ਤੇ ਲੋਕਪਾਲ ਦਾ ਮੁਕੱਦਮਾ ਵਿੰਗ ਕਾਨੂੰਨ ਅਨੁਸਾਰ ਕਾਰਵਾਈ ਕਰੇਗਾ। ਇਸ ਐਕਟ ਅਧੀਨ ਦੇਸ਼ ਦਾ ਪ੍ਰਧਾਨ ਮੰਤਰੀ (ਕੁਝ ਸ਼ਰਤਾਂ ਤਹਿਤ), ਕੇਂਦਰੀ ਮੰਤਰੀ, ਸੰਸਦ ਮੈਂਬਰ, ਕੇਂਦਰ ਸਰਕਾਰ ਦੇ ਗਰੁੱਪ ਏ ਜਾਂ ਗਰੁੱਪ ਬੀ ਦੇ ਅਫ਼ਸਰ, ਗਰੁੱਪ ਸੀ ਅਤੇ ਗਰੁੱਪ ਡੀ ਦੇ ਅਫ਼ਸਰ/ਕਰਮਚਾਰੀ, ਅਤੇ ਸਰਕਾਰ ਵੱਲੋਂ ਸਥਾਪਤ ਸੰਸਥਾਵਾਂ ਦੇ ਇੰਚਾਰਜ ਆਦਿ ਵਿਰੁੱਧ ਸ਼ਿਕਾਇਤਾਂ ਲੋਕਪਾਲ ਵੱਲੋਂ ਸੁਣੀਆਂ ਜਾਣਗੀਆਂ। ਪਰ ਲੋਕਪਾਲ ਐਕਟ ਨੂੰ ਨੇਤਾਵਾਂ ਦੀ ਬੇਈਮਾਨੀ ਅਤੇ ਅਫ਼ਸਰਸ਼ਾਹੀ ਦੇ ਅਵੇਸਲੇਪਨ ਕਾਰਨ ਲਾਗੂ ਨਾ ਕਰਨਾ ਭ੍ਰਿਸ਼ਟਾਚਾਰ ਦੀਆਂ ਦੇਸ਼ 'ਚ ਫੈਲੀਆਂ ਡੂੰਘੀਆਂ ਜੜ੍ਹਾਂ ਦਾ ਵੱਡਾ ਸਬੂਤ ਹੈ।

ਦੇਸ਼ ਦੀ ਸਮਾਜਕ ਅਵਸਥਾ ਸਿਹਤਮੰਦ ਬਨਾਉਣ ਲਈ ਪਹਿਲਾਂ ਹੀ ਵੱਡੇ ਕਾਨੂੰਨ ਹਨ, ਦਾਜ ਦਹੇਜ ਵਿਰੁੱਧ ਸਖ਼ਤ ਕਾਨੂੰਨ, ਛੂਆ-ਛਾਤ, ਜਾਤਪਾਤ ਖਤਮ ਕਰਨ ਵਿਰੁੱਧ ਵਿਆਪਕ ਕਾਨੂੰਨ, ਹਰ ਇਕ ਨੂੰ ਦੇਸ਼ 'ਚ ਬਰਾਬਰਤਾ ਦੇ ਅਧਿਕਾਰ ਦੇਣ ਦੇ ਕਾਨੂੰਨ, ਪਰ ਇਹ ਕਾਨੂੰਨ ਦੇਸ਼ 'ਚ ਆਪਣਾ ਰੰਗ ਨਹੀਂ ਦਿਖਾ ਸਕੇ। ਨਹੀਂ ਰੋਕ ਸਕੇ ਦਹੇਜ ਦੀ ਲਾਹਨਤ, ਨਹੀਂ ਰੋਕ ਸਕੇ ਜਾਤ-ਪਾਤ, ਛੂਆ-ਛੂਤ ਅਤੇ ਗਰੀਬ-ਅਮੀਰ ਜਾਂ ਮਰਦ-ਔਰਤ ਦੀ ਨਾ ਬਰਾਬਰੀ। ਭ੍ਰਿਸ਼ਟਾਚਾਰ ਵਿਰੋਧੀ ਲੋਕਪਾਲ ਕਾਨੂੰਨ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਦੇਸ਼ 'ਚੋਂ ਵੱਢ ਸਕੇਗਾ, ਇਹ ਇਸ ਗੱਲ ਤੇ ਨਿਰਭਰ ਕਰਦਾ ਹੈ, ਕਿ ਦੇਸ਼ ਦੇ ਨੇਤਾ ਇਮਾਨਦਾਰੀ ਨਾਲ ਆਪਣੀ ਭੂਮਿਕਾ ਨਿਭਾਉਣ ਲਈ ਕਿਨੇ ਕੁ ਕਾਰਜਸ਼ੀਲ ਹੋਣਗੇ, ਨਹੀਂ ਤਾਂ ਲੋਕਪਾਲ ਐਕਟ ਵੀ ਬਾਕੀ ਕਾਨੂੰਨਾਂ ਵਾਂਗਰ ਰੱਦੀ ਦੀ ਟੋਕਰੀ ਦਾ ਸ਼ਿੰਗਾਰ ਬਣ ਜਾਏਗਾ।

# ਨੋਟਬੰਦੀ ਨਾਲ ਘਟ ਸਕਦੀ ਹੈ ਭਾਰਤੀ ਅਰਥ ਵਿਵਸਥਾ ਦੀ ਰਫਤਾਰ

ਵਿਪਿਨ ਪੱਬੀ

8 ਨਵੰਬਰ ਨੂੰ 500 ਤੇ 1000 ਰੁਪਏ ਵਾਲੇ ਨੋਟ ਬੰਦ ਹੋਣ ਦੇ ਐਲਾਨ ਤੋਂ ਬਾਅਦ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ ਤੇ ਲੋਕਾਂ ਦਾ ਗੁੱਸਾ ਸਪੱਸ਼ਟ ਤੌਰ 'ਤੇ ਇਸ ਲਈ ਵਧਦਾ ਜਾ ਰਿਹਾ ਹੈ ਕਿ ਆਰਥਿਕ ਸੁਧਾਰ ਦਾ ਇੰਨਾ ਵੱਡਾ ਕਦਮ ਚੁੱਕਣ ਤੋਂ ਪਹਿਲਾਂ ਕਾਫੀ ਤਿਆਰੀ ਨਹੀਂ ਕੀਤੀ ਗਈ। ਨੋਟਬੰਦੀ ਦਾ ਨਾਟਕੀ ਐਲਾਨ ਕਰਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਥਿਤੀ ਦਰੁੱਸਤ ਕਰਨ ਲਈ 50 ਦਿਨਾਂ ਦਾ ਸਮਾਂ ਮੰਗਿਆ ਹੈ। ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਇਸ ਮਿਆਦ ਦੌਰਾਨ ਹਾਲਾਤ ਆਮ ਵਰਗੇ ਹੋ ਜਾਣਗੇ, ਫਿਰ ਵੀ ਇਹ ਅਧਿਐਨ ਕਰਨ ਦਾ ਸਮਾਂ ਆ ਗਿਆ ਹੈ ਕਿ ਨੋਟਬੰਦੀ ਦਾ ਹੁਕਮ ਦੇਣ ਵਾਲੇ ਹੋਰ ਦੇਸ਼ਾਂ ਦਾ ਤਜਰਬਾ ਕਿਹੋ ਜਿਹਾ ਰਿਹਾ। ਭਾਰਤ ਨੂੰ ਵੀ ਬੀਤੇ ਵਿੱਚ ਨੋਟਬੰਦੀ ਦਾ ਤਜਰਬਾ ਹਾਸਲ ਹੈ, ਇਸ ਲਈ ਆਪਣੇ ਤਜਰਬੇ ਤੋਂ ਸ਼ੁਰੂਆਤ ਕਰਨਾ ਬਿਹਤਰ ਹੈ।

1978 ਵਿੱਚ ਜਦੋਂ ਮੁਰਾਰਜੀ ਦੇਸਾਈ ਪ੍ਰਧਾਨ ਮੰਤਰੀ ਸਨ ਤਾਂ ਸਿਰਫ 1000 ਰੁਪਏ ਦੇ ਕਰੰਸੀ ਨੋਟ ਹੀ ਬੰਦ ਕੀਤੇ ਗਏ ਸਨ। ਉਦੋਂ ਇਸ ਪ੍ਰਕਿਰਿਆ ਜਾਂ ਫੈਸਲੇ ਨੇ ਦੋ ਫੀਸਦੀ ਤੋਂ ਘੱਟ ਆਬਾਦੀ ਨੂੰ ਪ੍ਰਭਾਵਤ ਕੀਤਾ ਸੀ ਕਿਉਂਕਿ ਉਨ੍ਹੀਂ ਦਿਨੀਂ 1000 ਰੁਪਏ ਵਾਲਾ ਨੋਟ ਜ਼ਿਆਦਾ ਪ੍ਰਚੱਲਤ ਨਹੀਂ ਸੀ। ਜੇ ਉਦੋਂ ਦੇ ਇਸ ਨੋਟ ਦੀ ਅਸਲੀ ਕੀਮਤ ਦੀ ਤੁਲਨਾ ਅੱਜ ਦੇ 1000 ਰੁਪਏ ਵਾਲੇ ਨੋਟ ਨਾਲ ਕੀਤੀ ਜਾਵੇਂ ਤਾਂ ਉਸ ਦੀ ਕੀਮਤ 12000 ਰੁਪਏ ਬਣਦੀ ਹੈ। ਇਨ੍ਹਾਂ ਨੋਟਾਂ ਦੀ ਗਿਣਤੀ ਘੱਟ ਹੋਣ ਕਰ ਕੇ ਉਦੋਂ ਇਨ੍ਹਾਂ ਨੂੰ ਬੰਦ ਕਰਨ ਨਾਲ ਆਮ ਆਦਮੀ ਨੋਟਬੰਦੀ ਤੋਂ ਬਹੁਤਾ ਪ੍ਰਭਾਵਤ ਨਹੀਂ ਹੋਇਆ ਸੀ। ਸਪੱਸ਼ਟ ਗੱਲ ਇਹ ਹੈ ਕਿ ਉਨ੍ਹੀਂ ਦਿਨੀਂ ਮੁਸ਼ਕਲ ਨਾਲ ਹੀ ਕੋਈ ਅਜਿਹਾ ਆਦਮੀ ਮਿਲਦਾ ਸੀ, ਜਿਸ ਨੇ 1000 ਰੁਪਏ ਦਾ ਕਰੰਸੀ ਨੋਟ ਦੇਖਿਆ ਹੋਵੇ। ਇਸੇ ਲਈ ਉਦੋਂ ਇਹ ਨੋਟ ਬੰਦ ਕਰਨ ਦੇ ਫੈਸਲੇ ਨਾਲ ਆਮ ਆਦਮੀ ਦੇ ਜੀਵਨ 'ਤੇ ਕੋਈ ਖਾਸ ਅਸਰ ਨਹੀਂ ਪਿਆ ਸੀ। ਕੀ ਉਦੋਂ ਨੋਟਬੰਦੀ ਨੇ ਕਾਲੇ ਧਨ ਦੇ ਪ੍ਰਵਾਹ 'ਤੇ ਕੋਈ ਉਲਟਾ ਅਸਰ ਪਾਇਆ? ਅਸਲੀਅਤ ਸਭ ਦੇ ਸਾਹਮਣੇ ਹੈ। ਇਸ ਵਾਰ 500 ਤੇ 1000 ਰੁਪਏ ਵਾਲੇ ਜਿਹੜੇ ਕਰੰਸੀ ਨੋਟ ਬੰਦ ਕੀਤੇ ਗਏ ਹਨ, ਉਹ ਕੁੱਲ ਚਾਲੂ ਕਰੰਸੀ ਦਾ 86 ਫੀਸਦੀ ਬਣਦੇ ਹਨ। ਇਹੋ ਵਜ੍ਹਾ ਹੈ ਕਿ ਨੋਟਬੰਦੀ ਨੇ ਦਿਹਾੜੀਦਾਰ ਮਜ਼ਦੂਰਾਂ, ਠੇਲੇ ਵਾਲਿਆਂ ਆਦਿ ਸਮੇਤ ਹਰ ਕਿਸੇ ਨੂੰ ਪ੍ਰਭਾਵਤ ਕੀਤਾ ਹੈ।

ਜਿੱਥੋਂ ਤੱਕ ਨੋਟਬੰਦੀ ਦਾ ਰਾਹ ਅਪਣਾਉਣ ਵਾਲੇ ਹੋਰਨਾਂ ਦੇਸ਼ਾਂ ਦੇ ਤਜਰਬੇ ਦਾ ਸੰਬੰਧ ਹੈ, ਇੱਕ ਗੱਲ ਪ੍ਰਮੁੱਖਤਾ ਨਾਲ ਸਾਹਮਣੇ ਆਉਂਦੀ ਹੈ ਕਿ ਇਨ੍ਹਾਂ ਸਾਰੇ ਦੇਸ਼ਾਂ ਦੇ ਸ਼ਾਸਕ ਤਾਨਾਸ਼ਾਹ ਸਨ ਅਤੇ ਇਨ੍ਹਾਂ ਵਿੱਚੋਂ ਹਰ ਦੇਸ਼ ਵਿਆਪਕ ਉਥਲ ਪੁਥਲ 'ਚੋਂ ਲੰਘ ਰਿਹਾ ਸੀ। ਮਿਖਾਈਲ ਗੋਰਬਾਚੋਵ ਦੇ ਤਹਿਤ ਸੋਵੀਅਤ ਯੂਨੀਅਨ ਨੇ ਜਨਵਰੀ 1991 ਵਿੱਚ ਕਾਲੇ ਧਨ ਦੀ ਅਰਥ ਵਿਵਸਥਾ ''ਤੇ ਰੋਕ ਲਾਉਣ ਲਈ ਉਚੀ ਕੀਮਤ ਵਾਲੀ ਰੂਬਲ ਕਰੰਸੀ ਬੰਦ ਕਰ ਦਿੱਤੀ ਸੀ। ਇਹ ਨੋਟ 100 ਤੇ 50 ਰੂਬਲ ਦੇ ਸਨ, ਜੋ ਕੁੱਲ ਚਾਲੂ ਕਰੰਸੀ ਦਾ ਸਿਰਫ ਇੱਕ ਤਿਹਾਈ ਸਨ। ਫਿਰ ਵੀ ਇਨ੍ਹਾਂ ਸੁਧਾਰਾਂ ਨਾਲ ਸਿੱਕੇ ਦੇ ਪਸਾਰ 'ਤੇ ਰੋਕ ਨਹੀਂ ਲੱਗੀ ਸੀ ਤੇ ਸੋਵੀਅਤ ਯੂਨੀਅਨ ਦੀ ਪੂਰੀ ਅਰਥਵਿਵਵਸਥਾ ਠੱਪ ਹੋ ਗਈ ਸੀ। ਉਸੇ ਵਰ੍ਹੇ ਗੋਰਬਾਚੋਵ ਨੂੰ ਇਸ ਨੋਟਬੰਦੀ ਕਾਰਨ ਪੈਦਾ ਹੋਈ ਸਥਿਤੀ ਕਾਰਨ ਰਾਜਪਲਟੇ ਦਾ ਸਾਹਮਣਾ ਕਰਨਾ ਪਿਆ ਸੀ ਤੇ ਆਖਰ ਵਿੱਚ ਸੋਵੀਅਤ ਯੂਨੀਅਨ ਦੇ ਟੋਟੇ-ਟੋਟੇ ਹੋ ਗਏ ਸਨ। ਉੱਤਰੀ ਕੋਰੀਆ ਦੇ ਸਾਬਕਾ ਤਾਨਾਸ਼ਾਹ ਕਿਮ ਜੋਂਗ ਇਲ ਨੇ 2010 ਵਿੱਚ 'ਸੁਧਾਰਾਂ' ਦੀ ਸ਼ੁਰੂਆਤ ਕੀਤੀ ਸੀ, ਜਿਸ ਦੇ ਤਹਿਤ ਉਸ ਨੇ ਪੁਰਾਣੀ ਕਰੰਸੀ ਦੇ ਦੋ ਜ਼ੀਰੋ ਉਡਾ ਦਿੱਤੇ ਸਨ। ਕਿਮ ਦੇ ਇਸ ਕਦਮ ਨੇ ਗੰਭੀਰ ਸਮੱਸਿਆਵਾਂ ਨੂੰ ਜਨਮ ਦਿੱਤਾ, ਜਿਵੇਂ ਖ਼ੁਰਾਕੀ ਪਦਾਰਥਾਂ ਦੀ ਭਾਰੀ ਘਾਟ ਤੇ ਕੀਮਤਾਂ ਵਿੱਚ ਭਾਰੀ ਵਾਧਾ।

1993 ਵਿੱਚ ਅਫਰੀਕੀ ਦੇਸ਼ ਜ਼ਾਇਰੇ ਦੇ ਉਸ ਵੇਲੇ ਦੇ ਤਾਨਾਸ਼ਾਹ ਮਾਬੂਤੂ ਸੇਸੇ ਸੀਕੋ ਨੇ ਨੋਟਬੰਦੀ ਦਾ ਹੁਕਮ ਜਾਰੀ ਕੀਤਾ, ਜਿਸ ਨੇ ਅਸਲ ਵਿੱਚ ਕਰੰਸੀ ਪਾਸਰੇ ਦਾ ਰਾਹ ਪੱਧਰਾ ਕੀਤਾ ਅਤੇ ਡਾਲਰ ਦੇ ਮੁਕਾਬਲੇ ਜ਼ਾਇਰੇ ਦੀ ਕਰੰਸੀ ਢਹਿ ਢੇਰੀ ਹੋ ਗਈ। ਫਿਰ ਉਥੇ ਖਾਨਾਜੰਗੀ ਛਿੜ ਗਈ ਤੇ 1997 ਵਿੱਚ ਮਾਬੂਤੂ ਨੂੰ ਖਦੇੜ ਦਿੱਤਾ ਗਿਆ।

1987 ਵਿੱਚ ਮੀਆਂਮਾਰ ਨੇ ਵੀ ਅਜਿਹਾ ਪੰਗਾ ਲਿਆ ਸੀ, ਜਦੋਂ ਸੱਤਾਧਾਰੀ ਫੌਜੀ ਸ਼ਾਸਕਾਂ ਦੀ ਟੋਲੀ ਨੇ ਦੇਸ਼ ਦੀ 80 ਫੀਸਦੀ ਕਰੰਸੀ ਨੂੰ ਨਕਾਰਾ ਕਰ ਦਿੱਤਾ ਸੀ, ਜਿਸ ਨਾਲ ਦੇਸ਼ 'ਚ ਆਰਥਿਕ ਹਫੜਾ-ਦਫੜੀ ਫੈਲ ਗਈ ਤੇ ਵਿਆਪਕ ਲੋਕ ਰੋਹ ਪੈਦਾ ਹੋ ਗਿਆ ਇਸ ਵਿਰੁੱਧ ਚੱਲੇ ਦਮਨ-ਚੱਕਰ ਵਿੱਚ ਸੈਂਕੜੇ ਲੋਕ ਮਾਰੇ ਗਏ ਸਨ।

ਇਸੇ ਤਰ੍ਹਾਂ ਦੇ ਹੋਰ ਦੇਸ਼ਾਂ ਘਾਨਾ ਅਤੇ ਨਾਈਜੀਰੀਆ ਨੇ ਵੀ ਨੋਟਬੰਦੀ ਦਾ ਪੰਗਾ ਲਿਆ, ਪਰ ਦੋਵੇਂ ਦੇਸ਼ ਕਾਲੇ ਧਨ ਤੇ ਭ੍ਰਿਸ਼ਟਾਚਾਰ ਤੇ ਰੋਕ ਲਾਉਣ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੇ। ਇਨ੍ਹਾਂ ਸਾਰੇ ਦੇਸ਼ਾਂ 'ਚੋਂ ਕੋਈ ਵੀ ਭਾਰਤ ਵਾਂਗ ਸਥਿਰ ਨਹੀਂ ਸੀ ਤੇ ਨਾ ਸਾਡੇ ਵਾਂਗ ਉਨ੍ਹਾਂ ਦੀਆਂ ਅਰਥ ਵਿਵਸਥਾਵਾਂ ਤੇਜ਼ੀ ਨਾਲ ਵਿਕਾਸ ਕਰ ਰਹੀਆਂ ਸਨ। ਦੁਨੀਆ ਭਰ ਦੇ ਅਰਥ ਸ਼ਾਸਤਰੀਆਂ ਨੇ ਸਰਕਾਰ ਦੇ ਇਨ੍ਹਾਂ ਦਾਅਵਿਆਂ 'ਤੇ ਗੰਭੀਰ ਖਦਸ਼ੇ ਪ੍ਰਗਟਾਏ ਹਨ ਕਿ ਮੋਦੀ ਸਰਕਾਰ ਦਾ ਨੋਟਬੰਦੀ ਦਾ ਕਦਮ ਕਾਲੇ ਧਨ 'ਤੇ ਕਾਫੀ ਹੱਦ ਤੱਕ ਰੋਕ ਲਾ ਸਕੇਗਾ। ਉਨਾਂ ਨੇ ਇਸ ਤੱਥ ਵੱਲ ਇਸ਼ਾਰਾ ਕੀਤਾ ਹੈ ਕਿ ਨਕਦੀ ਦੇ ਰੂਪ ਵਿੱਚ ਕਾਲੇ ਧਨ ਦਾ ਬਹੁਤ ਛੋਟਾ ਜਿਹਾ ਅੰਸ਼ ਹੈ, ਕਿਉਂਕਿ ਆਮ ਤੌਰ 'ਤੇ ਕਾਲੇ ਧਨ ਨੂੰ ਰੀਅਲ ਅਸਟੇਟ ਤੇ ਸੋਨੇ ਵਰਗੀਆਂ ਹੋਰਨਾਂ ਜਾਇਦਾਦਾਂ ਵਿੱਚ ਬਦਲ ਦਿੱਤਾ ਜਾਂਦਾ ਹੈ। ਇਥੋਂ ਤੱਕ ਕਿ ਜਿਹੜੇ ਲੋਕਾਂ ਨੇ ਕਰੰਸੀ ਨੋਟ ਆਪਣੇ ਸੂਟਕੇਸਾਂ ਜਾਂ ਬੋਰੀਆਂ ਵਿੱਚ ਭਰ ਕੇ ਰੱਖੇ ਹੋਏ ਸਨ, ਉਨ੍ਹਾਂ ਨੇ ਵੀ ਹੁਣ ਤੱਕ ਉਨਾਂ ਨੂੰ ਵ੍ਹਾਈਟ ਕਰਨ ਦਾ ਜੁਗਾੜ ਕਰ ਲਿਆ ਹੋਵੇਗਾ।



We pay
our glowing tribute
to Bharat Rattan
Baba Saheb
Dr. Bhimrao
Ramji Ambedkar
on his
60th
Prinirvan Divas

ਵੱਲੋਂ ਸਵਰਨ ਕੌਰ ਵਿਰਦੀ

ਸੁਪਤਨੀ ਸਵਰਗਵਾਸੀ ਸ੍ਰੀ ਜਰਨੈਲ ਵਿਰਦੀ

ਸਮੂਹ ਵਿਰਦੀ ਪਰਿਵਾਰ



Mrs. Swaran Kaur Virdi W/O Late Sh. Jarnail Virdi
With her son Mr. Pawan Virdi & daughter-in-law
Mrs. Sunita Virdi and grandson & grand daughters



"I feel that the constitution is workable, it is flexible and it is strong enough to hold the country together both in peacetime and in wartime. Indeed, if I may say so, if things go wrong under the new Constitution, the reason will not be that we had a bad Constitution. What we will have to say is that Man was vile." - Babasaheb Dr. B.R. Ambedkar

We pay our glowing tribute to Bharat Rattan Baba Saheb
Dr. Bhimrao Ramji Ambedkar on his 60th Prinirvan Divas



ਅਵਤਾਰ ਬੈਂਸ ਅਤੇ ਉਹਨਾਂ ਦੀ ਸੁਪਤਨੀ ਦੇਬੋ ਬੈਂਸ

**Avtar Bains**
**(Ex Treasurer)**
**Mrs. Debo Bains**
**(Ex Chairperson)**
**Sri Guru Ravidass Sabha**
**Pittsburg (California)**



"You must abolish your slavery yourselves. Do not depend for its abolition upon god or a superman. Remember that it is not enough that a people are numerically in the majority. They must be always watchful, strong and self- respecting to attain and maintain success. We must shape our course ourselves and by ourselves." *- Babasaheb Dr. B.R. Ambedkar*

**We pay our glowing tribute to**
**Bharat Rattan Baba Saheb Dr. Bhimrao Ramji Ambedkar**
**on his 60th Prinirvan Divas**

## RAM MURTI SAROAY

**ਉਘੇ ਸਮਾਜ ਸੇਵਕ**

**SAROAY INVESTMENT REALTY**

39039 Paseo Padre Parkway Suite
# 205 Fremont, CA 94538
Office: (510) 742-8120, Fax: (510) 742-8121
ramsaroay@hotmail.com





## Amrik Chand

**(CPA)**

We are in this business since 1989.
Your satisfaction is our goal.

959 Corporate Way,
Fremont, CA. 94539

**Phone : 510-490-8200**
**Fax : 510-490-8202**
Email : achand@pacbell.net



"I feel that the constitution is workable, it is flexible and it is strong enough to hold the country together both in peacetime and in wartime. Indeed, if I may say so, if things go wrong under the new Constitution, the reason will not be that we had a bad Constitution. What we will have to say is that Man was vile." *- Babasaheb Dr. B.R. Ambedkar*

We pay our glowing tribute to
Bharat Rattan Baba Saheb
Dr. Bhimrao Ramji Ambedkar
on his 60th Prinirvan Divas



# Shingara Singh Ralh

## President

**Shri Guru Ravidass Temple Yuba City, California**

**(530) 713-1823**

**Shingara Singh Ralh**



"I feel that the constitution is workable, it is flexible and it is strong enough to hold the country together both in peacetime and in wartime. Indeed, if I may say so, if things go wrong under the new Constitution, the reason will not be that we had a bad Constitution. What we will have to say is that Man was vile." -Babasaheb Dr. B.R. Ambedkar



We pay our glowing tribute to
Bharat Rattan Baba Saheb
Dr. Bhimrao Ramji Ambedkar
on his 60th Prinirvan Divas

# Dr Harmesh Kumar




"Man is mortal. Everyone has to die some day or the other. But one must resolve to lay down one's life in enriching the noble ideals of self-respect and in bettering one's human life. We are not slaves. Nothing is more disgraceful for a brave man than to live life devoid of self-respect." *- Dr. B.R. Ambedkar*

We pay our glowing tribute to
Bharat Rattan Baba Saheb
Dr. Bhimrao Ramji Ambedkar
on his 60th Prinirvan Divas

# Vinod Kumar Chumber

**Vice Chairman**

**Shri Guru Ravidas Sabha Bay Area (CA)**





"On 26th January 1950, we are going to enter into a life of contradictions. In politics, we will have equality and in social and economic structure, continue to deny the principle of one man one value. How long shall we continue to live this life of contradictions? How long shall we continue to deny equality in our social and economic life? If we continue to deny it for long, we will do so only by putting our political democracy in peril. We must remove this contradiction at the earliest possible moment else those who suffer from inequality will blow up the structure of democracy which this Constituent Assembly has so laboriously built up."

-Babasaheb Dr. B.R. Ambedkar

We pay our glowing tribute to Bharat Rattan Baba Saheb Dr. Bhimrao Ramji Ambedkar on his 60th Prinirvan Divas





**Bihari Lal Chahal, Amardeep Chahal**

**Sh. Bihari Lal Chahal & Family**

**Chahal Corporation King City (California)**



"I feel that the constitution is workable, it is flexible and it is strong enough to hold the country together both in peacetime and in wartime. Indeed, if I may say so, if things go wrong under the new Constitution, the reason will not be that we had a bad Constitution. What we will have to say is that Man was vile."

-Babasaheb Dr. B.R. Ambedkar

**Jai Bhim**




**We pay our glowing tribute to Bharat Rattan Baba Saheb Dr. Bhimrao Ramji Ambedkar on his 60th Prinirvan Divas**

# Hans Raj Kajla

# ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਜੀ ਦੀ ਬਰਸੀ 'ਤੇ ਵਿਸ਼ੇਸ਼ (10 ਦਸੰਬਰ)

ਮਹਾਨ ਗੁਰੂ, ਸਤਿਗੁਰੂ ਰਵਿਦਾਸ ਜੀ ਦੇ ਸ਼ਿਸ਼, ਉਨ੍ਹਾਂ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਬਨਾਰਸ ਤੋਂ ਸਭ ਦਿਸ਼ਾਵਾਂ ਵੱਲ ਤੁਰ ਪਏ ਸਨ। ਉਨ੍ਹਾਂ ਮਰਜੀਵੜਿਆਂ ਵਿੱਚੋਂ ਕੁਝ ਪੰਜਾਬ ਆ ਗਏ ਸਨ।ਇਥੇ ਸਮੇਂ ਦੇ ਬੀਤਣ ਨਾਲ (ਸਤਿਗੁਰੂ ਜੀ ਦੀ ਪਵਿੱਤਰ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਹੋਣ ਕਾਰਨ) ਉਹ ਸਿੱਖ ਧਰਮ ਵਿੱਚ ਆ ਗਏ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਨੁਮਾਈ ਵਿੱਚ ਲੜੇ ਗਏ ਧਰਮ-ਯੁੱਧਾਂ ਵਿੱਚ ਬਹਾਦਰੀ ਦੇ ਵੱਡੇ ਜੌਹਰ ਦਿਖਾਏ। ਜਦ ਆਨੰਦਪੁਰ ਕਿਲ੍ਹਾ ਛੱਡਣ ਮਗਰੋਂ ਗੁਰੂ ਸਾਹਿਬ ਸਰਸਾ ਨਦੀ ਨੂੰ ਪਾਰ ਕਰ ਰਹੇ ਸਨ ਤਾਂ ਉਨ੍ਹਾਂ ਦੇ ਕੁਝ ਸਿੰਘ ਸਰਸਾ ਨਦੀ ਦੇ ਤੇਜ਼ ਵਹਾਅ ਵਿੱਚ ਵਹਿ ਗਏ ਸਨ। ਉਨ੍ਹਾਂ ਵਿੱਚ ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਜੀ ਦੇ ਪਿਤਾ ਸ. ਤੇਜਾ ਸਿੰਘ ਜੀ ਦੇ ਦਾਦਾ ਸ. ਸੁੱਚਾ ਸਿੰਘ ਜੀ ਦੇ ਦਾਦਾ ਸ. ਬੁੱਧ ਸਿੰਘ ਵੀ ਸਨ। ਇਸ ਵਾਰਤਾ ਤੋਂ ਸਪਸ਼ਟ ਹੁੰਦਾ ਹੈ ਕਿ ਅਚਾਰੀਆ ਜੀ ਇਕ ਮਹਾਨ ਪਰੰਪਰਾ ਦੇ ਵਾਰਿਸ ਸਨ।

ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਜੀ ਦਾ ਜਨਮ 9 ਅਗਸਤ, 1905 ਨੂੰ ਜ਼ਿਲ੍ਹਾ ਰੋਪੜ ਦੀ ਖਰੜ ਤਹਿਸੀਲ ਦੇ ਪਿੰਡ ਬਡਾਲਾ ਨਯਾਸ਼ਹਿਰ ਵਿਖੇ ਪਿਤਾ ਸ. ਤੇਜਾ ਸਿੰਘ ਜੀ ਦੇ ਗ੍ਰਹਿ ਮਾਤਾ ਉੱਤਮੀ ਜੀ ਦੀ ਸੁਭਾਗੀ ਕੁੱਖ ਤੋਂ ਹੋਇਆ।ਆਪ ਨੇ ਕ੍ਰਿਸਚੀਅਨ ਹਾਈ ਸਕੂਲ ਖਰੜ ਤੋਂ ਦਸਵੀਂ ਪਾਸ ਕੀਤੀ।ਆਪ ਜੀ ਦੀ ਰੁਚੀ ਰਾਜਨੀਤਕ ਸਰਗਰਮੀਆਂ ਵਿੱਚ ਹੋਣ ਕਾਰਨ ਆਪ ਨੂੰ ਮਹਿੰਦਰਾ ਕਾਲਜ ਪਟਿਆਲਾ ਵਿੱਚ ਦਾਖ਼ਲਾ ਨਾ ਮਿਲ ਸਕਿਆ।ਫਿਰ ਆਪ ਜੀ ਨੇ ਖਰੜ ਤੋਂ ਬੀ.ਏ. ਪੱਧਰ ਦੀ ਪੜ੍ਹਾਈ ਪੂਰੀ ਕੀਤੀ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਆਪ ਸੰਨ 1928 ਵਿੱਚ ਰਾਜਨੀਤੀ ਵਿੱਚ ਪ੍ਰਵੇਸ਼ ਕਰ ਗਏ। ਆਪ ਦਲਿਤਾਂ, ਮਜ਼ਦੂਰਾਂ ਅਤੇ ਪਿਛੜੇ ਵਰਗਾਂ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਭਲਾਈ ਲਈ ਰਾਜਨੀਤਕ ਸਰਗਰਮੀਆਂ ਵਿੱਚ ਜੁਟੇ। ਆਪ ਸਰਬ ਭਾਰਤੀ ਕਾਂਗਰਸ ਕਮੇਟੀ ਦੇ ਮੈਂਬਰ ਵੀ ਰਹੇ। ਆਪ ਜੰਗੇ-ਆਜ਼ਾਦੀ ਦੇ ਅੰਦੋਲਨ ਵਿੱਚ ਕਈ ਵਾਰ ਜੇਲ੍ਹ ਗਏ। ਆਪ 1932 ਤੋਂ 1945 ਅਤੇ 1952 ਤੋਂ 1965 ਤਕ ਪੰਜਾਬ ਦਲਿਤ ਵਰਗ ਲੀਗ ਦੇ ਪ੍ਰਧਾਨ ਵੀ ਰਹੇ। ਆਪ ਭਾਰਤੀ ਸੰਵਿਧਾਨ ਸਭਾ ਦੇ ਮੈਂਬਰ ਵੀ ਸਨ। ਭਾਰਤੀ ਸੰਵਿਧਾਨ ਦੇ ਖਰੜੇ ਉੱਪਰ ਆਪ ਜੀ ਦੇ ਦਸਤਖ਼ਤ ਮੌਜੂਦ ਹਨ।ਆਪ ਦੀ ਸਿਆਣਪ ਨੂੰ ਦੇਖ ਕੇ ਪੰਡਤ ਮਦਨ ਮੋਹਨ ਮਾਲਵੀਆ ਨੇ ਆਪ ਨੂੰ 'ਅਚਾਰੀਆ' ਸ਼ਬਦ ਨਾਲ ਸੰਬੋਧਤ ਕੀਤਾ ਸੀ। ਉਸ ਦਿਨ ਤੋਂ ਬਾਅਦ ਲੋਕ ਆਪ ਜੀ ਨੂੰ ਇਸੇ ਨਾਮ ਨਾਲ ਸੰਬੋਧਨ ਕਰਨ ਲੱਗ ਪਏ ਸਨ। ਜਦ ਦੇਸ਼ ਆਜ਼ਾਦ ਹੋਇਆ ਤਾਂ ਆਪ ਸ੍ਰੀ ਗੋਪੀ ਚੰਦ ਭਾਰਗਵ ਦੇ ਮੰਤਰੀ ਮੰਡਲ ਵਿੱਚ ਉਪ ਮੁੱਖ ਮੰਤਰੀ ਬਣੇ। ਆਪ ਜੀ ਦੀ ਕੇਂਦਰੀ ਮੰਤਰੀ ਬਾਬੂ ਜਗਜੀਵਨ ਰਾਮ ਜੀ ਨਾਲ ਬੜੀ ਨੇੜਤਾ ਸੀ। ਆਪ ਦੀ ਇੱਛਾ ਸੀ ਕਿ ਪੰਜਾਬ ਦੀ ਰਾਜਧਾਨੀ ਇਹੋ ਜਿਹੇ ਥਾਂ 'ਤੇ ਬਣੇ ਜਿੱਥੇ ਵਾਤਾਵਰਨ ਪ੍ਰਦੂਸ਼ਨ ਅਤੇ ਜਲ ਨਿਕਾਸ ਆਦਿ ਦੀਆਂ ਸਮੱਸਿਆਵਾਂ ਪੈਦਾ ਨਾ ਹੋਣ। ਇਸ ਕੰਮ ਲਈ ਆਪ ਨੇ ਚੰਡੀ ਮੰਦਰ ਦੇ ਨੇੜੇ ਪੰਜਾਬ ਦੀ ਰਾਜਧਾਨੀ ਬਨਾਉਣ ਦਾ ਨਿਰਣਾ ਲਿਆ। ਤਦ ਕਿਸਾਨਾਂ ਤੋਂ ਜ਼ਮੀਨ ਲੈਣ ਦਾ ਕੰਮ ਸ਼ੁਰੂ ਹੋਇਆ। ਵਿਰੋਧੀ ਲੋਕਾਂ ਦੀਆਂ ਪਰਵਾਹਾਂ ਕਾਰਨ ਕਿਸਾਨਾਂ ਨੇ ਆਪ ਜੀ ਦਾ ਬੜਾ ਭਾਰੀ ਵਿਰੋਧ ਵੀ ਕੀਤਾ। ਕੇਵਲ ਵਿਰੋਧ ਹੀ ਨਹੀਂ ਸਗੋਂ ਨਿਰਾਦਰ ਵੀ ਕੀਤਾ ਪਰ ਆਪ ਜੀ ਦੀਆਂ ਰਗਾਂ ਵਿੱਚ ਸੰਤਾਂ ਅਤੇ ਯੋਧਿਆਂ ਦਾ ਲਹੂ ਸੀ। ਇਸ ਵਿਰੋਧ ਸਮੇਂ ਮੁੱਖ-ਮੰਤਰੀ ਗੋਪੀ ਚੰਦ ਭਾਰਗਵ ਆਪਣਾ (ਮੁੱਖ ਮੰਤਰੀ ਦਾ) ਚਾਰਜ ਆਪ ਜੀ ਨੂੰ ਸੌਂਪ ਕੇ, ਛੁੱਟੀ ਲੈ ਗਏ।ਆਪ ਜੀ ਨੇ ਬੜੇ ਨਾਜ਼ੁਕ ਦੌਰ ਵਿੱਚ ਸੂਬੇ ਦੀ ਵਾਗਡੋਰ ਸੰਭਾਲੀ ਅਤੇ ਇੱਥੋਂ ਦਾ ਸੰਤੁਲਨ ਬਣਾਈ ਰੱਖਿਆ।ਆਪ ਨੇ ਵਿਰੋਧ ਦੀ ਪਰਵਾਹ ਨਾ ਕਰਦੇ ਹੋਏ ਚੰਡੀਗੜ੍ਹ ਲਈ ਜ਼ਮੀਨ ਪ੍ਰਾਪਤ ਕਰ ਲਈ। ਉਸ ਥਾਂ 'ਤੇ ਚੰਡੀਗੜ੍ਹ ਉਸਰਿਆ।ਅੱਜ ਅਖ਼ਬਾਰਾਂ ਇਸ ਅਤਿ-ਕਠਿਨ ਕੰਮ ਦੇ ਸਿਰੇ ਚੜ੍ਹਨ ਦਾ ਸਿਹਰਾ ਹੋਰ-ਹੋਰ ਲੋਕਾਂ ਨੂੰ ਦੇਣ ਦਾ ਢੰਡੋਰਾ ਆਏ ਦਿਨ ਪਿਟਦੀਆਂ ਹਨ। ਚੰਡੀਗੜ੍ਹ ਦੇ ਨਕਸ਼ਾ ਨਵੀਸ ਲੀ ਕਾਰਬੂਜ਼ੀਅਰ ਬਾਰੇ ਅੰਗਰੇਜ਼ੀ ਅਖ਼ਬਾਰ ਟ੍ਰਿਬਿਊਨ ਵਿੱਚ ਨਿਤ ਆਏ ਲੇਖ ਛਪਦੇ ਹੀ ਰਹਿੰਦੇ ਹਨ।ਪਰ ਦਲਿਤ ਯੋਧੇ ਦਾ ਕਿਤੇ ਨਿਸ਼ਾਨ ਨਹੀਂ ਦੱਸਿਆ ਜਾਂਦਾ। ਆਖ਼ਰ ਪੰਜਾਬ ਦੀਆਂ ਨਵੀਆਂ ਪੀੜ੍ਹੀਆਂ ਨੂੰ ਇਸ ਸੂਰਜ ਵਰਗੀ ਸੱਚਾਈ ਦਾ ਪਤਾ ਲੱਗਣਾ ਹੀ ਹੈ। ਆਪ ਸੰਨ 1946 ਵਿੱਚ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ। ਆਪ ਸੰਨ 1949 ਤੋਂ 1951 ਤੱਕ ਮੰਤਰੀ ਰਹੇ।



ਪਹਿਲਾਂ ਅਚਾਰੀਆ ਜੀ ਕੇਸਾਧਾਰੀ ਸਨ। ਅਚਾਰੀਆ ਜੀ ਦੇ ਪੋਤ-ਜੁਆਈ ਸ੍ਰੀ ਬਲਵੰਤ ਸਿੰਘ ਚਾਂਦਪੁਰ ਜੀ (ਜੋ ਰੂਪਨਗਰ ਵਿਖੇ ਰਹਿੰਦੇ ਹਨ) ਨੇ ਦੱਸਿਆ ਕਿ ਆਪ ਇੱਕ ਵਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਗਏ।ਮੱਥਾ ਟੇਕਣ ਮਗਰੋਂ ਜਦ ਆਪ ਲੰਗਰ ਛਕਣ ਗਏ ਤਾਂ ਆਪ ਨੂੰ ਚੌਥੇ ਪੌਡੇ ਦੇ ਸਿੱਖ ਕਿਹਾ ਗਿਆ।ਆਪ ਓਥੋਂ ਆ ਗਏ ਤੇ ਕੇਸ ਕਟਵਾ ਲਏ। ਤਦ ਆਪ ਆਰੀਆ ਸਮਾਜ ਵਿੱਚ ਚਲੇ ਗਏ। ਓਥੇ ਆਪ ਜੀ ਨੇ ਬਹੁਤ ਕੰਮ ਕੀਤਾ।ਆਰੀਆ ਸਮਾਜ ਬਾਰੇ ਕਈ ਪੁਸਤਕਾਂ ਲਿਖੀਆਂ। ਆਰੀਆ ਸਮਾਜ ਦੇ ਇਤਿਹਾਸ ਵਿੱਚ, ਆਪ ਜੀ ਦਾ ਅਤੇ ਆਪ ਜੀ ਦੁਆਰਾ ਕੀਤੇ ਗਏ ਕਾਰਜਾਂ ਦਾ ਜ਼ਿਕਰ, ਆਪ ਦੇ ਚਿੱਤਰਾਂ ਸਹਿਤ ਕੀਤਾ ਗਿਆ ਹੈ।ਇੱਥੇ ਆਪ ਜੀ ਦੇ ਯੋਗਦਾਨ ਨੂੰ ਬਹੁਤ ਸਲਾਹਿਆ ਗਿਆ। ਸੰਨ 1974 ਵਿੱਚ ਆਪ ਜੀ ਨੂੰ ਆਰੀਆ ਪ੍ਰਤੀਨਿਧ ਸਭਾ ਦਾ ਪ੍ਰਧਾਨ ਚੁਣਿਆ ਗਿਆ।

ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਆਪ ਸੰਨ 1976 ਦੇ ਨੇੜੇ ਆਰੀਆ ਸਮਾਜ ਤੋਂ ਵੀ ਅਲੱਗ ਹੋ ਗਏ। ਪਰ ਆਰੀਆ ਸਮਾਜੀ ਵਿਦਵਾਨਾਂ ਨਾਲ ਆਪ ਜੀ ਦਾ ਪਿਆਰ ਜਿਉਂ ਦਾ ਤਿਉਂ ਬਣਿਆ ਰਿਹਾ। ਫਿਰ ਆਪ ਸਤਿਗੁਰੂ ਰਵਿਦਾਸ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਗਏ। ਆਪ ਨੇ ਸਤਿਗੁਰੂ ਜੀ ਦੀ ਬਾਣੀ ਇਕੱਤਰ ਕੀਤੀ। ਆਪ ਜੀ ਨੇ ਹੋਰਨਾਂ ਵਿਦਵਾਨਾਂ ਨੂੰ ਵੀ ਇਸ ਬਾਣੀ ਦੀ ਮਹੱਤਤਾ ਦਾ ਲੋਹਾ ਮਨਵਾਇਆ ਅਤੇ ਇਸ ਬਾਣੀ 'ਤੇ ਖੋਜ-ਕਾਰਜ ਕਰਨ ਲਈ ਪ੍ਰੇਰਿਤ ਕੀਤਾ। ਇੱਕ ਵਾਰ ਬਾਬੂ ਜਗਜੀਵਨ ਰਾਮ ਜੀ ਚੰਡੀਗੜ੍ਹ ਆਏ। ਤਦ ਆਪ ਜੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਹਿੰਦੀ ਦੇ ਪ੍ਰਸਿੱਧ ਡਾ. ਬੇਣੀ ਪ੍ਰਸਾਦ ਸ਼ਰਮਾ ਨੂੰ ਬਾਬੂ ਜੀ ਤੋਂ ਸਿਫ਼ਾਰਿਸ਼ ਕਰਵਾ ਕੇ ਸਤਿਗੁਰੂ ਜੀ ਦੇ ਜੀਵਨ ਅਤੇ ਬਾਣੀ ਬਾਰੇ ਖੋਜ ਕਰਨ ਹਿਤ ਲਗਾਇਆ। ਚੰਡੀਗੜ੍ਹ ਯੂਨੀਵਰਸਿਟੀ ਵਿਚ ਗੁਰੂ ਰਵਿਦਾਸ ਚੇਅਰ ਸਥਾਪਿਤ ਕਰਾਈ। ਡਾ. ਧਰਮਪਾਲ ਸਿੰਗਲ ਨੂੰ ਇਸ ਚੇਅਰ (ਵਿਭਾਗ) ਵਿੱਚ ਖੋਜ-ਕਾਰਜ ਲਈ ਲਗਾਇਆ ਜਿਹੜੇ ਮਗਰੋਂ ਇਸ ਚੇਅਰ ਦੇ ਚੇਅਰਪਰਸਨ ਬਣੇ। ਡਾ. ਧਰਮਪਾਲ ਸਿੰਗਲ ਜੀ ਦੀ ਅਗਵਾਈ ਹੇਠ ਕੋਈ 40 ਦੇ ਕਰੀਬ ਵਿਦਵਾਨਾਂ ਨੇ ਸਤਿਗੁਰੂ ਜੀ ਦੇ ਜੀਵਨ ਅਤੇ ਬਾਣੀ ਦੇ ਵੱਖ-ਵੱਖ ਪਹਿਲੂਆਂ ਤੇ ਪੀ.ਐੱਚ.ਡੀ. ਡਿਗਰੀਆਂ ਪ੍ਰਾਪਤ ਕੀਤੀਆਂ। ਆਪ ਜੀ ਨੇ ਇਕੱਲਿਆਂ ਅਤੇ ਡਾ. ਬੀ. ਪੀ. ਸ਼ਰਮਾ ਜੀ ਦੇ ਸਹਿਯੋਗ ਨਾਲ ਕੋਈ ਪੰਜ ਮਹਾਨ ਪੁਸਤਕਾਂ ਦੀ ਰਚਨਾ ਕੀਤੀ। ਆਪ ਜੀ ਦੀਆਂ ਲਿਖੀਆਂ ਹੋਈਆਂ ਕੁਝ ਪੁਸਤਕਾਂ ਅਜੇ ਅਣਛਪੀਆਂ ਵੀ ਪਈਆਂ ਹਨ। ਆਪ ਜੀ ਦੀ ਨਿੱਜੀ ਡਾਇਰੀ ਵੀ ਅਣਛਪੀ ਪਈ ਹੋਈ ਹੈ।(ਮੇਰੇ (ਲੇਖਕ ਦੇ) ਮਿੱਤਰ ਸ੍ਰੀ ਸਵਰਨ ਦਾਸ ਵਿਰਦੀ ਸੇਵਾ-ਮੁਕਤ ਡਾਇਰੈਕਟਰ ਮਾਨਵ ਸੰਸਾਧਨ ਵਿਕਾਸ ਵਿਭਾਗ ਕੇਂਦਰ ਸਰਕਾਰ ਨੇ ਅੱਖੀਂ ਦੇਖਿਆ ਦ੍ਰਿਸ਼ ਬਿਆਨ ਕਰਦਿਆਂ ਦੱਸਿਆ) "ਜਦ ਅਚਾਰੀਆ ਜੀ ਨੇ 'ਰਵਿਦਾਸ ਦਰਸ਼ਨ' ਪੁਸਤਕ ਰੀਲੀਜ਼ ਕਰਨੀ ਸੀ ਤਾਂ ਕੇਂਦਰ ਤੋਂ ਬਾਬੂ ਜਗਜੀਵਨ ਰਾਮ ਜੀ ਵੀ ਆਏ ਹੋਏ ਸਨ। ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਵੀ ਮੰਚ 'ਤੇ ਬਿਰਾਜਮਾਨ ਸਨ। ਮੁੰਬਈ ਤੋਂ ਇੱਕ ਪਾਰਟੀ ਫ਼ਿਲਮ ਦਿਖਾਉਣ ਲਈ ਪੁੱਜੀ ਹੋਈ ਸੀ। ਉਨ੍ਹਾਂ ਨੇ ਸਤਿਗੁਰੂ ਰਵਿਦਾਸ ਜੀ ਦੁਆਰਾ ਉਚਾਰਨ ਕੀਤੀ ਹੋਈ ਆਰਤੀ 'ਤੇ ਇੱਕ ਡਾਕੂਮੈਂਟਰੀ ਫ਼ਿਲਮ ਦਿਖਾਈ ਸੀ। ਵਿਰੋਧੀ ਧਿਰ (ਅਕਾਲੀ ਦਲ) ਦੇ ਨੇਤਾ ਵੀ ਆਏ ਹੋਏ ਸਨ। ਅਚਾਰੀਆ ਜੀ ਨੇ ਗਿਆਨੀ ਜ਼ੈਲ ਸਿੰਘ ਤੋਂ ਦਲਿਤਾਂ ਸਬੰਧੀ ਰੁਕੇ ਹੋਏ ਕਈ ਕੰਮਾਂ ਦੇ ਆਰਡਰ ਪਾਸ ਕਰਵਾਏ ਸਨ।" ਆਪ ਜੀ ਨੇ ਸਤਿਗੁਰੂ ਰਵਿਦਾਸ ਜੀ ਦੇ ਜਨਮ ਪੁਰਬ 'ਤੇ ਸ਼ੋਭਾ ਯਾਤਰਾ ਕੱਢਣ ਦੀ ਪਰੰਪਰਾ ਵੀ ਤੋਰੀ। ਆਪ ਕਈ ਵਾਰ ਡੇਰਾ ਸੱਚ ਖੰਡ ਬੱਲਾਂ ਵੀ ਆਏ ਸਨ।ਆਪ ਪਰਮ ਸੰਤ ਸਰਵਨ ਦਾਸ ਜੀ ਦੀ ਅਧਿਆਤਮਿਕ ਉੱਚਤਾ ਤੋਂ ਬੜੇ ਪ੍ਰਭਾਵਿਤ ਸਨ।

ਆਪ ਦਲਿਤਾਂ ਲੋਕਾਂ ਸਮੇਤ ਸਮੁੱਚੇ ਦੇਸ਼ ਲਈ ਕੁਝ ਖ਼ਾਸ ਕਰਨਾ ਚਾਹੁੰਦੇ ਸਨ।ਆਪ ਨੇ ਰੋਪੜ ਤੋਂ ਲੁਧਿਆਣਾ ਦਰਿਆ ਦੇ ਨਾਲ-ਨਾਲ ਲਗਦੀ ਪੰਜ-ਪੰਜ ਏਕੜ ਜ਼ਮੀਨ ਦਲਿਤਾਂ ਨੂੰ ਅਲਾਟ ਕਰਵਾਈ ਜਿਸਦੀ ਕੀਮਤ ਹੁਣ ਕਰੋੜਾਂ ਵਿੱਚ ਹੈ। ਜਦ ਪੰਜਾਬੀ ਸੂਬੇ ਦੀ ਮੰਗ ਉੱਠੀ ਤਾਂ ਆਪ ਨੇ ਪੰਜਾਬੀ ਬੋਲਦੇ ਵੱਧ ਤੋਂ ਵੱਧ ਇਲਾਕੇ ਪੰਜਾਬ ਵਿੱਚ ਸ਼ਾਮਲ ਕੀਤੇ ਜਾਣ ਲਈ ਪੂਰੀ ਸਮੱਗਰੀ ਜੁਟਾਈ। ਤਹਿਸੀਲ ਖਰੜ ਅਤੇ ਚੰਡੀਗੜ੍ਹ ਵੀ ਪੰਜਾਬ ਹੱਥੋਂ ਨਿਕਲਦੇ ਜਾ ਰਹੇ ਸਨ। ਆਪ ਨੇ ਬੜਾ ਲੰਮਾ ਸੰਘਰਸ਼ ਕਰਕੇ ਤਹਿਸੀਲ ਖਰੜ ਪੰਜਾਬ ਨੂੰ ਦੁਆਈ। ਜਦ ਸੰਤ ਫਤਿਹ ਸਿੰਘ ਜੀ ਨੇ ਚੰਡੀਗੜ੍ਹ ਬਾਰੇ ਮਰਨ ਵਰਤ ਰੱਖਿਆ ਤਾਂ ਆਪ ਨੇ ਉਨ੍ਹਾਂ ਦੀ ਪੂਰੀ ਹਮਾਇਤ ਕਰਦਿਆਂ, ਉਨ੍ਹਾਂ ਨੂੰ ਯਕੀਨ ਦੁਆਇਆ ਕਿ ਇਸ ਮਸਲੇ ਵਿੱਚ ਦਲਿਤ ਵੀਰ ਉਨ੍ਹਾਂ ਦਾ ਸਾਥ ਦੇਣਗੇ। ਆਪ ਚਾਹੁੰਦੇ ਸਨ ਕਿ (ਹੁਣ ਹਰਿਆਣੇ ਦੇ ਇਲਾਕੇ) ਜ਼ਿਲ੍ਹਾ ਨਾਲਾਗੜ੍ਹ, ਸ਼ਾਹਬਾਦ, ਹਿਸਾਰ ਅਤੇ ਗੂਹਲੇ ਦੀਆਂ ਤਹਿਸੀਲਾਂ ਵੀ ਪੰਜਾਬ ਨੂੰ ਮਿਲਣੀਆਂ ਚਾਹੀਦੀਆਂ ਹਨ। ਆਪ ਜੀ ਤਾਂ ਚਾਹੁੰਦੇ ਸਨ ਕਿ ਪੰਜਾਬੀ ਬੋਲਦੇ ਸਾਰੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ।



ਮਾਸਟਰ
ਲਹਿੰਬਰ ਰਾਮ ਵਿਰਦੀ
91-94646-36384

ਆਪ ਸੰਨ 1962 ਤੋਂ 1968 ਤੱਕ ਪੰਜਾਬ ਖਾਦੀ ਬੋਰਡ ਦੇ ਪ੍ਰਧਾਨ ਰਹੇ।ਆਪ ਸੂਬੇ ਦੇ 'ਦੀ ਸਿਟੀਜ਼ਨ ਕੌਂਸਲ', 'ਦਲਿਤ ਕਲਿਆਣ ਸਲਾਹਕਾਰ ਬੋਰਡ' ਦੇ ਮੈਂਬਰ ਵੀ ਸਨ। ਆਪ 'ਗੁਰੂ ਗੋਬਿੰਦ ਸਿੰਘ ਫ਼ਾਉਂਡੇਸ਼ਨ' ਅਤੇ 'ਸਰਬ ਭਾਰਤੀ ਰਾਸ਼ਟਰੀ ਏਕਤਾ ਪ੍ਰੀਸ਼ਦ' ਦੇ ਮੈਂਬਰ ਵੀ ਰਹੇ।

ਆਪ ਬਹੁਤ ਲੰਮਾ ਸਮਾਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਚੁਣ ਹੁੰਦੇ ਰਹੇ ਅਤੇ ਮੰਤਰੀ ਪਦ 'ਤੇ ਰਹੇ। ਪੀ.ਜੀ.ਆਈ. (ਹਸਪਤਾਲ) ਪੰਜਾਬ ਨੂੰ ਦੁਆਉਣ ਵਿੱਚ ਵੀ ਉਨ੍ਹਾਂ ਦਾ ਵੱਡਾ ਹੱਥ ਸੀ। ਆਪ ਆਪਣੇ ਅੰਤਿਮ ਸਾਹ ਤੱਕ ਸਮਾਜ ਅਤੇ ਦੇਸ਼ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਦੀ ਮਾਨਵਵਾਦੀ ਫ਼ਿਲਾਸਫ਼ੀ ਬਾਰੇ ਖੋਜ ਕਰਨ ਦਾ ਉਨ੍ਹਾਂ ਦਾ ਚਾਅ ਕਦੇ ਮੱਠਾ ਨਾ ਹੋਇਆ। ਦੇਸ਼ ਦੇ ਇਹ ਅਣਥੱਕ ਸੇਵਕ 10 ਦਸੰਬਰ ਸੰਨ 1985 ਨੂੰ ਲਗਭਗ 80 ਸਾਲ ਦੀ ਆਯੂ ਭੋਗ ਕੇ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ ਤੇ ਪਿੱਛੇ ਛੱਡ ਗਏ ਇੱਕ ਮਹਾਨ ਵਿਰਸਾ, ਜਿਹੜਾ ਆਪਣੀ ਸੰਭਾਲ ਦੀ ਡਾਹਢੀ ਮੰਗ ਕਰਦਾ ਹੈ। ਆਪ ਜੀ ਦਾ ਰੰਗ ਗੋਰਾ, ਕੱਦ ਦਰਮਿਆਨਾ, ਚਿਹਰਾ ਜਲਾਲ ਭਰਪੂਰ, ਮੱਥਾ ਚੌੜਾ, ਅੱਖਾਂ ਪ੍ਰਭਾਵਸ਼ਾਲੀ ਸਨ।ਖਾਦੀ ਕੁੜਤਾ ਪਜਾਮਾ ਅਤੇ ਜੈਕਟ ਪਹਿਨਦੇ ਸਨ। ਸਫੈਦ ਟੋਪੀ ਆਪ ਦੇ ਦਗ਼-ਦਗ਼ ਕਰਦੇ ਚਿਹਰੇ ਨੂੰ ਚਾਰ ਚੰਨ ਲਾਉਂਦੀ ਸੀ। ਆਪ ਤੁਰਦੇ ਵੀ ਬੜੀ ਸ਼ਾਨ ਨਾਲ ਸਨ।ਆਪ ਦੀ ਦਿੱਖ ਅਤੇ ਵਿਵਹਾਰ ਦੱਸਦੇ ਸਨ ਕਿ ਆਪ ਜਮਾਂਦਰੂ ਤੌਰ 'ਤੇ ਹੀ ਸਾਧੂ- ਨੇਤਾ ਸਨ। ਜਦ ਅਸੀਂ ਪਿਛਲੇ ਸਾਲ ਰੂਪਨਗਰ ਵਿਖੇ ਅਚਾਰੀਆ ਜੀ ਦੇ ਪੋਤਰੀ ਬੀਬੀ ਮਨਮਿੰਦਰ ਕੌਰ ਜੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਿਲੇ ਤਾਂ ਉਨ੍ਹਾਂ ਨਾਲ ਅਚਾਰੀਆ ਜੀ ਦੇ ਜੀਵਨ ਅਤੇ ਕਾਰਜਾਂ ਬਾਰੇ ਖ਼ੂਬ ਚਰਚਾ ਹੋਈ। ਅਸੀਂ ਮਹਿਸੂਸ ਕੀਤਾ ਕਿ ਅਚਾਰੀਆ ਜੀ ਦੇ ਜੀਵਨ ਖੇਤਰ ਨਾਲ ਸਬੰਧਤ ਸਥਾਨਾਂ ਨੂੰ ਸੰਭਾਲਣ ਦੀ ਬੜੀ ਲੋੜ ਹੈ।ਉਨ੍ਹਾਂ ਦੀ ਯਾਦ ਨੂੰ ਹਰ ਸਾਲ ਤਾਜ਼ਾ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਵਿਚਾਰਧਾਰਾ ਦੇ ਪ੍ਰਸਾਰ ਲਈ ਵਿਚਾਰਾਂ ਅਤੇ ਕਾਰਜ ਹੋਣੇ ਚਾਹੀਦੇ ਹਨ। ਅਚਾਰੀਆ ਜੀ ਦੀ ਬਰਸੀ ਦੇ ਮੌਕੇ ਅਸੀਂ ਦੇਸ਼ ਦੇ ਇਸ ਮਹਾਨ ਸਪੂਤ ਦੇ ਪਾਵਨ ਚਰਨਾਂ ਵਿੱਚ ਨਮਨ ਕਰਦੇ ਹੋਏ ਉਨ੍ਹਾਂ ਨੂੰ ਅਕੀਦਤ ਦੇ ਫੁੱਲ ਭੇਂਟ ਕਰਦੇ ਹਾਂ।

# "ਸਾਰੀ ਜ਼ਿੰਦਗੀ ਵਿਸ਼ਲੇਸ਼ਣ ਵਿੱਚ ਨਾ ਗੁਜ਼ਾਰੋ"

ਆਪਣੀ ਪੂਰੀ ਜ਼ਿੰਦਗੀ ਸਿਰਫ ਲੋਕਾਂ ਦੇ ਵਿਸ਼ਲੇਸ਼ਣ ਵਿੱਚ ਹੀ ਬੀਤ ਜਾਂਦੀ ਹੈ। ਜੇ ਆਪਾਂ ਆਪਣੀ ਜ਼ਿੰਦਗੀ ਨੂੰ ਧਿਆਨ ਨਾਲ ਦੇਖੀਏ ਅਤੇ ਸਮਝੀਏ, ਤਾਂ ਆਪਾਂ ਨੂੰ ਅਜਿਹਾ ਬਹੁਤ ਕੁੱਝ ਦੇਖਣ ਨੂੰ ਮਿਲੇਗਾ, ਜੋ ਬਹੁਤ ਹੀ ਅਟਪਟਾ ਜਿਹਾ ਹੋਵੇਗਾ। ਇੱਕ ਪ੍ਰਯੋਗ ਕੀਤਾ ਜਾ ਸਕਦਾ ਹੈ ਇਸ ਗਲ ਉੱਤੇ। ਤੁਸੀਂ ਕਿਸੇ ਆਪਣੇ ਮਿੱਤਰ ਯਾ ਕਿਸੇ ਰਿਸ਼ਤੇਦਾਰ ਘਰ ਇੱਕ ਦੋ ਦਿਨ ਲਈ ਰੁੱਕ ਜਾਵੋ। ਉੱਥੇ ਇੱਕ ਅਜਿਹਾ ਕੈਮਰਾ ਫਿਟ ਕਰਵਾ ਲਵੋ, ਜੋ 24 ਘੰਟੇ ਤੁਹਾਡੀ ਹਰ ਹਰਕਤ ਨੂੰ ਰਿਕੋਰਡ ਕਰਦਾ ਰਹੇ ਅਤੇ ਅਜਿਹਾ ਰਿਕੋਰਡਰ ਵੀ ਲਗਾ ਲਵੋ, ਜੋ ਹਰ ਪਲ ਤੁਹਾਡੇ ਮੂੰਹ ਵਿੱਚੋਂ ਬੋਲਿਆ ਗਿਆ ਹਰ ਸ਼ਬਦ ਰਿਕੋਰਡ ਕਰੇ। ਫਿਰ ਤੁਸੀਂ ਦੋ ਦਿਨ ਉੱਥੇ ਮਜ਼ੇ ਨਾਲ ਰਹੋ ਅਤੇ ਬਾਅਦ ਵਿੱਚ ਆਪਣੀ ਹੀ ਕੀਤੀ ਗਈ ਆਵਾਜ਼ ਰਿਕੋਰਡਿੰਗ ਨੂੰ ਸੁਣੋ। ਤੁਸੀਂ ਹੈਰਾਨ ਹੋ ਜਾਵੋਂਗੇ ਕਿ ਤੁਸੀਂ ਉਹਨਾਂ ਦੋ ਦਿਨਾਂ ਵਿੱਚ ਜੋ ਗਲਾਂ ਕੀਤੀਆਂ, ਉਹਨਾਂ ਵਿੱਚ ਵੱਡਾ ਹਿੱਸਾ ਤਾਂ ਸਿਰਫ ਦੂਜੇ ਲੋਕਾਂ ਦਾ ਵਿਸ਼ਲੇਸ਼ਣ ਕੀਤਾ ਕਿ ਉਹ ਕਿਸ ਤਰ੍ਹਾਂ ਸਹੀ ਹੈ ਅਤੇ ਕਿਸ ਤਰ੍ਹਾਂ ਗਲਤ। ਬਸ ਇਹੋ ਹੀ ਕਰਦੇ ਕਰਦੇ ਆਪਾਂ ਆਪਣੀ ਸਾਰੀ ਜ਼ਿੰਦਗੀ ਗੁਜ਼ਾਰ ਲੈਂਦੇ ਹਾਂ। ਹੁਣ ਆਪਾਂ ਆਪਣੀਆਂ ਕੀਤੀਆਂ ਕੁੱਝ ਆਮ ਗਲਾਂ 'ਤੇ ਝਾਤ ਮਾਰਦੇ ਹਾਂ। "ਲੈ ਦੇਖ ਖਾਂ, ਉਹ ਵੇਖ ਇਹ ਕਿਵੇਂ ਗੁਰੂਦੁਆਰੇ ਜਾ ਰਹੀ ਹੈ। ਰੱਬ ਦੇ ਘਰ ਇੰਨ੍ਹੇ ਫੈਸਨ ਲਗਾਉਣ ਦੀ ਕੀ ਲੋੜ ਹੈ। ਕਿੰਨ੍ਹਾਂ ਗਲਤ ਕਰ ਰਹੀ ਹੈ।" "ਆ ਬੰਦਾ ਦੇਖ, ਇਸ ਕੋਲ ਅੱਸੀ ਕਿੱਲੇ ਜ਼ਮੀਨ ਹੈ, ਪਰ ਦੇਖ ਟੁੱਟਾ ਜਿਹਾ ਸਾਈਕਲ ਚਲਾ ਰਿਹਾ ਹੈ। ਇੰਨ੍ਹਾਂ ਵੱਡਾ ਮੂਰਖ ਇਨਸਾਨ ਨਹੀਂ ਮੈਂ ਕਦੇ ਦੇਖਿਆ। ਇਸਨੂੰ ਤਾਂ ਘੱਟੋ ਘੱਟ ਵੀਹ ਲੱਖ ਦੀ ਗੱਡੀ ਰੱਖਣੀ ਚਾਹੀਦੀ ਹੈ। "ਆਹ ਦੇਖ ਖਾਂ, ਇੰਨ੍ਹਾਂ ਪੱੜ੍ਹਿਆ ਲਿਖਿਆ ਹੋ ਕੇ ਕਬਾੜੀਆ ਬਣਿਆ ਬੈਠਾ ਹੈ। ਕਿੰਨ੍ਹਾਂ



ਬੇਵਕੂਫ ਹੈ। ਕੀ ਇਸ ਨੂੰ ਇਹ ਕੰਮ ਸ਼ੋਭਾ ਦਿੰਦਾ ਹੈ"। ਇੰਨ੍ਹਾਂ ਤਿੰਨਾਂ ਹੀ ਗਲਾਂ ਵਿੱਚ ਕੋਈ ਤੱਤ ਨਹੀਂ ਹੈ। ਇਹ ਸਮੇਂ ਦੀ ਬਰਬਾਦੀ ਹੈ ਅਤੇ ਆਪਣੇ ਆਪ ਨੂੰ ਹੀ ਜਲਾਉਣਾ ਹੈ। ਜੇ ਕੋਈ ਲੜਕੀ ਫੈਸ਼ਨ ਲਗਾ ਕੇ ਗੁਰੂਦੁਆਰੇ ਯਾ ਮੰਦਰ ਆ ਵੀ ਗਈ ਹੈ, ਤਾਂ ਇਹ ਉਸ ਦੀ ਮਰਜ਼ੀ ਹੈ, ਤਾਂ ਇਸ ਵਿੱਚ ਆਪਾਂ ਨੂੰ ਕੀ ਦਿੱਕਤ ਹੈ। ਜ਼ਿਆਦਾ ਚਕਮੇਂ ਕੱਪੜੇ ਪਾਉਣਾ ਕੋਈ ਚੰਗੀ ਗਲ ਨਹੀਂ, ਪਰ ਜੇ ਥੋੜ੍ਹਾ ਬਹੁਤ ਫੈਸ਼ਨ ਲਗਾਇਆ ਹੈ, ਤਾਂ ਉਹ ਜ਼ਾਇਜ਼ ਹੈ। ਜੇ ਅੱਸੀ ਕਿੱਲੇ ਜ਼ਮੀਨ ਹੋਣ ਦੇ ਬਾਵਜੂਦ ਸਾਈਕਲ ਚਲਾ ਰਿਹਾ ਹੈ, ਤਾਂ ਇਸ ਵਿੱਚ ਉਸ ਦੀ ਖੁਸ਼ੀ ਹੀ ਹੋਵੇਗੀ, ਇਸੇ ਲਈ ਤਾਂ ਉਹ ਅਜਿਹਾ ਕਰ ਰਿਹਾ ਹੈ। ਜੇ ਕੋਈ ਪੜ੍ਹਿਆ ਲਿਖਿਆ ਕਬਾੜੀਆ ਬਣਿਆ ਹੈ ਤਾਂ ਉਸਨੂੰ ਕੋਈ ਚੰਗੀ ਨੌਕਰੀ ਨਹੀਂ ਮਿਲੀ ਹੋਵੇਗੀ।

ਵੈਸੇ ਵੀ ਅੱਜਕੱਲ੍ਹ ਨੀਵੇਂ ਕੰਮਾਂ ਵਿੱਚ ਜ਼ਿਆਦਾ ਕਮਾਈ ਹੈ, ਪੱੜ੍ਹੇ ਲਿਖੇ ਤਾਂ ਵਿਹਲੇ ਤੁਰੇ ਫਿਰਦੇ ਹਨ। ਜਿੰਨ੍ਹੀ ਦੇਰ ਕਿਸੇ ਦੀ ਕੋਈ ਵੀ ਹਰਕਤ ਨਾਲ ਕਿਸੇ ਦਾ ਕੋਈ ਵੀ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ ਤਾਂ ਉਸ ਇਨਸਾਨ ਦਾ ਕਰਮ ਜ਼ਾਇਜ਼ ਹੀ ਹੈ। ਇਸ ਲਈ ਆਪਾਂ ਨੂੰ ਜ਼ਿਆਦਾ ਸਹੀ ਯਾ ਗਲਤ ਦੇ ਚੱਕਰ ਵਿੱਚ ਨਹੀਂ ਪੈਣਾ ਚਾਹੀਦਾ। ਹਰ ਇਨਸਾਨ ਵਖਰਾ ਹੈ, ਵੱਖਰੀ ਸੋਚ ਵਾਲਾ ਹੈ। ਇਹੋ ਹੀ ਤਾਂ ਕਾਰਨ ਹੈ ਕਿ ਦੁਨਿਆ ਵਿੱਚ ਮਜ਼ਾ ਹੈ। ਵੱਖੋ ਵੱਖ ਰੰਗ ਹੀ ਤਾਂ ਸੱਤਰੰਗੀ ਪੀਂਘ ਬਣਾਉਂਦੇ ਹਨ। ਸੋ ਸਾਨੂੰ ਕਿਸੇ ਦਾ ਬਿੰਨ੍ਹਾਂ ਵਜਹ ਵਿਸ਼ਲੇਸ਼ਣ ਕਰਦ ਦੀ ਬਜਾਏ, ਉਸ ਦੇ ਵਖਰੇ ਸੁਭਾਅ ਦਾ ਆਨੰਦ ਮਾਨਣਾ ਚਾਹੀਦਾ ਹਾ। ਹੋ ਸਕਦਾ ਹੈ, ਉਸ ਦੇ ਵਖਰੇ ਸੁਭਾਅ ਵਿੱਚੋਂ ਆਪਾਂ ਨੂੰ ਕੋਈ ਅਜਿਹੀ ਚੀਜ਼ ਲੱਭੇ, ਜੋ ਆਪਾਂ ਨੂੰ ਵੀ ਬਹੁਤ ਪਸੰਦ ਆ ਜਾਵੇ। ਸੋ ਪਿਆਰ ਕਰਨਾ ਸਿਖੋ, ਬਿੰਨ੍ਹਾਂ ਵਜਹ ਨਫਰਤ ਕਰਨ ਦੇ ਕਾਰਨ ਨਾ ਖੋਜੋ।

ਸਾਹਿਤਕਾਰ ਅਮਨਪ੍ਰੀਤ ਸਿੰਘ
(ਵਟਸ ਅਪ 09465554088)

# ਅਕਾਲੀ ਦਲ ਨੇ ਤੀਜੀ ਤੇ 'ਆਪ' ਨੇ ਉਮੀਦਵਾਰਾਂ ਦੀ ਛੇਵੀ ਸੂਚੀ ਐਲਾਨੀ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ਚੋਣਾਂ-2017 ਲਈ ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ (ਆਪ) ਵੱਲੋਂ ਆਪੋ-ਆਪਣੇ ਕੁਝ ਹੋਰ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਹੈ। ਅਕਾਲੀ ਦਲ ਵੱਲੋਂ ਤੀਜੀ ਅਤੇ 'ਆਪ' ਵੱਲੋਂ ਉਮੀਦਵਾਰਾਂ ਦੀ ਛੇਵੀਂ ਸੂਚੀ ਐਲਾਨੀ ਗਈ ਹੈ। ਇਸ ਤੋਂ ਇਲਾਵਾ 'ਆਪ' ਨੇ ਦੋ ਹਲਕਿਆਂ ਤੋਂ ਉਮੀਦਵਾਰ ਬਦਲ ਦਿੱਤੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਅਕਾਲੀ ਦਲ ਵੱਲੋਂ ਐਲਾਨੇ ਗਏ ਚਾਰ ਉਮੀਦਵਾਰਾਂ ਵਿੱਚ ਵਿਧਾਨ ਸਭਾ ਹਲਕਾ ਮੋਗਾ ਤੋਂ ਖੇਤੀਬਾੜੀ ਮੰਤਰੀ ਤੋਤਾ ਸਿੰਘ ਦੇ ਪੁੱਤਰ ਬਰਜਿੰਦਰ ਸਿੰਘ ਮੱਖਣ ਬਰਾੜ, ਸ੍ਰੀਹਰਗੋਬਿੰਦਪੁਰ ਤੋਂ ਮੌਜੂਦਾ ਵਿਧਾਇਕ ਦੇਸਰਾਜ ਧੁੱਗਾ ਦੀ ਥਾਂ ਮਨਜੀਤ ਸਿੰਘ ਮੰਨਾ, ਜੰਡਿਆਲਾ ਗੁਰੂ ਤੋਂ ਦਲਬੀਰ ਸਿੰਘ ਵੇਰਕਾ ਅਤੇ ਬਾਬਾ ਬਕਾਲਾ ਤੋਂ ਮਲਕੀਤ ਸਿੰਘ ਏਆਰ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਦਲਬੀਰ ਸਿੰਘ ਵੇਰਕਾ ਤੇ ਮਲਕੀਤ ਸਿੰਘ ਏਆਰ ਨੇ 2007 ਦੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਦੀ ਟਿਕਟ ਤੋਂ ਚੋਣ ਲੜ ਕੇ ਜਿੱਤ ਹਾਸਲ ਕੀਤੀ ਸੀ। 2012 ਦੀਆਂ ਵਿਧਾਨ ਸਭਾ ਚੋਣਾਂ 'ਚ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਗਈ ਜਦਕਿ ਇਸ ਵਾਰ ਫਿਰ ਪਾਰਟੀ ਨੇ ਉਨ੍ਹਾਂ ਨੂੰ ਉਮੀਦਵਾਰ ਐਲਾਨਿਆ ਹੈ।

ਇਸੇ ਤਰ੍ਹਾਂ 'ਆਪ' ਵੱਲੋਂ ਐਲਾਨੀ ਗਈ ਉਮੀਦਵਾਰਾਂ ਦੀ ਛੇਵੀਂ ਸੂਚੀ ਵਿੱਚ ਪੰਜ ਉਮੀਦਵਾਰ ਨਵੇਂ ਹਨ ਜਦਕਿ ਦੋ ਉਮੀਦਵਾਰ ਬਦਲੇ ਗਏ ਹਨ। ਨਵੇਂ ਐਲਾਨੇ ਗਏ ਉਮੀਦਵਾਰਾਂ ਵਿੱਚ ਹਲਕਾ ਪੱਟੀ ਤੋਂ ਰਣਜੀਤ ਸਿੰਘ ਚੀਮਾ, ਸੰਗਰੂਰ ਤੋਂ ਦਿਨੇਸ਼ ਬਾਂਸਲ, ਰਾਜਪੁਰਾ ਤੋਂ ਆਸ਼ੂਤੋਸ਼ ਜੋਸ਼ੀ, ਰਾਮਪੁਰਾ ਫੂਲ ਤੋਂ ਮਨਜੀਤ ਸਿੰਘ ਸਿੱਧੂ ਅਤੇ ਜਲੰਧਰ ਕੈਂਟ ਤੋਂ ਹਰਕ੍ਰਿਸ਼ਨ ਸਿੰਘ ਵਾਲੀਆ ਸ਼ਾਮਲ ਹਨ। ਜਿਹੜੇ ਉ-ਮੀਦਵਾਰ ਬਦਲੇ ਗਏ ਹਨ ਉਨ੍ਹਾਂ 'ਚ ਹਲਕਾ ਨਕੋਦਰ ਤੋਂ ਜਗਤਾਰ ਸਿੰਘ ਸੰਘੇੜਾ ਦੀ ਥਾਂ ਸਰਵਣ ਸਿੰਘ ਹੇਅਰ ਅਤੇ ਬੱਲੂਆਣਾ ਤੋਂ ਗਿਰੀ ਰਾਜ ਰਾਜੋਰਾ ਦੀ ਥਾਂ ਸਿਮਰਨਜੀਤ ਸਿੰਘ ਨੂੰ ਉਮੀਦਵਾਰ ਐਲਾਨਿਆ ਗਿਆ ਹੈ। 'ਆਪ' ਵੱਲੋਂ ਹੁਣ ਤੱਕ ਕੁੱਲ 98 ਉਮੀਦਵਾਰ ਐਲਾਨੇ ਜਾ ਚੁੱਕੇ ਹਨ। ਆਮ ਆਦਮੀ ਪਾਰਟੀ ਵੱਲੋਂ ਹੁਣ 19 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰਨਾ ਹੀ ਬਾਕੀ ਰਹਿ ਗਿਆ ਹੈ।

ਪੰਜਾਬ ਚੋਣਾਂ

# ਇਸ ਵਾਰ ਅਕਾਲੀ ਦਲ ਦੀ ਵੀ ਅੱਖ ਰਾਖਵੀਆਂ ਸੀਟਾਂ 'ਤੇ

**ਚੰਡੀਗੜ੍ਹ–** ਸ਼੍ਰੋਮਣੀ ਅਕਾਲੀ ਦਲ ਵੱਲੋਂ ਉਮੀਦਵਾਰਾਂ ਦੀ ਐਲਾਨੀ ਗਈ ਪਹਿਲੀ ਸੂਚੀ ਨੇ ਤੈਅ ਕਰ ਦਿੱਤਾ ਹੈ ਕਿ ਹਾਕਮ ਪਾਰਟੀ ਨੇ ਆਉਂਦੀਆਂ ਵਿਧਾਨ ਸਭਾ ਚੋਣਾਂ ਦਾ ਮੈਦਾਨ ਸਰ ਕਰਨ ਲਈ ਰਾਖਵੀਆਂ ਸੀਟਾਂ ਉਤੇ ਜ਼ਿਆਦਾ ਟੇਕ ਰੱਖੀ ਹੋਈ ਹੈ। ਅਕਾਲੀ ਦਲ ਦੀ ਪਹਿਲੀ ਹੀ ਸੂਚੀ ਵਿਚ ਛੇ ਦਲਿਤ ਉਮੀਦਵਾਰ, ਜਿਨ੍ਹਾਂ ਵਿਚੋਂ ਚਾਰ ਵਿਧਾਇਕ ਹਨ, ਦਾ ਨਾਮ ਐਲਾਨਿਆ ਹੀ ਨਹੀਂ ਗਿਆ। ਪਾਰਟੀ ਵੱਲੋਂ ਭਾਵੇਂ ਕੁਝ ਜਨਰਲ ਸੀਟਾਂ 'ਤੇ ਵੀ ਉਮੀਦਵਾਰਾਂ ਦੀ ਅਦਲਾ-ਬਦਲੀ ਕੀਤੀ ਗਈ ਹੈ, ਪਰ ਵਧੇਰੇ ਜ਼ੋਰ ਰਾਖਵੀਂਆਂ ਸੀਟਾਂ ਉਤੇ ਹੀ ਦਿੱਤਾ ਗਿਆ ਹੈ। ਪਾਰਟੀ ਦੀ ਪਹਿਲੀ ਸੂਚੀ ਵਿਚ ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ, ਅਵਿਨਾਸ਼ ਚੰਦਰ, ਦਰਬਾਰਾ ਸਿੰਘ ਗੁਰੂ, ਸਤਵੰਤ ਕੌਰ ਸੰਧੂ, ਗੁਰਤੇਜ ਸਿੰਘ ਘੁੜਿਆਣਾ, ਗੋਬਿੰਦ ਸਿੰਘ ਕਾਂਝਲਾ ਅਤੇ ਰਾਜਵਿੰਦਰ ਕੌਰ ਭਾਗੀਕੇ ਦੀ ਥਾਂ ਨਵੇਂ ਉਮੀਦਵਾਰਾਂ ਦੇ ਨਾਮ ਸਾਹਮਣੇ ਆਏ ਹਨ। ਇਨ੍ਹਾਂ ਵਿਚੋਂ ਫਿਲੌਰ, ਅਵਿਨਾਸ਼ ਚੰਦਰ, ਘੁੜਿਆਣਾ ਅਤੇ ਭਾਗੀਕੇ ਤਾਂ ਮੌਜੂਦਾ ਸਮੇਂ ਵਿਧਾਇਕ ਵੀ ਹਨ। ਫਿਲੌਰ ਤੇ ਅਵਿਨਾਸ਼ ਚੰਦਰ ਦੇ ਵਿਵਾਦਾਂ ਵਿਚ ਘਿਰੇ ਹੋਣ ਕਾਰਨ ਟਿਕਟ ਕੱਟੀ ਗਈ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਜੈਤੋਂ ਤੋਂ ਗੁਰਦੇਵ ਸਿੰਘ ਬਾਦਲ, ਬੁਢਲਾਡਾ ਤੋਂ ਚਤਿੰਨ ਸਿੰਘ ਸਮਾਉਂ ਅਤੇ ਬਠਿੰਡਾ (ਦਿਹਾਤੀ) ਤੋਂ ਦਰਸ਼ਨ ਸਿੰਘ ਕੋਟ ਫੱਤਾ ਦੇ ਹਲਕੇ ਬਦਲਣ ਅਤੇ ਕਈਆਂ ਦੀ ਛੁੱਟੀ ਹੋਣ ਦੇ ਆਸਾਰ ਹਨ। ਬਸੀ ਪਠਾਣਾਂ ਤੋਂ ਵਿਧਾਇਕ ਜਸਟਿਸ (ਸੇਵਾ ਮੁਕਤ) ਨਿਰਮਲ ਸਿੰਘ ਨੂੰ ਚਮਕੌਰ ਸਾਹਿਬ ਤੋਂ ਅਤੇ ਬਲਬੀਰ ਸਿੰਘ ਘੁੰਨਸ ਨੂੰ ਭਦੌੜ ਤੋਂ ਟਿਕਟ ਦੇਣ ਨਾਲ ਇਹ ਵੀ ਤੈਅ ਹੋ ਗਿਆ ਹੈ ਕਿ ਦਿੜ੍ਹਬਾ ਅਤੇ ਬਸੀ ਪਠਾਣਾਂ ਹਲਕਿਆਂ ਤੋਂ ਪਾਰਟੀ ਨਵੇਂ ਚਿਹਰੇ ਸਾਹਮਣੇ ਲਿਆਵੇਗੀ।

ਸ਼੍ਰੋਮਣੀ ਅਕਾਲੀ ਦਲ ਦੀ ਪਹਿਲੀ ਸੂਚੀ ਵਿਚ ਕਈ ਤਰ੍ਹਾਂ ਦੇ ਹੋਰ ਦਿਲਚਸਪ ਤੱਥ ਦੇਖਣ ਨੂੰ ਵੀ ਮਿਲੇ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਕਰੀਬੀ ਰਹੇ ਬਸੰਤ ਸਿੰਘ ਖ਼ਾਲਸਾ ਦੇ ਪੁੱਤਰ ਬਿਕਰਜੀਤ ਸਿੰਘ ਖ਼ਾਲਸਾ ਦਾ ਪੱਤਾ ਕੱਟ ਦਿੱਤਾ ਗਿਆ ਤੇ ਪ੍ਰੇਮ ਸਿੰਘ ਚੰਦੂਮਾਜਰਾ ਦੀ ਦੂਜੀ ਪੀੜ੍ਹੀ ਨੂੰ ਸੱਤਾ 'ਚ ਦਾਖਲ ਕਰਨ ਦਾ ਮੌਕਾ ਦਿੰਦਿਆਂ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੂੰ ਟਿਕਟ ਦੇ ਦਿੱਤੀ ਗਈ ਹੈ। ਪਿਛਲੇ ਕਈ ਮਹੀਨਿਆਂ ਤੋਂ ਵਿਵਾਦਾਂ 'ਚ ਚੱਲੇ ਆ ਰਹੇ ਤੇ ਸੀਬੀਆਈ ਦੀ ਗ੍ਰਿਫਤ 'ਚ ਆ ਚੁੱਕੇ ਪਰਲਜ਼ ਗਰੁੱਪ ਦੇ ਮਾਲਕ ਨਿਰਮਲ ਸਿੰਘ ਭੰਗੂ ਦੇ ਰਿਸ਼ਤੇਦਾਰ ਮੰਨੇ ਜਾਂਦੇ ਸਤਬੀਰ ਸਿੰਘ ਖੱਟੜਾ ਨੂੰ ਵੀ ਅਕਾਲੀ ਦਲ ਨੇ ਪਹਿਲੀ ਸੂਚੀ ਵਿਚ ਹੀ ਥਾਂ ਦੇ ਦਿੱਤੀ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਦੀ ਥਾਂ ਉਨ੍ਹਾਂ ਦੇ ਪੁੱਤਰ ਇੰਦਰਇਕਬਾਲ ਸਿੰਘ ਅਟਵਾਲ ਨੂੰ ਟਿਕਟ ਦਿੱਤੀ ਗਈ ਹੈ। ਇਸ ਤਰ੍ਹਾਂ ਨਾਲ ਅਟਵਾਲ ਵੱਲੋਂ ਚੋਣ ਲੜਨ ਦੀਆਂ ਸੰਭਾਵਨਾਵਾਂ ਨਹੀਂ ਰਹੀਆਂ।

### ਇਹ ਹੋਵੇਗੀ ਹਾਕਮ ਧਿਰ ਦੀ ਰਣਨੀਤੀ

ਸਾਲ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ 21 ਵਿਧਾਨ ਸਭਾ ਹਲਕਿਆਂ 'ਤੇ ਜਿੱਤ ਹਾਸਲ ਕੀਤੀ ਸੀ। ਕਾਂਗਰਸ ਨੂੰ 34 ਰਾਖਵੀਆਂ ਸੀਟਾਂ ਵਿਚੋਂ ਸਿਰਫ 10 ਸੀਟਾਂ ਮਿਲੀਆਂ ਸਨ ਤੇ 3 ਹਲਕਿਆਂ 'ਤੇ ਭਾਜਪਾ ਦੇ ਉਮੀਦਵਾਰ ਜਿੱਤੇ ਸਨ। ਸ਼੍ਰੋਮਣੀ ਅਕਾਲੀ ਦਲ ਨੇ ਰਣਨੀਤੀ ਬਣਾਈ ਹੈ ਕਿ ਆਗਾਮੀ ਚੋਣਾਂ ਦੌਰਾਨ 34 ਵਿਧਾਨ ਸਭਾ ਹਲਕਿਆਂ ਵਿਚੋਂ ਸਭ ਤੋਂ ਵੱਧ ਸੀਟਾਂ ਹਥਿਆਈਆਂ ਜਾਣ। ਅਕਾਲੀ-ਭਾਜਪਾ ਸਰਕਾਰ ਵੱਲੋਂ ਲੋਕ ਭਲਾਈ ਸਕੀਮਾਂ ਰਾਹੀਂ ਵੀ ਦਲਿਤਾਂ ਨੂੰ ਪਤਿਆਉਣ ਦੇ ਯਤਨ ਕੀਤੇ ਜਾ ਰਹੇ ਹਨ। ਅਕਾਲੀ ਆਗੂਆਂ ਦਾ ਇਹ ਵੀ ਮੰਨਣਾ ਹੈ ਕਿ ਹਾਕਮ ਪਾਰਟੀ ਦੇ ਉਮੀਦਵਾਰ ਹੋਰਨਾਂ ਪਾਰਟੀਆਂ ਦੇ ਮੁਕਾਬਲੇ ਪੈਸਾ ਵੀ ਜ਼ਿਆਦਾ ਖ਼ਰਚ ਕਰ ਕੇ ਜਿੱਤ ਦੇ ਨੇੜੇ ਪਹੁੰਚ ਸਕਦੇ ਹਨ।

### ਟਿਕਟਾਂ ਦੀ ਵੰਡ ਨੇ ਅਕਾਲੀ ਦਲ ਵਿਚ ਲਿਆਂਦਾ ਸਿਆਸੀ ਭੂਚਾਲ

ਟਿਕਟਾਂ ਦੀ ਵੰਡ ਸਬੰਧੀ ਸ਼੍ਰੋਮਣੀ ਅਕਾਲੀ ਦਲ 'ਚ ਸਿਆਸੀ ਭੂਚਾਲ ਆਇਆ ਹੋਇਆ ਹੈ। ਜਲੰਧਰ ਦੇ 3 ਅਕਾਲੀ ਵਿਧਾਇਕਾਂ ਦੇ ਅਸਤੀਫਿਆਂ ਨਾਲ ਪਾਰਟੀ ਹਿੱਲ ਗਈ ਹੈ। ਅਕਾਲੀ ਦਲ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਵਾਰ ਹੈ ਕਿ ਵਿਧਾਨ ਸਭਾ ਦੀਆਂ ਸੀਟਾਂ ਐਲਾਨਣ ਉਪਰੰਤ ਅਜਿਹਾ ਤਿੱਖਾ ਵਿਰੋਧ ਵੇਖਣ ਨੂੰ ਮਿਲਿਆ ਹੋਵੇ। ਭਾਵੇਂ ਜਲੰਧਰ ਛਾਉਣੀ ਹਲਕੇ ਦੇ ਵਿਧਾਇਕ ਪ੍ਰਗਟ ਸਿੰਘ ਵੱਲੋਂ ਅਸਤੀਫਾ ਦੇਣ ਦਾ ਕਾਰਨ ਟਿਕਟਾਂ ਦੀ ਵੰਡ ਨਹੀਂ ਹੈ, ਪਰ ਉਨ੍ਹਾਂ ਵੱਲੋਂ ਵੀ ਇਹ ਕਦਮ ਪਾਰਟੀ ਅੰਦਰ ਉਨ੍ਹਾਂ ਦੀ ਪੁੱਛ ਪ੍ਰਤੀਤ ਨਾ ਹੋਣ ਕਾਰਨ ਹੀ ਚੁੱਕਿਆ ਗਿਆ ਸੀ, ਜਦਕਿ ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ ਤੇ ਵਿਧਾਇਕ





ਅਵਿਨਾਸ਼ ਚੰਦਰ ਨੇ ਆਪਣੇ ਅਸਤੀਫੇ ਟਿਕਟਾਂ ਨਾ ਮਿਲਣ ਦੇ ਰੋਸ ਵਜੋਂ ਦਿੱਤੇ ਹਨ।

ਦੱਸਣਯੋਗ ਹੈ ਕਿ ਕਿਸੇ ਸਮੇਂ ਕਾਂਗਰਸ ਦਾ ਗੜ੍ਹ ਮੰਨੇ ਜਾਣ ਵਾਲੇ ਜਲੰਧਰ ਜ਼ਿਲ੍ਹੇ ਵਿਚੋਂ ਕਾਂਗਰਸ ਦਾ ਸਫਾਇਆ ਇਸ ਕਦਰ ਹੋਇਆ ਸੀ ਕਿ ਇਹ ਜ਼ਿਲ੍ਹਾ ਲੰਘੀਆਂ ਦੋ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ-ਭਾਜਪਾ ਸਰਕਾਰ ਬਣਾਉਣ 'ਚ ਮੋਹਰੀ ਰੋਲ ਨਿਭਾਉਂਦਾ ਰਿਹਾ ਹੈ, ਪਰ ਇਸ ਵਾਰ ਅਕਾਲੀ ਦਲ ਦੇ ਹਿੱਸੇ ਦੀਆਂ 6 ਸੀਟਾਂ 'ਚੋਂ ਅੱਧੀਆਂ ਉਤੇ ਪਾਰਟੀ ਉਮੀਦਵਾਰਾਂ ਦਾ ਸਿੱਧਾ ਵਿਰੋਧ ਤੇ ਬਾਕੀਆਂ 'ਤੇ ਆਉਣ ਵਾਲੇ ਦਿਨਾਂ ਵਿਚ ਉਠਣ ਵਾਲੀਆਂ ਬਾਗੀ ਸੁਰਾਂ ਅਕਾਲੀ ਦਲ ਲਈ ਚਿੰਤਾ ਹੀ ਪੈਦਾ ਨਹੀਂ ਕਰ ਸਕਦੀਆਂ ਸਗੋਂ ਚੁਣੌਤੀ ਵੀ ਬਣ ਸਕਦੀਆਂ ਹਨ।

ਜਲੰਧਰ ਛਾਉਣੀ ਹਲਕੇ ਤੋਂ ਐਲਾਨੇ ਉਮੀਦਵਾਰ ਸਰਬਜੀਤ ਸਿੰਘ ਮੱਕੜ ਦਾ ਵਿਰੋਧ ਜ਼ਿਲ੍ਹਾ ਅਕਾਲੀ ਜਥੇ ਦੇ ਪ੍ਰਧਾਨ ਤੇ ਜ਼ਿਲ੍ਹਾ ਕਮੇਟੀ ਦੇ ਚੇਅਰਮੈਨ ਗੁਰਚਰਨ ਸਿੰਘ ਚੰਨੀ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਪਰਮਜੀਤ ਸਿੰਘ ਰਾਏਪੁਰ ਤੇ ਹੋਰਾਂ ਆਗੂਆਂ ਵਲੋਂ ਕੀਤਾ ਜਾ ਰਿਹਾ ਹੈ। ਇਨ੍ਹਾਂ ਆਗੂਆਂ ਵੱਲੋਂ ਅਗਲੀ ਰਣਨੀਤੀ ਲਈ ਇਕ 9-ਮੈਂਬਰੀ ਕਮੇਟੀ ਦਾ ਗਠਨ ਵੀ ਕਰ ਲਿਆ ਹੈ। ਇਨ੍ਹਾਂ ਤਿੰਨਾਂ ਹਲਕਿਆਂ ਤੋਂ ਬਾਅਦ ਆਦਮਪੁਰ ਤੇ ਨਕੋਦਰ ਵਿਚ ਵੀ ਇਸ ਅੱਗ ਦਾ ਸੇਕ ਪੁੱਜਣ ਦੀ ਸੰਭਾਵਨਾ ਹੈ ਕਿਉਂਕਿ ਆਦਮਪੁਰ ਹਲਕੇ ਦੇ ਅਕਾਲੀ ਜਥੇਦਾਰ ਪਹਿਲਾਂ ਹੀ ਪਾਰਟੀ ਪ੍ਰਧਾਨ ਨਾਲ ਤਿੰਨ ਵਾਰ ਮੁਲਾਕਾਤ ਕਰਕੇ ਉਨ੍ਹਾਂ ਨੂੰ ਆਪਣੇ ਵਿਚਾਰਾਂ ਤੋਂ ਜਾਣੂ ਕਰਵਾ ਚੁੱਕੇ ਹਨ। ਉਧਰ ਅਕਾਲੀ ਦਲ 'ਚ ਉਠੀਆਂ ਇਨ੍ਹਾਂ ਬਗਾਵਤੀ ਸੁਰਾਂ ਲਈ ਸਿਆਸੀ ਮਾਹਰ ਅਕਾਲੀ ਦਲ ਦੀ ਡੰਗ ਟਪਾਊ ਨੀਤੀ ਨੂੰ ਮੰਨ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਅਕਾਲੀ ਦਲ ਨੇ ਉਮੀਦਵਾਰਾਂ ਦੀ ਚੋਣ ਲਈ ਹਮੇਸ਼ਾ ਡੰਗ ਟਪਾਊ ਨੀਤੀ ਤਹਿਤ ਬਾਹਰੋਂ ਲਿਆ ਕੇ ਆਗੂਆਂ ਨੂੰ ਟਿਕਟਾਂ ਨਾਲ ਨਿਵਾਜਿਆ ਹੈ, ਜਿਸ ਨਾਲ ਪੁਰਾਣੇ ਟਕਸਾਲੀ ਅਕਾਲੀ ਆਗੂਆਂ 'ਚ ਰੋਸ ਪੈਦਾ ਹੋਣਾ ਸੁਭਾਵਕ ਹੈ। ਇਸ ਵਾਰ ਵੀ ਅਕਾਲੀ ਦਲ ਵੱਲੋਂ ਸੇਠ ਸਤਪਾਲ ਮੱਲ ਨੂੰ ਕਾਂਗਰਸ ਤੋਂ ਲਿਆ ਕੇ ਕਰਤਾਰਪੁਰ ਹਲਕੇ ਤੋਂ ਅਤੇ ਬਲਦੇਵ ਸਿੰਘ ਖਹਿਰਾ ਨੂੰ ਬਸਪਾ ਤੋਂ ਲਿਆ ਕੇ ਫਿਲੌਰ ਹਲਕੇ ਤੋਂ ਟਿਕਟਾਂ ਦਿੱਤੀਆਂ ਹਨ ਤੇ ਇਨ੍ਹਾਂ ਦੋਵਾਂ ਹਲਕਿਆਂ ਤੋਂ ਮੌਜੂਦਾ ਵਿਧਾਇਕਾਂ ਨੇ ਰੋਸ ਵਜੋਂ ਅਸਤੀਫੇ ਦਿੱਤੇ ਹਨ।

### ਜਲਾਲਾਬਾਦ ਹਲਕਾ ਬਣੇਗਾ ਬਾਦਲਾਂ ਲਈ ਵੰਗਾਰ

ਪੰਜਾਬ ਵਿਧਾਨ ਸਭਾ 2017 ਦਾ ਚੋਣ ਅਖਾੜਾ ਪੂਰੀ ਤਰ੍ਹਾਂ ਭਖਣ ਲੱਗਾ ਹੈ। ਇਨ੍ਹਾਂ ਚੋਣਾ 'ਚ ਤੀਜੀ ਧਿਰ ਵਜੋਂ ਉਭਰੀ ਆਮ ਆਦਮੀ ਪਾਰਟੀ ਨੇ ਸਭ ਤੋਂ ਪਹਿਲਾਂ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਹੁਣ ਸ਼੍ਰੋਮਣੀ ਅਕਾਲੀ ਦਲ ਨੇ 69 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਸੂਬੇ ਵਿਚ ਮੁੱਖ ਸਿਆਸੀ ਪਾਰਟੀ ਕਾਂਗਰਸ ਵੱਲੋਂ ਵੀ ਉਮੀਦਵਾਰਾਂ ਦਾ ਐਲਾਨ ਛੇਤੀ ਕਰਨ ਦੀ ਗੱਲ ਕਹੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਜਾਰੀ ਕੀਤੀ ਸੂਚੀ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਧਾਨ ਸਭਾ ਹਲਕਾ ਲੰਬੀ ਤੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਵਿਧਾਨ ਸਭਾ ਹਲਕਾ ਜਲਾਲਾਬਾਦ ਦਾ ਨਾਂ ਇਸ ਸੂਚੀ 'ਚ ਸ਼ਾਮਲ ਨਹੀਂ ਹੈ।

### ਜੋੜ-ਤੋੜ ਨੇ ਉਲਝਾਈ ਸਿਆਸੀ ਤਾਣੀ

ਵਿਧਾਨ ਸਭਾ ਚੋਣਾਂ ਤੋਂ ਢਾਈ-ਤਿੰਨ ਮਹੀਨੇ ਪਹਿਲਾਂ ਪੰਜਾਬ ਦੀ ਸਿਆਸਤ ਵਿਚ ਜੋੜ-ਤੋੜ ਦਾ ਰੁਝਾਨ ਸਿਖਰਾਂ 'ਤੇ ਹੈ। ਵੱਡੀਆਂ ਸਿਆਸੀ ਧਿਰਾਂ ਵੱਲੋਂ ਜਿਥੇ ਛੋਟੇ ਸਿਆਸੀ ਦਲ ਨੂੰ ਆਪਣੇ ਵਿਚ ਮਰਜ਼ ਕਰਨ ਦੀ ਦੌੜ ਲੱਗੀ ਹੋਈ ਹੈ, ਉਥੇ ਟਿਕਟ ਨਾ ਮਿਲਣ ਤੋਂ ਨਾਰਾਜ਼ ਆਗੂਆਂ ਨੇ ਖੁੱਲ੍ਹ ਕੇ ਬਗਾਵਤ ਦਾ ਰਾਹ ਫੜ ਲਿਆ ਹੈ। ਬਗਾਵਤ ਦਾ ਸਭ ਤੋਂ ਵੱਧ ਸੇਕ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਲੱਗਾ ਅਤੇ ਉਮੀਦਵਾਰਾਂ ਦੀ ਪਹਿਲੀ ਸੂਚੀ ਪਿੱਛੋਂ ਹੀ ਉਸ ਦੇ ਚਾਰ ਵਿਧਾਇਕਾਂ ਨੇ ਪਾਰਟੀ ਨੂੰ ਅਲਵਿਦਾ ਆਖ ਦਿੱਤਾ।

ਮੌਜੂਦਾ ਵਿਧਾਨ ਸਭਾ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਸਭ ਤੋਂ ਵੱਧ ਛੇ ਵਾਰ ਜਿੱਤੇ ਸਰਵਨ ਸਿੰਘ ਫਿਲੌਰ ਟਿਕਟ ਨਾ ਦੇਣ ਕਾਰਨ ਪਾਰਟੀ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਬਸਪਾ ਵਿਚੋਂ ਆ ਕੇ ਅਕਾਲੀ ਵਿਧਾਇਕ ਬਣੇ ਅਵਿਨਾਸ਼ ਚੰਦਰ ਨੇ ਵੀ ਟਿਕਟ ਨਾ ਮਿਲਣ ਕਰ ਕੇ ਅਕਾਲੀ ਦਲ ਨੂੰ ਅਲਵਿਦਾ ਕਹਿ ਦਿੱਤੀ ਹੈ। ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਨਾਲ ਵਿਵਾਦ ਦੇ ਕਾਰਨ ਨਿਹਾਲ ਸਿੰਘ ਵਾਲਾ ਤੋਂ ਰਾਜਵਿੰਦਰ ਕੌਰ ਭਾਗੀਬਾਂਦਰ ਨੇ ਆਜ਼ਾਦ ਚੋਣ ਲੜਨ ਦੀ ਚਿਤਾਵਨੀ ਦੇ ਦਿੱਤੀ ਹੈ। ਬਾਘਾਪੁਰਾਣਾ ਤੋਂ ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ ਨੇ ਵੀ ਪਾਰਟੀ ਚੋਂ ਅਸਤੀਫਾ ਦੇ ਦਿੱਤਾ ਹੈ। ਅਕਾਲੀ ਦਲ ਵੱਲੋਂ ਐਲਾਨੇ ਉਮੀਦਵਾਰਾਂ ਵਿਚੋਂ ਸੁੱਚਾ ਸਿੰਘ ਲੰਗਾਹ ਅਤੇ ਜਥੇਦਾਰ ਤੋਤਾ ਸਿੰਘ ਨੂੰ ਅਦਾਲਤ ਵੱਲੋਂ ਸਜ਼ਾ ਹੋਣ ਕਾਰਨ ਇਨ੍ਹਾਂ ਦੇ ਚੋਣ ਲੜ ਸਕਣ ਦੀਆਂ ਸੰਭਾਵਨਾਵਾਂ ਉਤੇ ਸੁਆਲ ਉਠਾਏ ਜਾ ਰਹੇ ਹਨ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬੇਟੀ ਕੁਲਦੀਪ ਕੌਰ ਨੂੰ ਆਮ ਆਦਮੀ ਪਾਰਟੀ ਨੇ ਟੌਹੜਾ ਸਮਰਥਕ ਮੰਨੇ ਜਾਣ ਵਾਲੇ, ਪਰ ਬਾਦਲ ਦੇ ਪਾਲੇ ਵਿਚ ਚਲੇ ਗਏ ਪ੍ਰੇਮ ਸਿੰਘ ਚੰਦੂਮਾਜਰਾ ਦੇ ਫਰਜ਼ੰਦ ਦੇ ਮੁਕਾਬਲੇ ਸਨੌਰ ਤੋਂ ਚੋਣ ਮੈਦਾਨ ਵਿਚ ਉਤਾਰ ਦਿੱਤਾ ਹੈ। ਇਸੇ ਤਰ੍ਹਾਂ ਅਕਾਲੀ ਦਲ ਦੇ ਖ਼ਜ਼ਾਨਚੀ ਅਤੇ ਸੁਖਬੀਰ ਬਾਦਲ ਨੇ ਨੇੜੇ ਮੰਨੇ ਜਾਂਦੇ ਐਨ.ਕੇ. ਸ਼ਰਮਾ ਨੂੰ ਕੈਪਟਨ ਕੰਵਲਜੀਤ ਸਿੰਘ ਦੀ ਵਿਧਵਾ ਸਰਬਜੀਤ ਕੌਰ ਆਮ ਆਦਮੀ ਪਾਰਟੀ ਵੱਲੋਂ ਡੇਰਾਬਸੀ ਤੋਂ ਚੁਣੌਤੀ ਦੇ ਰਹੇ ਹਨ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਨੇ ਇਨ੍ਹੀਂ ਦਿਨੀਂ ਪੰਜਾਬ ਡੇਰੇ ਲਾਏ ਹੋਏ ਹਨ। ਉਨ੍ਹਾਂ ਦੀ ਹਾਜ਼ਰੀ ਵਿਚ ਲੁਧਿਆਣਾ ਤੋਂ ਆਜ਼ਾਦ ਵਿਧਾਇਕਾਂ ਬੈਂਸ ਭਰਾਵਾਂ ਵੱਲੋਂ ਆਪਣੀ 'ਇਨਸਾਫ਼ ਪਾਰਟੀ' ਦੇ ਆਪ ਨਾਲ ਗੱਠਜੋੜ ਦਾ ਐਲਾਨ ਕਰ ਦਿੱਤਾ। ਇਸ ਐਲਾਨ ਨਾਲ ਜਿਥੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਲਈ ਚੁਣੌਤੀ ਹੋਰ ਵਧ ਗਈ ਹੈ, ਉਥੇ ਨਵਜੋਤ ਸਿੰਘ ਸਿੱਧੂ ਦੀ 'ਆਵਾਜ਼-ਏ-ਪੰਜਾਬ' ਦਾ ਭਵਿੱਖ ਵੀ ਧੁੰਦਲਾ ਹੋ ਗਿਆ ਹੈ। ਕਾਂਗਰਸ ਵਿਚ ਵਿਚ ਸਭ ਅੱਛਾ ਨਹੀਂ ਹੈ, ਮੰਨਿਆ ਜਾ ਰਿਹਾ ਹੈ ਟਿਕਟਾਂ ਦੇ ਐਲਾਨ ਪਿੱਛੋਂ ਪਾਰਟੀ ਵਿਚ ਵੱਡੀ ਬਗਾਵਤ ਦੇ ਅਸਾਰ ਹਨ। ਕਈ ਆਸਵੰਦ ਕਾਰਕੁਨਾਂ ਨੂੰ ਟਿਕਟਾਂ ਨਾ ਮਿਲਣ ਕਰ ਕੇ ਆਪ ਵਿਚ ਵੀ ਕਾਫੀ ਬਗਾਵਤੀ ਸੁਰਾਂ ਉਠੀਆਂ, ਪਰ ਹੁਣ ਇਹ ਮੱਧਮ ਪੈ ਚੁੱਕੀਆਂ ਹਨ। ਆਮ ਆਦਮੀ ਪਾਰਟੀ ਤੋਂ ਵੱਖ ਹੋਏ ਧੜੇ ਸੁੱਚਾ ਸਿੰਘ ਛੋਟੇਪੁਰ ਦੀ 'ਆਪਣਾ ਪੰਜਾਬ ਪਾਰਟੀ' ਨੇ ਭਾਵੇਂ ਵੱਖਰੇ ਤੌਰ ਉਤੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ, ਪਰ ਹਾਲੇ ਤੱਕ ਇਸ ਵਿਚ ਆਪ ਨੂੰ ਚੁਣੌਤੀ ਦੇਣ ਦੀ ਸਮਰੱਥਾ ਨਜ਼ਰ ਨਹੀਂ ਆ ਰਹੀ। ਖੱਬੇ ਪੱਖੀ ਧਿਰਾਂ ਨੇ ਵੀ ਕੁਝ ਸੀਟਾਂ 'ਤੇ ਆਪਣੀ ਡਫਲੀ ਵਜਾਉਣ ਦਾ ਐਲਾਨ ਕੀਤਾ ਹੈ ਜਦੋਂਕਿ ਬਹੁਜਨ ਸਮਾਜ ਪਾਰਟੀ ਨੇ ਵੀ ਸਾਰੀਆਂ ਸੀਟਾਂ ਉਤੇ ਚੋਣ ਲੜਨ ਦਾ ਐਲਾਨ ਕੀਤਾ ਹੋਇਆ ਹੈ। ਭਾਜਪਾ ਨੇ ਹਾਲੇ ਉਮੀਦਵਾਰਾਂ ਦੇ ਨਾਂਵਾਂ ਵਾਲਾ ਪੱਤਾ ਨਹੀਂ ਖੋਲ੍ਹਿਆ, ਪਰ ਸਰਕਾਰ ਵਿਰੁੱਧ ਗੁੱਸੇ ਦੀ ਲਹਿਰ ਦਾ ਇਸ ਉਤੇ ਵੀ ਪ੍ਰਭਾਵ ਪੈਣਾ ਸੁਭਾਵਿਕ ਹੈ।

### 'ਆਪ' ਦੀ ਰਣਨੀਤੀ ਨੇ ਹਾਕਮਾਂ ਦਾ ਫਿਕਰ ਵਧਾਇਆ

ਆਮ ਆਦਮੀ ਪਾਰਟੀ ਦੀ ਰਣਨੀਤੀ ਨੇ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਫਿਕਰਾਂ ਵਿਚ ਪਾਇਆ ਹੋਇਆ ਹੈ। 'ਆਪ' ਨੇ ਅਕਾਲੀ ਦਲ ਦੇ ਵੱਡੇ ਆਗੂਆਂ ਨੂੰ ਉਨ੍ਹਾਂ ਦੇ ਗੜ੍ਹ ਵਿਚ ਹੀ ਘੇਰਨ ਦਾ ਐਲਾਨ ਕੀਤਾ ਹੋਇਆ ਹੈ। ਜਲਾਲਾਬਾਦ ਵਿਚ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਭਗਵੰਤ ਮਾਨ ਟੱਕਰ ਦੇਣਗੇ। ਇਹ ਵੀ ਚਰਚਾ ਹੈ ਕਿ ਕੈਬਨਿਟ ਮੰਤਰੀ ਬਿਕਰਮ ਮਜੀਠੀਆ ਨਾਲ ਆਪ ਦੇ ਪੰਜਾਬ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਭਿੜਨਗੇ। ਆਪ ਦੀ ਰਣਨੀਤੀ ਹੈ ਕਿ ਵੱਡੇ ਲੀਡਰਾਂ ਨੂੰ ਉਨ੍ਹਾਂ ਦੇ ਹਲਕਿਆਂ ਵਿਚ ਹੀ ਘੇਰਿਆ ਜਾਵੇ ਤਾਂ ਜੋ ਉਹ ਬਾਹਰ ਜਾ ਕੇ ਚੋਣ ਪ੍ਰਚਾਰ ਨਾ ਕਰ ਸਕਣ। ਚੋਣ ਮਾਹਰਾਂ ਅਨੁਸਾਰ ਜਲਾਲਾਬਾਦ ਸੀਟ ਉਤੇ ਭਗਵੰਤ ਮਾਨ ਦੇ ਆਉਣ ਨਾਲ ਇਸ ਸੀਟ ਉਤੇ ਮੁਕਾਬਲਾ ਰੌਚਕ ਬਣ ਗਿਆ ਹੈ। ਪਿਛਲੀਆਂ ਵਿਧਾਨ ਸਭਾ ਚੋਣ ਦੌਰਾਨ ਲਹਿਰਾ ਹਲਕੇ ਤੋਂ ਕਾਂਗਰਸ ਦੀ ਸੀਨੀਅਰ ਆਗੂ ਰਾਜਿੰਦਰ ਕੌਰ ਭੱਠਲ ਖਿਲਾਫ਼ ਪੀ.ਪੀ.ਪੀ. ਪਾਰਟੀ ਵੱਲੋਂ ਭਗਵੰਤ ਮਾਨ ਨੇ ਆਪਣੇ ਰਾਜਨੀਤਕ ਸਫਰ ਦੀ ਸ਼ੁਰੂਆਤ ਕੀਤੀ ਸੀ, ਪਰ ਉਸ ਨੂੰ ਸਫਲਤਾ ਨਹੀਂ ਮਿਲੀ। ਇਸ ਤੋਂ ਬਾਅਦ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਤੇ ਲੋਕ ਸਭਾ ਹਲਕੇ ਸੰਗਰੂਰ ਤੋਂ ਉਨ੍ਹਾਂ ਨੇ ਅਕਾਲੀ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਖਿਲਾਫ਼ ਚੋਣ ਲੜੀ।

# ਇਸ ਵਾਰ ਪੰਜਾਬ ਕਾਂਗਰਸ ਚੋਣਾਂ ਦੌਰਾਨ ਕਰੇਗੀ ਨਵੇਂ ਤਜ਼ਰਬੇ

**ਚੰਡੀਗੜ੍ਹ –** ਪੰਜਾਬ ਕਾਂਗਰਸ ਵਿਧਾਨ ਸਭਾ ਚੋਣਾਂ ਦੇ ਦੌਰਾਨ ਨਵੇਂ-ਨਵੇਂ ਤਜ਼ਰਬੇ ਕਰਨ ਜਾ ਰਹੀ ਹੈ। ਕਾਂਗਰਸ, ਜਿਸ ਨੇ 50 ਸਾਲ ਤੱਕ ਭਾਰਤ 'ਚ ਰਾਜ ਕੀਤਾ ਤੇ ਆਪਣੇ ਆਪ ਨੂੰ ਸਕੂਲਰ ਪਾਰਟੀ ਕਹਿੰਦੀ ਹੈ, ਪੰਜਾਬ ਵਿਧਾਨ ਸਭਾ ਚੋਣਾਂ ਜਿੱਤਣ ਲਈ ਹਿੰਦੂ ਤੇ ਸਿੱਖ ਦ੍ਰਿਸ਼ਟੀਕੋਣ ਤੋਂ ਸੋਚਣ ਲਈ ਮਜਬੂਰ ਹੋ ਗਈ ਹੈ। ਜਾਣਕਾਰ ਹਲਕਿਆਂ ਅਨੁਸਾਰ ਇਸ ਵਾਰ ਕਾਂਗਰਸ ਕਈ ਇਹੋ ਜਿਹੇ ਹਲਕਿਆਂ ਤੋਂ ਹਿੰਦੂ ਉਮੀਦਵਾਰ ਖੜ੍ਹੇ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ, ਜਿੱਥੋਂ ਪਹਿਲਾਂ ਕਦੇ ਕਦੇ ਉਸ ਦੇ ਸਿੱਖ ਉਮੀਦਵਾਰ ਜਿੱਤਦੇ ਰਹੇ ਹਨ ਜਾਂ ਚੋਣ ਲੜਦੇ ਰਹੇ ਹਨ । ਪਤਾ ਲੱਗਾ ਹੈ ਕਿ ਕਾਂਗਰਸ ਸੰਗਰੂਰ ਤੋਂ ਲੋਕ ਸਭਾ ਦੇ ਸਾਬਕਾ ਕਾਂਗਰਸੀ ਮੈਂਬਰ ਵਿਜੇਇੰਦਰ ਸਿੰਗਲਾ ਨੂੰ ਇਸ ਵਾਰ ਪਾਰਟੀ ਟਿਕਟ ਦੇਣਾ ਚਾਹੁੰਦੀ ਹੈ, ਇਸੇ ਤਰ੍ਹਾਂ ਸਾਬਕਾ ਕੇਂਦਰੀ ਮੰਤਰੀ ਮੁਨੀਸ਼ ਤਿਵਾੜੀ ਨੂੰ ਲੁਧਿਆਣਾ ਸ਼ਹਿਰ ਦੇ ਕਿਸੇ ਹਲਕੇ ਤੋਂ ਆਪਣਾ ਉਮੀਦਵਾਰ ਬਨਾਉਣ ਦੇ ਮੂਡ 'ਚ ਹੈ। ਪੰਜਾਬ ਦੇ ਸਾਬਕਾ ਵਿੱਤ ਮੰਤਰੀ ਸੁਰਿੰਦਰ ਸਿੰਗਲਾ ਨੂੰ ਬਠਿੰਡਾ ਸ਼ਹਿਰੀ ਹਲਕੇ ਤੋਂ ਮੈਦਾਨ 'ਚ ਉਤਾਰਨਾ ਚਾਹੁੰਦੀ ਹੈ। ਇੱਥੇ ਹੀ ਬੱਸ ਨਹੀਂ ਪੰਜਾਬ ਦੇ ਸਾਬਕਾ ਟਰਾਂਸਪੋਰਟ ਮੰਤਰੀ ਮਹਿੰਦਰ ਸਿੰਘ ਕੇ.ਪੀ. ਨੂੰ ਵੀ ਕਿਸੇ ਅਜਿਹੇ ਰਾਖਵੇਂ ਹਲਕੇ ਤੋਂ ਚੋਣ ਮੈਦਾਨ 'ਚ ਉਤਾਰਿਆ ਜਾ ਰਿਹਾ ਹੈ ਜਿੱਥੇ ਸਿੱਖ ਵੋਟਰ ਕਾਫ਼ੀ ਗਿਣਤੀ 'ਚ ਹਨ। ਇੱਥੇ ਹੀ ਬੱਸ ਨਹੀਂ ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਨੇ ਕਾਂਗਰਸ ਹਾਈ ਕਮਾਂਡ ਨੂੰ ਇਹ ਸੁਝਾਅ ਦਿੱਤਾ ਹੈ ਕਿ ਆਉਣ ਵਾਲੀਆਂ ਚੋਣਾਂ 'ਚ ਕਾਂਗਰਸ ਨੂੰ ਇਹ ਵਾਅਦਾ ਕਰਨਾ ਚਾਹੀਦਾ ਹੈ ਕਿ ਉਹ ਕਿਸੇ ਹਿੰਦੂ ਵਿਧਾਇਕ ਨੂੰ ਉਪ-ਮੁੱਖ ਮੰਤਰੀ ਬਣਾਏਗੀ ਤੇ ਹਿੰਦੂ ਭਾਈਚਾਰੇ ਨੂੰ ਵੱਧ ਤੋਂ ਵੱਧ ਟਿਕਟਾਂ ਦੇਣੀਆਂ ਚਾਹੀਦੀਆਂ ਹਨ । ਦਿਲਚਸਪ ਤੇ ਵਰਨਣਯੋਗ ਗੱਲ ਇਹ ਹੈ ਕਿ ਇਹ ਗੱਲਾਂ ਐਨ ਉਸ ਸਮੇਂ ਕੀਤੀਆਂ ਜਾ ਰਹੀਆਂ ਹਨ, ਜਦੋਂ ਕਾਂਗਰਸ ਟਿਕਟਾਂ ਦਾ ਫੈਸਲਾ ਹੋਣ ਵਾਲਾ ਹੈ।

### ਕਾਂਗਰਸ ਤੋਂ ਮੁਫ਼ਤ ਸਮਾਰਟ ਫੋਨ ਲੈਣ ਦੇ ਚਾਹਵਾਨਾਂ 'ਚ ਲੁਧਿਆਣਾ ਦੇ ਨੌਜਵਾਨ ਅੱਗੇ



ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਰਕਾਰ ਆਉਣ 'ਤੇ 50 ਲੱਖ ਨੌਜਵਾਨਾਂ ਨੂੰ ਸਮਾਰਟ ਫ਼ੋਨ ਤੇ ਇਕ ਸਾਲ ਦਾ ਮੁਫ਼ਤ ਨੈੱਟ ਡਾਟਾ ਦੇਣ ਦਾ ਐਲਾਨ ਕੀਤਾ ਗਿਆ ਹੈ । ਇਸ ਐਲਾਨ ਤੋਂ ਬਾਅਦ ਲੁਧਿਆਣਾ ਦੇ ਸਭ ਤੋਂ ਵੱਧ ਨੌਜਵਾਨਾਂ ਨੇ ਮੁਫ਼ਤ ਸਮਾਰਟ ਫ਼ੋਨ ਲੈਣ ਲਈ ਇੱਛਾ ਜ਼ਾਹਿਰ ਕੀਤੀ ਹੈ । ਇਹ ਸਕੀਮ 18 ਤੋਂ ਲੈ ਕੇ 35 ਸਾਲ ਦੇ ਨੌਜਵਾਨਾਂ ਲਈ ਜਾਰੀ ਕੀਤੀ ਗਈ ਹੈ । ਸਕੀਮ ਤਹਿਤ 20 ਨਵੰਬਰ ਤੋਂ ਲੈ ਕੇ 30 ਨਵੰਬਰ ਤੱਕ ਵੈੱਬਸਾਈਟ 'ਤੇ ਅਪਲਾਈ ਕਰਨ ਵਾਲੇ ਲੁਧਿਆਣਾ ਦੇ 16.98 ਫ਼ੀਸਦੀ ਨੌਜਵਾਨਾਂ ਨੇ ਮੁਫ਼ਤ ਸਮਾਰਟ ਫ਼ੋਨ ਲੈਣ ਦੀ ਇੱਛਾ ਜ਼ਾਹਿਰ ਕੀਤੀ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ 'ਚ 8.79 ਫ਼ੀਸਦੀ ਨੌਜਵਾਨਾਂ ਨੇ, ਪਟਿਆਲਾ 'ਚ 8.13, ਜਲੰਧਰ 'ਚ 6.49 ਫ਼ੀਸਦੀ, ਬਠਿੰਡਾ 'ਚ 6.31, ਸੰਗਰੂਰ 'ਚ 5.16 ਫ਼ੀਸਦੀ, ਗੁਰਦਾਸਪੁਰ 'ਚ 4.52 ਫ਼ੀਸਦੀ, ਫ਼ਾਜ਼ਿਲਕਾ 'ਚ 4.02 ਫ਼ੀਸਦੀ, ਮੋਗਾ 'ਚ 3.85 ਫ਼ੀਸਦੀ, ਮੋਹਾਲੀ 'ਚ 3.55, ਫ਼ਿਰੋਜਪੁਰ 'ਚ 3.41, ਤਰਨ ਤਾਰਨ 'ਚ 3.37 ਫ਼ੀਸਦੀ, ਹੁਸ਼ਿਆਰਪੁਰ 'ਚ 3.31 ਫ਼ੀਸਦੀ, ਮੁਕਤਸਰ 'ਚ 3.14 ਫ਼ੀਸਦੀ, ਕਪੂਰਥਲਾ 'ਚ 2.6 ਫ਼ੀਸਦੀ, ਮਾਨਸਾ 'ਚ 2.52 ਫ਼ੀਸਦੀ, ਫ਼ਤਿਹਗੜ੍ਹ ਸਾਹਿਬ 'ਚ 2.45 ਫ਼ੀਸਦੀ, ਬਰਨਾਲਾ 'ਚ 2.36 ਫ਼ੀਸਦੀ, ਪਠਾਨਕੋਟ 'ਚ 2.26 ਫ਼ੀਸਦੀ ਰੋਪੜ 'ਚ 2.09 ਫ਼ੀਸਦੀ, ਨਵਾਂਸ਼ਹਿਰ 'ਚ 1.60 ਫ਼ੀਸਦੀ ਤੇ ਚੰਡੀਗੜ੍ਹ 'ਚ 0.82 ਫ਼ੀਸਦੀ ਨੌਜਵਾਨਾਂ ਨੇ ਕਾਂਗਰਸ ਸਰਕਾਰ ਆਉਣ 'ਤੇ ਮੁਫ਼ਤ ਸਮਾਰਟ ਫ਼ੋਨ ਲੈਣ ਦੀ ਇੱਛਾ ਜ਼ਾਹਿਰ ਕੀਤੀ ਹੈ । ਪੰਜਾਬ ਕਾਂਗਰਸ ਨੇ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਨੌਜਵਾਨਾਂ ਨੂੰ ਜੋੜਨ ਲਈ ਮੁਹਿੰਮ ਚਲਾਈ ਹੈ ਕਿਉਂਕਿ ਕਿਸੇ ਵੀ ਰਾਜਸੀ ਪਾਰਟੀ ਲਈ ਨੌਜਵਾਨ ਵੋਟਰ ਕਾਫ਼ੀ ਅਹਿਮ ਹਨ ਤੇ ਇਸ ਵੇਲੇ ਤਾਂ ਹਰ ਨੌਜਵਾਨ ਮੋਬਾਈਲ ਤਕਨਾਲੋਜੀ ਨਾਲ ਜੁੜਨਾ ਚਾਹੁੰਦਾ ਹੈ ।

### ਕੈਪਟਨ ਵੱਲੋਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਨੌਜਵਾਨਾਂ ਨਾਲ ਵਾਅਦਾ ਕੀਤਾ ਹੈ ਕਿ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਬਣਨ 'ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ ਜਾਂ ਪ੍ਰਤੀ ਮਹੀਨਾ ਢਾਈ ਹਜ਼ਾਰ ਰੁਪਏ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਸੂਬੇ ਦੇ 50 ਲੱਖ ਨੌਜਵਾਨਾਂ ਨੂੰ ਮੁਫ਼ਤ ਮੋਬਾਈਲ ਫੋਨ ਵੀ ਦਿੱਤੇ ਜਾਣੇ ਹਨ। ਅਕਾਲੀ-ਭਾਜਪਾ ਸਰਕਾਰ ਦੀ ਆਟਾ-ਦਾਲ ਸਕੀਮ ਵੀ ਜਾਰੀ ਰੱਖੀ ਜਾਵੇਗੀ ਅਤੇ ਪੈਨਸ਼ਨ ਦੀ ਰਕਮ ਪੰਜ ਸੌ ਰੁਪਏ ਤੋਂ ਵਧਾ ਕੇ ਦੋ ਹਜ਼ਾਰ ਰੁਪਏ ਮਹੀਨਾ ਕੀਤੀ ਜਾਵੇਗੀ।

ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਜਾਣਗੇ ਤੇ ਜ਼ਮੀਨਾਂ ਕੁਰਕ ਨਹੀਂ ਹੋਣ ਦਿੱਤੀਆਂ ਜਾਣਗੀਆਂ। ਇੱਥੇ 'ਹਰ ਘਰ ਤੋਂ ਇੱਕ ਕੈਪਟਨ' ਪ੍ਰੋਗਰਾਮ ਦੀ ਸ਼ੁਰੂਆਤ ਕਰਨ ਮੌਕੇ ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਫਾਈਨਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ, ਜਿਸ ਸਬੰਧੀ ਨਵੀਂ ਦਿੱਲੀ ਵਿੱਚ ਕਾਂਗਰਸ ਸਕਰੀਨਿੰਗ ਕਮੇਟੀ ਦੀ ਮੀਟਿੰਗ ਹੋ ਰਹੀ ਹੈ। ਵਾਅਦਿਆਂ ਨੂੰ ਪੂਰਾ ਕਰਨ ਲਈ ਪੈਸੇ ਦੀ ਘਾਟ ਬਾਰੇ ਕੈਪਟਨ ਨੇ ਕਿਹਾ ਕਿ ਉਹ ਆਪਣੇ ਆਗੂਆਂ ਨਾਲ ਵਾਅਦਿਆਂ ਨੂੰ ਪੂਰਾ ਕਰਨ ਦੀ ਸੋਚ ਨਾਲ ਮਾਲੀਆ ਇਕੱਠਾ ਕਰਨ ਵਾਸਤੇ ਵੱਖਰੇ ਤਰ੍ਹਾਂ ਦੇ ਕਦਮਾਂ ਉਪਰ ਕੰਮ ਕਰ ਰਹੇ ਹਨ। ਉਨ੍ਹਾਂ ਦੁਹਰਾਇਆ ਕਿ ਪਾਰਟੀ ਉਮੀਦਵਾਰਾਂ ਦੀ ਚੋਣ ਦਾ ਮੁੱਖ ਆਧਾਰ ਜਿੱਤਣ ਦੀ ਕਾਬਲੀਅਤ ਹੋਵੇਗੀ।

# ਦੇਵਿੰਦਰ ਕੌਰ (ਡਾ.) ਦੀ ਸਵੈ-ਜੀਵਨੀ "ਵਹੀ-ਖਾਤਾ" ਦਾ ਸਫਰ ਕਰਦਿਆਂ

**"ਵਹੀ-ਖਾਤਾ"** ਇਕ ਐਸੀ ਕਿਤਾਬ ਹੈ ਜਿਸ ਦੀ ਮੈਨੂੰ ਮੁੱਦਤ ਤੋਂ ਉਡੀਕ ਸੀ।

ਅਸਲ ਵਿਚ ਕੋਈ ਸਿਰਜਣਹਾਰਾ ਜਦ ਵੀ ਕਿਸੇ ਰਚਨਾ ਦੀ ਸਿਰਜਣਾ ਕਰਦਾ ਹੈ, ਤਾਂ ਅਸੀਂ ਉਸ ਸਿਰਜਣਹਾਰੇ ਤੋਂ ਇਕ ਉਮੀਦ ਲਗਾਉਂਦੇ ਹਾਂ ਤੇ ਖਾਸ ਕਰਕੇ ਉਦੋਂ ਤਾਂ ਹੋਰ ਵੀ ਬਹੁਤਿਆਤੀ ਨਾਲ ਜਦੋਂ ਅਸੀਂ ਉਸ ਸਿਰਜਣਹਾਰੇ ਨੂੰ ਜ਼ਾਤੀ ਤੌਰ ਤੇ ਵੀ ਜਾਣਦੇ ਹੋਈਏ ਤੇ ਸਿਰਜੀ ਕ੍ਰਿਤ ਵੀ ਉਸ ਦਾ ਸਵੈ-ਜੀਵਨ-ਬ੍ਰਿਤਾਂਤ ਹੋਵੇ।



ਪਰ ਭਾਵੇਂ ਨਾ ਵੀ ਜਾਣਦੇ ਹੋਈਏ ਪਰ ਸਾਡੇਮੰਨ ਵਿਚ ਉਸ ਰਚਨਾਕਾਰ ਦੀ ਦੀਆਂ ਰਚਨਾਵਾ ਰਾਹੀਂ ਉਸ ਦੀ ਕੁਝ ਨਾ ਕੁਝ ਪਹਿਚਾਣ ਤਾਂ ਸਾਡੇ ਜ਼ਿਹਨ 'ਚ ਪਹਿਲਾਂ ਹੀ ਬਣੀ ਹੋਈ ਹੁੰਦੀ ਹੈ, ਤੇ ਜਿਸ ਵੀ ਵਿਧਾ 'ਚ ਉਹ ਸਿਰਜਣਾ ਕਰਦਾਜਾਂ ਕਰਦੀ ਹੈ, ਉਸ ਦਾ ਅੰਦਾਜ਼ਾ ਤਾਂ ਸਾਨੂੰ ਉਸੇ ਪਹਿਚਾਣ ਕਰਕੇ ਵੀ ਪਤਾ ਲਗ ਜਾਂਦਾ ਹੈ।

ਜਿਵੇਂ ਕਿ ਮੇਰਾ ਜ਼ਾਤੀ ਤੌਰ ਤੇ ਮੰਨਣਾ ਹੈ ਕਿ ਇਤਿਹਾਸਕਾਰ ਕਦੇ ਸੱਚ ਨਹੀਂ ਲਿਖਦਾ ਕਿਉਂਕਿ ਇਤਿਹਾਸ ਹਮੇਸ਼ਾਂ ਪੈਸੇ ਖਰਚ ਕੇ ਹਕੂਮਤਾਂ ਆਪਣੇ ਹੱਕ 'ਚ ਲਿਖਵਾਉਂਦੀਆਂ ਰਹੀਆਂ ਹਨ। ਇਸੇ ਕਰਕੇ ਲਿਖਿਆ ਹੋਇਆ ਇਤਿਹਾਸ ਹਮੇਸ਼ਾਂ "ਕਿੰਤੂ-ਪ੍ਰੰਤੂ" ਮੰਗਦਾ ਹੈ। ਸਾਡੇ ਸਾਹਵੇਂ ਤਾਜ਼ੀਆਂ ਵੀ ਤੇ ਇਤਿਹਾਸਕ ਮਿਸਾਲਾਂ ਵੀ ਹਨ। ਮਸਲਨ ਜੇ ਮਹਾਭਾਰਤ ਦੇ ਯੁੱਧ 'ਚ ਪਾਂਡਵ ਨਾ ਜਿੱਤਦੇ ਦਿਖਾਏ ਜਾਂਦੇ ਤਾਂ ਸ਼ਾਇਦ ਕ੍ਰਿਸ਼ਨ ਦੇ ਰੱਬ ਨਾ ਹੋ ਕੇ ਇਕ ਖਲਨਾਇਕ ਹੋਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸੇ ਤਰ੍ਹਾਂ ਜਦ ਕੋਈ ਕਿਸੇ ਨਾਵਲ ਦੀ ਰਚਨਾ ਕਰਦਾ ਹੈ ਤਾਂ ਉਸ ਦੀਆਂ ਉਡਾਰੀਆਂ ਆਪਣੇ ਖੰਭਾਂ ਮੁਤਾਬਕ ਹੀ ਭਰੀਆਂ ਹੁੰਦੀਆਂ ਲੱਭਦੀਆਂ ਹਨ। ਇਸੇ ਤਰ੍ਹਾਂ ਕਵਿਤਾ ਹੈ। ਕਵਿਤਾ ਵਿਚ ਲੇਖਕ ਆਪਣੀ ਉਡਾਰੀ 'ਚ ਬਹੁਤ ਸਾਰੇ ਜ਼ਾਤੀ ਅਭਿਆਸ ਤੇ ਬਹੁਤ ਸਾਰੇ ਦੇਖੇ-ਅਣਦੇਖੇ ਸੁਪਨੇ ਬੀਜਕੇ ਉਸ ਨੂੰ ਇਕ ਲੈਅ ਦੀ ਭਾਸ਼ਾ 'ਚ ਉਕਾਰ ਕੇ ਸਾਡੇਮੂਹਰੇ ਰੱਖਦਾ ਜਾਂ ਰੱਖਦੀ ਹੈ।

ਪਰ ਜੀਵਨੀ ਜਾਂ ਸਵੈ-ਜੀਵਨੀ ਦਾ ਲਿਖਣ ਦਾ ਇਕ ਵੱਖਰਾ ਅਭਿਆਸ ਹੁੰਦਾ ਹੈ। ਖਾਸ ਕਰਕੇ ਸਵੈ-ਜੀਵਨੀ ਲਿਖਣਾ ਪਹਾੜ ਜਿੱਡੇ ਵੱਡੇ ਗੁਰਦੇ ਦੀ ਮੰਗ ਕਰਦਾ ਹੈ।ਸਵੈ-ਜੀਵਨੀ ਵਿਚ ਪਾਠਕ ਹਮੇਸ਼ਾਂ ਸੱਚ ਤੇ ਸਿਰਫ ਸੱਚ ਲੱਭਦਾ ਹੈ। ਪਰਸਿਰਜਣਹਾਰੇ ਤੋਂ ਕਦੇ ਵੀ ਸੌ ਫੀ ਸਦੀ ਸੱਚ ਨਹੀਂ ਲਿਖ ਹੁੰਦਾ। ਕੁਝ ਨਾ ਕੁਝ ਅਣ-ਲਿਖਿਆ ਸੁਤੇ-ਸਿੱਧ ਛੁੱਟ ਹੀ ਜਾਂਦਾ ਹੈ ਜਾਂ ਜਾਣ-ਬੁੱਝ ਕੇ ਛੱਡ ਦਿੱਤਾ ਜਾਂਦਾ ਹੈ। ਕਈ ਵਾਰੀ ਕੁਝ ਗੱਲਾਂ ਇੰਨੀਆਂ ਜ਼ਾਤੀ ਵੀ ਹੁੰਦੀਆ ਹਨ ਕਿ ਉਹਨਾਂ ਕਿਸੇ ਨਾਲ ਸਾਂਝਿਆਂ ਨਹੀ ਕੀਤਾ ਜਾ ਸਕਦਾ। ਤੇ ਉਸ ਤੇ ਕਿੰਤੂ ਪਰੰਤੂ ਹੋਣ ਲਗਦੇ ਹਨ। ਸਵੈ-ਜੀਵਨੀ ਲਿਖਣ ਦਾ ਇਕ ਇਹ ਪਹਿਲੂ ਵੀ ਹੈ ਕਿ ਸਿਰਜਣਹਾਰਾ ਆਪਣੀ ਸਾਈਡ ਤੋਂ ਬ੍ਰਿਤਾਂਤ ਪੇਸ਼ ਕਰ ਰਿਹਾ ਹੁੰਦਾ ਤੇ ਪਾਠਕ ਜਾਂ ਉਸ ਦੇ ਕੁਝ ਹੋਰ ਪਾਤਰਾਂ ਦੇ ਦੋਸਤ ਜਾਂ ਪਾਠਕ-ਦੋਸਤ ਹੋਣ ਕਰਕੇ ਉਸ ਦੇ ਜ਼ਾਤੀ ਨਜ਼ਰੀਏ ਤੋਂ ਵਾਕਫ ਹੁੰਦੇ ਹੋਣ ਕਰਕੇ ਉਸ ਦਾ ਦੂਜਾ ਪੱਖ ਵੀ ਦੇਖ ਰਹੇ ਹੁੰਦੇ ਹਨ। ਇਸੇ ਸੰਦਰਭ ਵਿਚ ਪੰਜਾਬੀ ਦੀਆਂ ਹੋਰ ਲੇਖਿਕਾਵਾਂ ਵਲੋਂ ਪਹਿਲਾਂ ਲਿਖੀਆਂ ਸਵੈ-ਜੀਵਨੀਆਂ ਸ਼ਾਇਦ ਇਸ ਪੱਖੋਂ ਪਾਠਕਾਂ ਜਾਂ ਦੋਸਤ-ਪਾਠਕਾਂ ਦੀ ਨਜ਼ਰ ਵਿਚ ਪੂਰੀਆਂ ਨਹੀਂ ਸਨ ਉਤਰੀਆਂ। ਅਜੀਤ ਕੌਰ, ਅੰਮ੍ਰਿਤਾ ਪ੍ਰੀਤਮ ਜਾਂ ਪੰਜਾਬੀ ਦੀਆਂ ਹੋਰ ਲੇਖਿਕਾਵਾਂ ਦੀਆਂ ਸਵੈ-ਜੀਵਨੀਆਂ ਇਸੇ ਕਰਕੇ ਬਹਿਸ ਦਾ ਕੇਂਦਰ ਵੀ ਬਣੀਆਂ ਰਹੀਆਂ। ਉਹਨਾਂ ਦੀਆਂ ਸਵੈ-ਜੀਵਨੀਆਂ ਦਾ ਇਕ ਅਹਿਮ ਪਹਿਲੂ ਇਹ ਵੀ ਰਿਹਾ ਕਿ ਉਹ ਸਭ 'ਮੈਂ' ਦੇ ਦੁਆਲੇ ਹੀ ਤੁਰਦੀਆਂ ਰਹੀਆ। ਸਵੈਜੀਵਨੀ ਵਿਚ ਇਹ ਤਾਂ ਬਹੁਤ ਜ਼ਰੂਰੀ ਹੈ ਕਿ ਉਹ ਮੁਖ ਪਾਤਰ ਦੇ ਦੁਆਲੇ ਹੀ ਘੁੰਮਣ ਪਰ ਇਲਜ਼ਾਮ ਇਹ ਲੱਗਦਾ ਰਿਹਾ ਕਿ ਉਹ ਲਿਖਤ ਲੇਖਕਾਵਾਂ ਦੀ ਜੀਵਨ-ਅਸਲੀਅਤ ਤੋ ਬਹੁਤ ਦੂਰ ਹਨ। ਇਸੇ ਕਰਕੇ ਵਧੇਰੇ ਲੋਕਾਂ ਦੇ ਮੂਹੋਂ ਮੈਂ ਇਹੀ ਸੁਣਿਆ ਸੀ ਕਿ ਇਹ ਸਭ ਵਿਚ ਜੋ ਵੀ ਲਿਖਿਆ ਮਿਲਿਆ, ਉਹ ਕਾਫੀ ਤੋਂ ਵਧ ਇਤਿਹਾਸਕਾਰਾਂ ਵਾਂਗ ਹੀ ਲਿਖਿਆ ਹੋਇਆ।

ਪਰ ਜਦੋਂ ਮੈਂ ਡਾਕਟਰ ਦੇਵਿੰਦਰ ਕੌਰ ਦੀ ਸਵੈ-ਜੀਵਨੀ "ਵਹੀ-ਖਾਤਾ" ਦੀ ਗੱਲ ਕਰਨ ਲੱਗਾ ਹਾਂ ਤਾਂ ਇਹ ਵਿਸ਼ਵਾਸ ਨਾਲ ਕਹਿਣ ਦਾ ਮੈਨੂੰ ਹੱਕ ਵੀ ਹੈ ਤੇ ਪਾਠਕ ਦੀ ਲੋੜ ਵੀ ਕਿਉਂਕਿ ਇਸ ਵਿਚ ਜੋ ਲਿਖਿਆ ਉਹ ਸਿਰਫ ਸੱਚ ਨਹੀਂ, ਸਗੋਂ ਉਹ ਬਹੁਤਾ ਸੱਚ ਹੈ। ਜੋ ਭਾਗ ਮੈਂ ਪਹਿਲਾਂ ਪੜ੍ਹਿਆ, ਜਿਸ ਨੂੰ ਦੇਵਿੰਦਰ ਨੇ "ਮਿਰਾਜ" ਦਾ ਨਾਂਅ ਦਿੱਤਾ ਸੀ, ਉਸ 'ਚੋਂ ਮੁਖ ਘਟਨਾਵਾਂ ਦਾ ਮੈਂ ਅੱਖੀਂ ਡਿੱਠਾ ਗਵਾਹ ਵੀ ਹਾਂ। ਦੇਵਿੰਦਰ ਨੇ ਸਾਰੀਆਂ ਗੱਲਾਂ ਨੂੰ ਇੰਨੇ ਮਾਰਮਿਕ ਢੰਗ ਨਾਲ ਪੇਸ਼ ਕੀਤਾ ਹੈ ਕਿ ਉਸ ਨੂੰ ਮੁੱਖ ਘਟਨਾਵਾਂ ਨਾਲ ਬਾਵਸਤਾਹੁੰਦਿਆਂ ਆਪਣੇ ਆਪ ਨੂੰ ਬਾਹਰ ਖੜ੍ਹੇ ਦੇਖ ਇਕ ਮੂਕ ਦਰਸ਼ਕ ਵਾਂਗ ਆਪਣੇ ਆਪ ਤੇ ਤਰਸ ਵੀ ਆਉਂਦਾ ਹੈ ਤੇ ਗੁੱਸਾ ਵੀ।

ਦੇਵਿੰਦਰਇਕ ਖੂਬਸੂਰਤ ਔਰਤ ਹੈ, ਤੇ ਪੰਜਾਬੀ ਸਾਹਿਤ ਦੀ ਬਹੁਤ ਗੰਭੀਰ ਵਿਦਵਾਨ ਵੀ। ਬਹੁਤ ਅੱਛੀ ਕਵਿਤਾ ਵੀ ਲਿਖਦੀ ਹੈ ਤਾ ਖੂਬਸੂਰਤ ਆਵਾਜ਼ ਵਿਚ ਗਾਉਂਦੀ ਵੀ ਹੈ। ਦੇਵਿੰਦਰਕਾਫੀ ਸਾਲ ਦਿੱਲੀ ਦੇ ਮੈਤਰੇਈ ਕਾਲਜ ਵਿਚ ਅਧਿਆਪਕ ਰਹੀ ਹੈ ਅਤੇ ਇਸ ਕਾਲਜ ਨੂੰ ਦਿੱਲੀ ਯੂਨੀਵਰਸਿਟੀ ਕੈਂਪਸ ਦਾ ਹਿੱਸਾ ਵੀ ਮੰਨਿਆਂ ਜਾਂਦਾ।

ਜਦ ਸਵਰਨ ਚੰਦਨ ਤੇ ਦੇਵਿੰਦਰ ਸੰਪਰਕ ਵਿਚ ਆਉਂਦੇ ਹਨ ਤਾਂ ਉਹ ਉਨ੍ਹਾਂ ਦੋਹਾਂ ਦੇ ਵਿਆਹ ਤੇ ਉਸ ਦੀ ਖੁਦ ਦੀ ਅਗਲੀ ਜ਼ਿੰਦਗੀ ਬਾਰੇ ਗੰਭੀਰਤਾ ਨਾਲ ਸੋਚਣ ਲਗਦੀ ਹੈ। ਸੁਪਨੇ ਬੀਜਦੀ ਹੈ। ਹਰ ਔਰਤ ਵਾਂਗ ਉਸ ਦੇ ਅੰਦਰ ਵੀ ਆਪਣੀਆਂ ਖੁਆਹਿਸ਼ਾਂ, ਆਪਣੇ ਅੰਦਰਲੇ ਸੁਪਨੇ ਪੁੰਗਰਨ ਲਗਦੇ ਹਨ।ਪਰਇਹ ਸੁਪਨੇ ਪੂਰੇ ਤਾਂ ਕੀ ਹੋਣੇ, ਉਸ ਦੇ ਵਿਲਾਇਤ ਪਹੁੰਚਣ ਉਪਰੰਤ ਹੀ ਉਨ੍ਹਾਂ ਸਭ ਸੁਪਨਿਆਂ ਦਾ ਘਾਣ ਹੋਣਾ ਸ਼ੁਰੂ ਹੋ ਗਿਆ। ਸਵਰਨ ਚੰਦਨ ਦੀ ਉਸ ਪ੍ਰਤੀ ਲਾ-ਪ੍ਰਵਾਹੀ, ਤੇ ਵਿਆਹ ਵਰਗੇ ਪਵਿਤਰ ਰਿਸ਼ਤੇ ਨੂੰ ਆਧਾਰ ਮੰਨ ਕੇ ਇਕ ਪਤੀ-ਪਤਨੀ ਵਾਲੇ ਰਿਸ਼ਤੇ ਦੀ ਨੀਂਹ ਰੱਖ ਹੋਣ ਤੋਂ ਪਹਿਲਾਂ ਹੀ ਖੁਰਨੀ ਸ਼ੁਰੂ ਹੋ ਗਈ।

ਦੇਵਿੰਦਰ ਦਾ ਪੰਜਾਬੀ ਆਲੋਚਨਾ ਵਿਚ ਆਪਣਾ ਇਕ ਸਥਾਨ ਰਿਹਾ। ਆਪਣਾ ਇਕ ਦਾਇਰਾ ਰਿਹਾ ਜੋ ਅੱਜ ਵੀ ਹੈ। ਪੰਜਾਬੀ ਦੇ ਵਿਦਵਾਨ ਤੇ ਹੋਰ ਲੇਖਕ ਭਾਈਚਾਰਾ ਉਸ ਨੂੰ ਅੱਜ ਵੀ ਉਸੇ ਸਤਿਕਾਰ ਦੀ ਨਜ਼ਰ ਨਾਲ ਦੇਖਦਾ ਜੋ ਦਿੱਲੀ ਵੇਲੇ ਸੀ। ਪਰ ਮੈਨੂੰ ਜ਼ਾਤੀ ਤੌਰ ਤੇ ਸਵਰਨ ਚੰਦਨ ਦਾ ਦੇਵਿੰਦਰ ਨੂੰ ਲੈ ਇੰਡੀਆ ਵਾਪਸ ਲੈ ਜਾਣਾ, ਉਸ ਰਾਹੀਂ ਉਥੇ ਆਪਣੇ ਆਪ ਨੂੰ ਸਥਾਪਤ ਕਰਨ ਦੀ ਕੋਸ਼ਿਸ਼, ਤੇ ਹੋਰ ਕਈ ਸਾਰੇ ਸੰਦਰਭ ਇਸ ਕਿਤਾਬ ਵਿਚ ਪੜ੍ਹ ਤੇ ਕੁਝ ਆਪਣੀ ਜ਼ਾਤੀ ਸੋਚ ਮੁਤਾਬਕ ਇਹੀ ਭਾਸਿਆ ਕਿ ਸਵਰਨ ਦੇਵਿੰਦਰ ਨੂੰ ਆਪਣੀ ਕਾਮਯਾਬੀ ਵਾਲੀ ਪੌੜੀ ਬਣਾ ਇਕ ਹੋਰ ਡੰਡਾ ਉਪਰ ਟੱਪਣਾ ਚਾਹੁੰਦਾ ਸੀ ਜੋ ਉਸ ਦੇ ਸੁਭਾਅ ਤੇ ਆਦਤਾਂ ਕਰਕੇ ਉਸ ਤੋਂ ਟੱਪ ਨਾ ਹੋਇਆ।

ਇਸ ਕਿਤਾਬ ਵਿਚ ਇਕ ਥਾਂ ਦੇਵਿੰਦਰ ਕੁਝ ਇਸ ਤਰ੍ਹਾਂ ਦੇ ਅਹਿਸਾਸ ਦਰਜ ਕਰਦੀ ਹੈ ਕਿ ਸਵਰਨ ਚੰਦਨ ਦੇ ਦੇ ਤਾਅਨਿਆਂ ਤੇ ਗੈਰ-ਸਤਿਕਾਰੀ ਸ਼ਬਦਾਂ ਨੇ ਤਾਂ ਉਸ ਦਾ ਦਿੱਲ ਹੀ ਤੋੜੀ ਰਖਿਆ। ਆਖਰੀ ਸਾਹਾਂ ਤੋਂ ਕੁਝ ਪਲ ਪਹਿਲਾਂ ਵੀ ਉਹ ਸਵਰਨ ਵਲੋਂ ਦਿੱਲ ਦੁਖਾਉਣ ਵਾਲੇ ਤਾਅਨੇ ਭਰੇ ਬੋਲਾਂ ਦਾ ਸ਼ਿਕਾਰ ਹੁੰਦੀ ਰਹੀ। ਉਹ ਲਿਖਦੀ ਹੈ "ਮੌਤ ਸਮੇਂ ਚੰਦਨ ਸਾਹਿਬ ਸ਼ਰਾਬ ਪੀ ਰਹੇ ਸਨ । ਅੱਧੀ ਬੋਤਲ ਉਵੇਂ ਹੀ ਉਹਨਾਂ ਦੇ ਸਾਹਮਣੇ ਪਈ ਸੀ ।...ਜਿਵੇਂ ਉਹ ਕਿਹਾ ਕਰਦੇ ਸਨ...'ਤੈਨੂੰ ਕੀ, ਮੈਂ ਆਪਣੇ ਆਪ ਨਾਲ ਹੀ ਖੇਡ ਰਿਹਾਂ ।'...ਸੱਚੀਂ ! ਅਖੀਰ ਉਹ ਆਪਣੇ ਆਪ ਨਾਲ ਹੀ ਖੇਡ ਗਏ।" ਇਥੇ ਦੇਵਿੰਦਰ ਸਿਰਫ ਆਪਣਾ ਬਿਆਨ ਹੀ ਦਰਜ ਨਹੀਂ ਕਰਦੀ, ਸਗੋਂ ਹਰ ਉਸ ਔਰਤ ਦਾ ਦਰਦ ਬਿਆਨ ਕਰਦੀ ਹੈ, ਜਿਸ ਔਰਤ ਨਾਲ ਵਿਆਹ ਸਮੇਂ ਉਸ ਦੇ ਮਰਦ ਨੇ ਦੁੱਖ ਸੁੱਖ ਦੀ ਸਾਂਝ ਤੇ ਜੀਵਨ-ਮਰਨ ਦੀਆਂ ਕਸਮਾਂ ਖਾਧੀਆਂ ਹੋਣ ਤੇ ਜਦ ਉਸ ਔਰਤ ਦੇ ਕੰਨਾਂ ਵਿਚ ਉਸੇ ਮਰਦ ਵਲੋਂ ਕਹੇ ਅਜਿਹੇ ਸ਼ਬਦ ਪਏ ਹੋਣਗੇ ਤਾਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸ ਸਮੇਂ ਉਸ ਔਰਤ ਦੇ ਮਨ 'ਤੇ ਕੀ ਬੀਤੀ ਹੋਵੇਗੀ, ਜੋ ਉਸ ਵੇਲੇ ਉਸ ਮਰਦ ਦੀ ਪਤਨੀ ਵਾਂਗ ਵਿਚਰ ਰਹੀ ਹੋਵੇ।

ਦੇਵਿੰਦਰ ਨੂੰ ਮੈਂ ਲਗਭਗ ਤਿੰਨ ਦਹਾਕਿਆਂ ਤੋਂ ਸਿਰਫ ਜਾਣਦਾ ਹੀ ਨਹੀਂ, ਸਾਡੀ ਸਾਰੀ ਜੁੰਡਲੀ ਦੀ ਆਪਸੀ ਨੇੜਤਾ ਵੀ ਬਹੁਤ ਰਹੀ ਹੈ। ਸਵਰਨ ਚੰਦਨ ਤੇ ਮੈਂ ਵਿਸ਼ਵ ਪੰਜਾਬੀ ਕਾਨਫਰੰਸਵੇਲੇ ਮੇਰੇ ਇੰਗਲੈਂਡ ਵਿਜ਼ਿਟ ਸਮੇਂ ਵਧੇਰੇ ਨੇੜੇ ਹੋਏ ਸਾਂ। ਇਸ ਕਰਕੇ ਮੇਰੇ ਇਨ੍ਹਾਂ ਦੋਹਾਂ ਨ੍ਹਾਲ ਗੁਜ਼ਾਰੇ ਦਿਨ-ਪਲ, ਇਸ ਕਿਤਾਬ 'ਚ ਦਰਜ ਘਟਨਾਵਾਂ ਦੇ ਗਵਾਹ ਹੀ ਨਹੀਂ, ਸਗੋਂ ਇਕ ਬਹੁਤ ਵੱਡਾ ਹਿੱਸਾ ਹਨ। ਮੈਂ ਇਨ੍ਹਾਂ ਦੇ ਸੁਭਾਅ, ਸੋਚ ਤੇ ਜੀਵਨ 'ਚ ਪੁੱਟੀਆਂ ਪਲਾਂਘਾਂ ਨੂੰ ਏਨਾ ਨੇੜਿਉਂ ਭਾਂਪਿਆ ਹੈ ਕਿ ਮੈਂ ਅੱਜ ਇਸ ਲੇਖ ਰਾਹੀਂ ਕਹਿ ਸਕਦਾ ਹਾਂ ਕਿ ਇਸ ਵਿਚ ਦਰਜ ਗੱਲਾਂ ਸਮੁਚੇ ਤੌਰ ਤੇ ਸੱਚੀਆਂ ਹੋਣ ਕਰਕੇ ਪਾਠਕ ਨੂੰ ਪ੍ਰਭਾਵਤ ਕਰ "ਵਹੀ-ਖਾਤਾ" ਨੂੰ ਪੜ੍ਹਨ 'ਚ ਦਿਲਚਸਪੀ ਪੈਦਾ ਕਰਨ ਲਈ ਕਾਫੀ ਹਨ ।

ਉਂਜ ਜੇ ਕੋਈ ਇਨ੍ਹਾਂ ਸਾਰੀਆਂ ਗੱਲਾਂ ਤੋਂ ਜਾਣੂੰ ਨਾ ਵੀ ਹੋਵੇ ਤਾਂ ਵੀ ਉਹ ਇਸ ਪੁਸਤਕ ਨੂੰ ਇਕ ਚੰਗੇ ਨਾਵਲ ਵਾਂਗ ਦਿਲਚਸਪੀ ਨਾਲ ਪੜ੍ਹ ਸਕਦਾ ਹੈ।




# ਲੰਡਨ ਦੇ ਸ਼ਾਇਰ ਸੁਰਿੰਦਰ ਸੀਹਰਾ ਦੀ ਪੁਸਤਕ "ਹਵਨ" 'ਚੋਂ ਲਏ ਕੁਝ ਅਹਿਸਾਸ

**ਪਿਛਲੇ** ਸਾਲ ਸੁਰਿੰਦਰ ਸੀਹਰਾ ਦੀਆਂ ਗਜ਼ਲਾਂ ਦੀ ਇਕ "ਹਵਨ" ਕਿਤਾਬ ਪ੍ਰਕਾਸ਼ਿਤ ਹੋਈ ਸੀ। ਅੱਜ ਕਲ੍ਹ ਸੁਰਿੰਦਰ ਸੀਹਰਾ ਇੰਗਲੈਂਡ ਦੇ ਲੰਡਨ ਸ਼ਹਿਰ ਦਾ ਵਾਸੀ ਹੈ, ਤੇ ਇਕ ਚੁੱਪ ਚਪੀਤਾ ਗਜ਼ਲ-ਕਰਤਾਵੀ ਹੈ। ਸੀਹਰਾ ਦੀ ਸਮਾਜ ਤੇ ਮਨੁੱਖ ਅੰਦਰ ਛੁਪੀਆਂ ਪਰਤਾਂ ਨੂੰ ਦੇਖਣ ਵਾਲੀ ਚੀਰਵੀਂ ਅੱਖ ਸ਼ਬਦਾਂ ਨੂੰ ਕੁਝ ਇਸ ਤਰ੍ਹਾਂ ਪਰੋ ਲੈਂਦੀ ਹੈ ਜੋ ਉਸ ਦੀ ਗ਼ਜ਼ਲ ਨੂੰ ਪੜ੍ਹਦਿਆਂ ਜਾਂ ਸੁਣਦਿਆਂ ਤੁਹਾਡੇ ਅੰਦਰ ਧੂਹ ਪਾ ਦੇਵੇ । ਸੁਰਿੰਦਰ ਦੀ ਗ਼ਜ਼ਲ ਰੁਮਾਂਟਿਕ ਤੇ ਸਮਾਜਕ ਵਰਤਾਰੇ ਰਾਹੀਂ ਉਸ 'ਚ ਵਿਚਰ ਰਹੇ ਮਨੁੱਖ ਦੇ ਅੰਦਰ ਦੀਆਂ ਪਰਤਾਂ ਨੂੰ ਸਮੁੰਦਰ ਦੀ ਡੂੰਘਾਈ ਵਾਂਗ ਨਾਪ ਲੈਂਦੀ ਹੈ।

ਮਨੁੱਖ ਨੇ ਜਦੋਂ ਤੋਂ ਸਭਿਅਕ ਵਤੀਰਾ ਅਪਣਾਇਆ, ਤਾਂ ਉਦੋਂ ਤੋਂ ਹੀ ਇਸ ਵਿਚ ਰਿਸ਼ਤਿਆਂ ਨੂੰ ਕੁਝ ਦਾਇਰਿਆਂ ਤੀਕ ਹੀ ਮਹਿਦੂਦ ਕਰ ਦਿੱਤਾ। ਰਿਸ਼ਤੇ ਤੇ ਕਰਮ ਦੀਆਂ ਹੱਦਾਂ ਮਿੱਥ ਦਿੱਤੀਆਂ ਗਈਆਂ। ਆਪਸ ਵਿਚ ਲੀਕਾਂ ਵਾਹ ਦਿੱਤੀਆਂ ਗਈਆਂ। ਇਕ ਵਕਫਾ ਕਾਇਮ ਕਰ ਦਿੱਤਾ ਗਿਆ। ਉਹਦੇ ਅਨੁਸਾਰ ਜਦੋਂ ਰਿਸ਼ਤਿਆਂ ਦਾ ਕੋਈ ਨਾਂਅ ਨਹੀਂ ਸੀ ਤਾਂ ਹਵਾ ਨਾਲ ਗੱਲਾਂ ਕਰਨ ਦੇ ਭਾਵ ਹੀ ਕੁਝ ਹੋਰ ਹੁੰਦੇ ਹੋਣਗੇ। ਇਨਸਾਨੀ ਚਾਹਤ ਤੇ ਪ੍ਰਾਪਤੀ ਲਈ ਉਡਾਰੀ ਦੇ ਮਾਪ ਦੰਡ ਹੀ ਹੋਰ ਹੁੰਦੇ ਹੋਣਗੇ। ਹੁਣ ਸਭਿਆਚਾਰ ਦੀਆਂ ਜੰਜ਼ੀਰਾਂ 'ਚ ਜਕੜਿਆ ਮਨੁੱਖ ਆਪਣੀ ਚਾਹਤ ਤਾਂ ਆਪਣੇ ਅੰਦਰ ਪਾਲ ਸਕਦਾ ਪਰ ਉਨ੍ਹਾਂ ਦੀ ਪ੍ਰਾਪਤੀ ਲਈ ਆਪਣੇ ਖੰਭਾਂ ਨੂੰ ਪੂਰੀ ਤਰ੍ਹਾਂ ਵਰਤ ਕੇ ਉਡਾਰੀ ਮਾਰ ਆਪਣੀ ਮੰਜ਼ਲ ਤੀਕ ਪਹੁੰਚ ਨਹੀਂ ਸਕਦਾ। ਉਹ ਆਪਣੇ ਹੀ ਖੰਭਾਂ ਵਿਚ ਜਕੜਿਆ ਹੋਇਆ ਰਹਿੰਦਾ। ਜੇ ਉਨ੍ਹਾਂ ਤੋਂ ਉੱਡ ਕੇ ਪਾਰ ਜਾਣ ਦੀ ਕੋਸ਼ਿਸ਼ ਵੀ ਕਰਦਾ ਤਾਂ ਬਾਗੀ ਕਹਿਲਵਾਉਂਦਾ।

ਸੁਰਿੰਦਰ ਸੀਹਰਾ ਸਮਾਜ 'ਚ ਮਨੁੱਖ ਉਪਰ ਪਾਈਆਂ ਬੰਦਸ਼ਾਂ, ਰਿਸ਼ਤਿਆਂ ਦੀ ਗੁਲਾਮੀ 'ਚ ਤੜਫਦੀ ਰੂਹ ਨੂੰ ਸ਼ਬਦ ਦੇ ਕੇ ਆਪਣੀ ਗੱਲ ਪੇਸ਼ ਕਰਦਾ ਹੈ। ਉਹ ਦਰਜ ਕਰਦਾ ਹੈ ਕਿ ਫਰਜ਼ ਜਾਂ ਹੋਰ ਆਰਥਿਕ ਲੋੜਾਂ ਕਿਵੇਂ ਮਨੁੱਖੀ ਰੂਹ ਦੀ ਉਡਾਰੀ ਦੇ ਖੰਭ ਕੱਟਦੇ ਹਨ। ਉਸ ਦੀ ਸੋਚ ਦਾ ਹੀਰੋ ਆਪਣੀ ਗਜ਼ਲ ਰਾਹੀ ਮਨੁਖਤਾ ਦੇ ਵੰਨ-ਸੁਵੰਨੇ-ਪਨ ਦੀ ਗੱਲ ਵੀ ਕਰਦਾ ਤੇ ਉਸ ਦੇ ਆਲੇ ਦੁਆਲੇ ਸਿਰਜੀ ਚਾਰ ਦੀਵਾਰੀ 'ਚੋਂ ਪਾਰ ਨਾ ਜਾਅ ਪਾਉਣ ਦੀ ਰੁਕਾਵਟ 'ਤੇ ਟਕੋਰ ਵੀ ਕਰਦਾ ਹੈ। ਜਦ ਉਹ ਆਪਣੇ ਆਪ ਨੂੰ ਪਿੰਡ ਦੇ ਸਭਿਆਚਾਰ ਮੂਹਰੇ ਅਰਪਣ ਰਹਿੰਦਿਆਂ "ਮਹਾਨਗਰੀ" ਸਭਿਆਚਾਰ 'ਚ ਦਾਖਲ ਕਰਦਾ ਹੈ ਤਾਂ ਵਿਸ਼ਾਲਤਾ ਭਰਪੂਰ ਜ਼ਿਦਗੀ 'ਚ ਖਾਹਸ਼ਾਂ ਦੇ ਜਗਤ ਪ੍ਰਤੀ ਪੂਰੀ ਤਰ੍ਹਾਂ ਬਾਵਸਤਾ ਵੀ ਹੁੰਦਾ। "ਮਹਾਨਗਰੀ" ਚਕਾਚੌਂਧ 'ਚ ਵਿਚਰਦਿਆਂ ਜਦ ਉਹ ਆਪਣੀਆਂ ਖਾਹਸ਼ਾਂ ਦਾ ਆਕਾਰ ਫੈਲਦੇ ਦੇਖਦਾ ਤਾਂ ਸੰਪੂਰਣ ਬੁਣਤਾਰੇ 'ਚੋਂ ਅਸਮਰਥਾਵਾਂ ਨੂੰ ਦੇਖ ਆਪਣਾ ਗੁੱਸਾ ਤੇ ਵਿਯੋਗ ਆਪਣੀ ਸ਼ਾਇਰੀ ਦੀ ਗੱਲ ਇਸ ਪੁਸਤਕ ਵਿਚ ਦਰਜ ਗਜ਼ਲਾਂ ਦੀ ਵਿਧਾ ਵਿਚ ਆਪਣੇ ਲਫਜ਼ਾਂ ਰਾਹੀਂ ਕਰਦਾ:

ਤੇਰੀ ਹਵਾ ਹੈ, ਲੈ ਚਲੇ, ਮੇਰਾ ਤਾਂ ਜ਼ੋਰ ਨਹੀਂ  
ਉੜਦਾ ਫਿਰਾਂ ਗਲੇ ਵਿਚ ਮੇਰੇ ਏਦਾਂ ਦੀ ਡੋਰ ਨਹੀਂ ।

ਜਾਂ

ਦਰ ਦਰ ਭਟਕਦਾ ਮੈਂ ਇੱਥੇ ਅਖੀਰ ਆਇਆਂ  
ਤੇ ਕਾਗ਼ਜ਼ 'ਤੇ ਲੈ ਕੇ ਮੈਂ ਅਪਣੀ ਜ਼ਮੀਰ ਆਇਆਂ।

ਹੁਣ ਇਨ੍ਹਾਂ ਸ਼ੇਅਰਾਂ ਵਿਚ ਉਹ ਇਕ ਐਸੀ ਹੈਲਪਲੈਸਨੈਸ 'ਤੇ ਟਕੋਰ ਕਰਦਾ ਜਿਸ ਵਿਚ ਮਨੁੱਖ ਆਪਣੇ ਆਪ ਨੂੰ ਸਮਾਜਿਕ ਰਿਸ਼ਤਿਆਂ ਵਲੋਂ ਸਥਾਪਤ ਕੰਡੀਲੀਆਂ ਵਾੜਾਂ ਦੇ ਖੁੰਘਿਆਂ ਵਿਚ ਫਸਿਆ ਦੇਖਦਾ। ਉਸ ਦੇ ਹਰ ਸ਼ੇਅਰ ਵਿਚ ਇਕ ਐਸਾ ਦਰਦ ਹੈ ਜੋ ਉਹ ਆਪਣੇ ਆਸੇ ਪਾਸੇ ਦੇਖਦਿਆਂ ਮਹਿਸੂਸ ਕਰਦਾ ਤੇ ਆਪਣੇ ਸ਼ਬਦਾਂ ਰਾਹੀਂ ਇਹੋ ਜਿਹੇ ਰਿਸ਼ਤਿਆਂ ਨੂੰ ਪਾਠਕ ਮੂਹਰੇ ਰੱਖ ਨ੍ਹਿਾਂ 'ਤੇ ਗੰਭੀਰ ਕਟਾਖਸ਼ ਕਰਦਾ ਹੈ।

ਜਦ ਕੋਈ ਆਪਣੇ ਸਮਾਜੀ ਦਾਇਰਿਆਂ ਨੂੰ ਤੋੜ ਆਪਣੀ ਚਾਹਤ ਦੀ ਪ੍ਰਾਪਤੀ ਲਈ ਯਤਨ ਕਰਦਾ ਤਾਂ ਉਹ ਇਕ ਬਾਗੀ ਕਰਾਰ ਦੇ ਦਿੱਤਾ ਜਾਂਦਾ।



ਜਿਵੇਂ ਸ਼ਾਇਰ ਅਮਿਤੋਜ ਨੇ ਇਕ ਕਵਿਤਾ 'ਚ ਲਗਪਗ ਇਸ ਤਰ੍ਹਾਂ ਕਿਹਾ ਸੀ:

"ਮੈਂ--  
ਬਾਪ ਦਾ ਨਾਮ  
ਪਿਤਾ ਜੀ  
ਮਾਂ ਦਾ ਨਾਮ  
ਬੀਜੀ  
ਏਸ਼ੀਆ ਦੀ ਸਭ  
ਤੋਂ ਹੁਸੀਨ  
ਕੈਦ 'ਚੋਂ ਬੋਲ  
ਰਿਹਾ ਹਾਂ !  
ਇਥੇ ਭੁੱਖ ਲਗਣ 'ਤੇ  
ਰੋਟੀ ਨਹੀਂ ਮਿਲਦੀ  
ਰੋਟੀ ਮਿਲਣ 'ਤੇ  
ਭੁੱਖ ਲਾਉਣੀ ਪੈਂਦੀ ਹੈ !

ਠੀਕ ਇਸੇ ਤਰ੍ਹਾਂ ਸੀਹਰਾ ਆਪਣੀਆਂ ਗਜ਼ਲਾਂ ਵਿਚ ਇਸੇ ਤਰ੍ਹਾਂ "ਮਹਾਨਗਰੀ" ਜੀਵਨ ਬਾਰੇ ਕਹਿੰਦਾ ਕਿ ਇਸ ਮਹਾਨਗਰੀ ਸਮਾਜ ਵਿਚ ਮਨੁੱਖ ਨੂੰਜੋ ਕੁਝ ਚਾਹੀਦਾ ਉਹ ਨਹੀ ਮਿਲਦਾ, ਜੋ ਮਿਲਿਆ, ਤੇ ਜਦੋਂ ਮਿਲਿਆ ਉਸੇ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ।

ਇਉਂ ਉਸਦੀਆਂ ਗਜ਼ਲਾਂ ਦੇ ਹੀਰੋ ਦੀ ਤੜਪ ਵਧਦਿਆਂ ਉਸ ਨੂੰ ਇਕ ਅਜੀਬ ਘੁਟਣ ਮਹਿਸੂਸ ਹੋਣੀ ਸ਼ੁਰੂ ਹੁੰਦੀ ਹੈ। ਉਹ ਮਖੌਟਿਆਂ ਤੋਂ ਡਰਨ ਦੀ ਗੱਲ ਵੀ ਕਰਦਾ ਤੇ ਸਮਾਜ ਵਿਚ ਪਹਿਰੇਦਾਰੀ ਵਜੋਂ ਖੁਦ ਹੀ ਥਾਪੇ ਠੇਕੇਦਾਰਾਂ ਉਪਰ ਵੀ ਤਨਜ਼ ਕਰਦਾ। ਸੀਹਰਾ ਇਹੋ ਜਿਹੇ ਖਿਆਲ ਲੈ ਆਪਣੀ ਸ਼ਾਇਰੀ ਦੇ ਸਫਰ ਵਿਚ ਤੁਰਦਿਆਂ ਇਕ ਥਾਂ ਲਿਖਦਾ ਹੈ :

ਕਰਦੇ ਦਿਨੇ ਇਹ ਛਾਵਾਂ, ਲਗਦੇ ਵੀ ਭਗਤ ਨੇ  
ਫਿਰ ਰਾਤ ਦਿਨ ਡਰਾਉਂਦੇ ਇਹੀ ਦਰੱਖਤ ਨੇ । ਤੇ  
ਕਦੀ ਕੁਝ ਯਾਦ ਆਵੇ ਤਾਂ ਰੋ ਲਿਆ ਕਰ  
ਤੂੰ ਆਪਣੇ ਆਪ ਨੂੰ ਇੰਝ ਧੋ ਲਿਆ ਕਰ।

ਸੁਰਿੰਦਰ ਸੀਹਰੇ ਦੀਆਂ ਗਜ਼ਲਾਂ ਬਾਰੇ ਤਾਂ ਜਿੰਨਾ ਕਹਿ ਸਕਾਂ ਘੱਟ ਹੈ ਕਿਉਂਕਿ ਉਸ ਦੀ ਤਨਜ਼ ਇਸ ਗੱਲ ਨੂੰ ਮੁਖਾਤਿਬ ਹੈ ਕਿ ਮਨੁੱਖ ਤਰੱਕੀ ਜਾਂ ਆਧੁਨਿਕਤਾ ਦੀ ਗੱਲ ਤਾਂ ਕਰਦਾ, ਉਸ ਰਾਹੀ ਵਿਚਰਨਾ ਵੀ ਚਾਹੁੰਦਾ, ਪਰ ਸਮਾਜ ਦੇ ਬਣੇ-ਬਣਾਏ ਰਿਸ਼ਤਿਆ ਦੀਆਂ ਸੀਮਾਵਾਂ ਨੂੰ ਤੋੜਨਾ ਨਹੀਂ ਗਵਾਰਾ ਕਰਦਾ। ਇਕ ਸੰਸਾਰ ਤੋਂ ਦੂਜੇ ਸੰਸਾਰ ਵਿਚ ਆਪਣੇ ਆਪ ਨੂੰ ਢਾਲਣਾ ਤਾ ਚਾਹੁੰਦਾ ਪਰ ਉਸ ਦੇ ਸਭਿਆਚਾਰਕ ਧਾਗਿਆਂ 'ਚ ਆਪਣੇ ਆਪ ਨੂੰ ਪਰੋਣ ਦੀ ਥਾਂ ਆਪਣੇ ਉਨ੍ਹਾਂ ਹੀ ਪੁਰਾਣੇ ਧਾਗਿਆਂ ਵਿਚ ਬੱਝਾ ਰਹਿਣਾ ਚਾਹੁੰਦਾ।

ਕਿਸੇ ਵੀ ਪਾਣੀ ਦਾ ਬਹਾਅ ਚਾਹੇ ਸਭਿਚਾਰਕ ਹੋਵੇ ਤੇ ਭਾਵੇਂ ਰਾਜਨੀਤਕ, ਜਦ ਕਿਤੇ ਰੁਕ ਜਾਂਦਾ ਹੈ ਤਾਂ ਉਸ ਵਿਚੋਂ ਬਦ-ਬੂ ਆਉਣ ਲਗਦੀ ਹੈ ਤੇ ਪੂਰੇ ਮਾਹੌਲ ਵਿਚ ਗੰਧ ਖਿਲਰ ਜਾਂਦੀ ਹੈ। ਉਸ ਖੜੋਤ 'ਚੋਂ ਨਿਕਲੀ ਬਦਬੂ ਕਾਰਣ ਜੋ ਘਾਣ ਹੋ ਰਿਹਾ ਜਾਂ ਹੋਣ ਦੀ ਸੰਭਾਵਨਾ ਹੈ ਸੀਹਰਾ ਉਸ ਬਾਰੇ ਚਿੰਤਾ ਪ੍ਰਗਟ ਕਰਦਾ ਹੈ। ਸੀਹਰੇ ਦੀਆਂ ਗਜ਼ਲਾਂ ਇਕ ਬਾਗੀ ਬੁਲਾਰੇ ਵਾਗ ਪੇਸ਼ ਨਹੀਂ ਆਉਂਦੀਆਂ, ਨਾ ਹੀ ਉਹ ਧਕੀਆ ਨੂਸੀ ਵਿਚਾਰਾਂ ਦੀ ਦਲਦਲ ਵਿਚ ਫਸਾਉਂਦੀਆ ਹਨ ਸਗੋਂਉਸ ਦੇ ਸ਼ੇਅਰ ਮਨੁੱਖੀ ਸਭਿਆਚਾਰ ਨੂੰ ਇਕ ਵਗਦੇ ਪਾਣੀ ਦੀ ਮੁਹਾਰ ਵਾਂਗ ਤੋਰਨ ਵਲ ਇਸ਼ਾਰਾ ਕਰਦੀਆਂ ਹਨ।

ਯਾਣੀ ਸੀਹਰੇ ਦੀਆਂ ਰਚਨਾਵਾਂ 'ਚ ਹਰ ਸਤਰ ਇਕ ਨਵੇਂ ਮਾਇਨੇ ਲੈ ਕੇ ਆਉਂਦੀ ਹੈ ਤੇ ਪੜ੍ਹਨ/ਸੁਣਨ ਵਾਲੇ ਦੇ ਧੁਰ ਅੰਦਰ ਇਕ ਮੁਕਾਮ ਬਣਾ ਲੈਂਦੀ ਹੈ। ਤੇ ਇਹੀ ਵਿਧਾ ਇਕ ਸ਼ਾਇਰ ਨੂੰ ਮਹਿਬੂਬ ਸ਼ਾਇਰ 'ਚ ਤਬਦੀਲ ਕਰ ਦਿੰਦੀ ਹੈ। ਉਹ ਮਨੁੱਖ ਕਰਕੇ ਤਾਂ ਮੇਰਾ ਦੋਸਤ ਹੈ ਹੀ ਪਰ ਇਕ ਸ਼ਾਇਰ ਦੇ ਨਾਤੇ ਉਹ ਮੇਰਾ ਮਹਿਬੂਬ ਸ਼ਾਇਰ ਵੀ ਹੈ। ਮੁਬਾਰਕ ਸੁਰਿੰਦਰ!

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

### ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਸਬੰਧੀ ਵਿਸ਼ੇਸ਼

# ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦਾ ਜੀਵਨ ਸੰਵਾਰਨ ਲਈ ਅਪਣਾ ਜੀਵਨ ਲਗਾ ਦਿੱਤਾ ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਮ ਰਾਓ ਅੰਬੇਡਕਰ ਨੇ



ਕੁਲਦੀਪ ਚੰਦ
9417563054

ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਮ ਰਾਓ ਅੰਬੇਡਕਰ ਜੀ ਨੇ ਸਦੀਆਂ ਤੋਂ ਦੱਬੇ ਕੁਚਲੇ ਕਰੋੜਾਂ ਲੋਕਾਂ ਦਾ ਜੀਵਨ ਸੰਵਾਰਨ ਲਈ ਅਪਣਾ ਜੀਵਨ ਲਗਾ ਦਿਤਾ ਅਤੇ ਅਪਣੀ ਜਿੰਦਗੀ ਦੀਆਂ ਖੁਸ਼ੀਆਂ ਦੀ ਕੁਰਬਾਨੀ ਦੇ ਦਿਤੀ। ਡਾਕਟਰ ਭੀਮਰਾਓ ਰਾਮ ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਕੇਂਦਰੀ ਪ੍ਰਾਂਤ (ਹੁਣ ਮੱਧ ਪ੍ਰਦੇਸ਼ ਵਿੱਚ) ਵਿੱਚ ਸਥਾਪਿਤ ਨਗਰ ਅਤੇ ਸੈਨਿਕ ਛਾਉਣੀ ਮਊ ਵਿੱਚ ਹੋਇਆ ਸੀ। ਉਹਨਾਂ ਦੇ ਪਿਤਾ ਦਾ ਨਾਮ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਦਾ ਨਾਮ ਭੀਮਾਬਾਈ ਮੁਰਬਾਦਕਰ ਸੀ। ਡਾਕਟਰ ਅੰਬੇਡਕਰ ਅਪਣੇ ਮਾਤਾ ਪਿਤਾ ਦੀ 14ਵੀਂ ਔਲਾਦ ਸਨ ਅਤੇ ਮਹਾਰ ਜਾਤਿ ਨਾਲ ਸਬੰਧ ਰੱਖਦੇ ਸੀ ਜੋ ਕਿ ਭਾਰਤ ਵਿੱਚ ਅਛੂਤ ਕਹੀ ਜਾਂਦੀ ਸੀ ਅਤੇ ਉਹਨਾਂ ਨਾਲ ਸਮਾਜਿਕ, ਧਾਰਮਿਕ ਅਤੇ ਆਰਥਿਕ ਰੂਪ ਨਾਲ ਭੇਦਭਾਵ ਕੀਤਾ ਜਾਂਦਾ ਸੀ। ਡਾਕਟਰ ਅੰਬੇਡਕਰ ਦੇ ਬਜ਼ੁਰਗ ਲੰਬੇ ਸਮੇਂ ਤੋਂ ਬ੍ਰਿਟਿਸ਼ ਈਸਟ ਇੰਡੀਆਂ ਕੰਪਨੀ ਦੀ ਫੌਜ ਵਿੱਚ ਕੰਮ ਕਰਦੇ ਆ ਰਹੇ ਸਨ ਅਤੇ ਉਨ੍ਹਾਂ ਦੇ ਪਿਤਾ ਵੀ ਮਊ ਛਾਉਣੀ ਵਿੱਚ ਕੰਮ ਕਰਦੇ ਸਨ। ਸਕੂਲੀ ਪੜ੍ਹਾਈ ਵਿੱਚ ਨਿਪੁੰਨ ਹੋਣ ਦੇ ਬਾਵਜੂਦ ਡਾਕਟਰ ਅੰਬੇਡਕਰ ਅਤੇ ਅਨੁਸੂਚਿਤ ਜਾਤਿ ਦੇ ਹੋਰ ਬੱਚਿਆਂ ਨੂੰ ਸਕੂਲ ਵਿੱਚ ਅਲੱਗ ਬਿਠਾਇਆ ਜਾਂਦਾ ਸੀ ਅਤੇ ਅਧਿਆਪਕਾਂ ਦੁਆਰਾ ਨਾ ਤਾਂ ਪੜ੍ਹਾਇਆ ਜਾਂਦਾ ਸੀ ਅਤੇ ਨਾ ਹੀ ਕੋਈ ਸਹਾਇਤਾ ਕੀਤੀ ਜਾਂਦੀ ਸੀ। ਉਹਨਾਂ ਨੂੰ ਜਮਾਤ ਦੇ ਅੰਦਰ ਬਾਕੀ ਆਮ ਵਿਦਿਆਰਥੀਆਂ ਨਾਲ ਬੈਠਣ ਦੀ ਇਜ਼ਾਜ਼ਤ ਤੱਕ ਨਹੀਂ ਸੀ, ਪਿਆਸ ਲੱਗਣ ਤੇ ਕੋਈ ਉਚੱ ਜਾਤਿ ਦਾ ਵਿਅਕਤੀ ਉਚਾਈ ਤੋਂ ਪਾਣੀ ਉਹਨਾਂ ਦੇ ਹੱਥਾਂ ਤੇ ਪਾਂਦਾ ਸੀ ਕਿਉਂਕਿ ਉਸ ਵੇਲੇ ਮਨੂੰਵਾਦੀ ਸੋਚ ਭਾਰੂ ਹੋਣ ਕਾਰਨ ਅਛੂਤ ਕਹਾਏ ਜਾਣ ਵਾਲੇ ਲੋਕਾਂ ਨੂੰ ਪਾਣੀ ਅਤੇ ਪਾਣੀ ਦੇ ਭਾਂਡਿਆਂ ਨੂੰ ਛੂਹਣ ਦੀ ਇਜ਼ਾਜ਼ਤ ਨਹੀਂ ਸੀ। ਕੁਝ ਸਮੇਂ ਬਾਅਦ ਡਾਕਟਰ ਅੰਬੇਡਕਰ ਦੇ ਪਿਤਾ ਪਰਿਵਾਰ ਸਮੇਤ ਮੁੰਬਈ ਆ ਗਏ ਜਿੱਥੇ ਕਿ ਅੰਬੇਡਕਰ ਐਲਫਿੰਸਟੋਲ ਰੋਡ ਸਥਿਤ ਸਰਕਾਰੀ ਹਾਈ ਸਕੂਲ ਦੇ ਪਹਿਲੇ ਅਛੂਤ ਵਿਦਿਆਰਥੀ ਬਣੇ। ਇੱਥੇ ਵੀ ਉਨ੍ਹਾਂ ਨਾਲ ਜਾਤਿ ਅਧਾਰਿਤ ਭੇਦਭਾਵ ਹੁੰਦਾ ਰਿਹਾ। ਉਨ੍ਹਾਂ ਦੇ ਜੀਵਨ ਵਿੱਚ ਵਾਪਰੀਆਂ ਅਜਿਹੀਆਂ ਭੇਦਭਾਵ ਵਾਲੀਆਂ ਘਟਨਾਵਾਂ ਨੇ ਉਨ੍ਹਾਂ ਦੇ ਦਿਮਾਗ ਅਤੇ ਵਿਚਾਰਧਾਰਾ ਤੇ ਡੂੰਘਾ ਅਸਰ ਕੀਤਾ। ਇਸ ਲਈ ਉਨ੍ਹਾਂ ਨੇ ਪ੍ਰਣ ਕੀਤਾ ਕਿ ਉਹ ਅਜਿਹੀਆਂ ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਖਤਮ ਕਰਕੇ ਰਹਿਣਗੇ। ਉਨ੍ਹਾਂ ਨੇ ਅਪਣੇ ਇੱਕ ਬ੍ਰਾਹਮਣ ਦੋਸਤ ਅਧਿਆਪਕ ਮਹਾਂਦੇਵ ਅੰਬੇਡਕਰ ਦੇ ਕਹਿਣ ਤੇ ਅਪਣੇ ਨਾਮ ਨਾਲ ਅੰਬੇਡਕਰ ਸ਼ਬਦ ਜੋੜਿਆ। ਮੈਟ੍ਰਿਕ ਪਾਸ ਕਰਨ ਤੋਂ ਬਾਅਦ ਉਨ੍ਹਾਂ ਨੇ ਐਲਫਿਨਸਟਨ ਕਾਲਜ਼ ਬੰਬਈ ਵਿੱਚ ਦਾਖਿਲਾ ਲਿਆ ਅਤੇ ਇਸ ਤਰ੍ਹਾਂ ਉਹ ਭਾਰਤ ਵਿੱਚ ਕਾਲਜ਼ ਵਿੱਚ ਦਾਖਿਲਾ ਲੈਣ ਵਾਲੇ ਪਹਿਲੇ ਦਲਿਤ ਵਿਦਿਆਰਥੀ ਬਣੇ। ਮਹਾਰਾਜਾ ਬੜੋਦਾ ਦੇ ਗਾਇਕਵਾੜ ਸ਼ਾਸ਼ਕ ਨੇ ਉਹਨਾਂ ਨੂੰ ਉਚੱ ਵਿਦਿਆ ਪ੍ਰਾਪਤ ਕਰਨ ਲਈ ਸਰਕਾਰੀ ਖਰਚੇ ਤੇ ਅਮਰੀਕਾ ਭੇਜ ਦਿੱਤਾ। ਜੀਵਨ ਵਿੱਚ ਆਈਆਂ ਭਾਰੀ ਰੁਕਾਵਟਾਂ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਏ ਡਾਕਟਰ ਅੰਬੇਡਕਰ ਨੇ ਪੰਜ ਵਿਸ਼ਿਆਂ ਵਿੱਚ ਐਮ.ਏ., ਪੀ.ਐਚ.ਡੀ., ਡੀ.ਐਸ.ਸੀ. ਐਲ.ਐਲ.ਡੀ., ਡੀ.ਲਿੱਟ, ਬਾਰ.ਐਟ ਲਾਅ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਉਸ ਸਮੇਂ ਦੁਨੀਆਂ ਵਿੱਚ ਸਿਰਫ ਛੇ ਬੰਦੇ ਹੀ ਉਚੇ ਵਿੱਦਿਅਕ ਸਨ ਜਿਹਨਾਂ ਵਿੱਚੋਂ ਆਪ ਇੱਕ ਸੀ। ਮਹਾਰਾਜਾ ਬੜੌਦਾ ਨੇ ਡਾਕਟਰ ਅੰਬੇਡਕਰ ਨੂੰ ਫੌਜੀ ਸਕੱਤਰ ਨਿਯੁਕਤ ਕਰ ਲਿਆ ਪਰ ਇੱਥੇ ਵੀ ਉਨ੍ਹਾਂ ਨੂੰ ਅਛੂਤ ਹੋਣ ਕਾਰਨ ਉਚੱ ਜਾਤਿ ਦੇ ਕਰਮਚਾਰੀ ਨਫਰਤ ਨਾਲ ਹੀ ਦੇਖਦੇ ਰਹੇ। ਜਦੋਂ ਉਹ ਬੰਬਈ ਦੇ ਕਾਲਜ਼ ਵਿੱਚ ਅਰਥ ਸ਼ਾਸ਼ਤਰ ਦੇ ਪ੍ਰੋਫੈਸਰ ਨਿਯੁਕਤ ਹੋਏ ਤਾਂ ਉਥੇ ਵੀ ਅਛੂਤ ਹੋਣ ਕਾਰਨ ਉਨ੍ਹਾਂ ਨਾਲ ਭੇਦਭਾਵ ਹੁੰਦਾ ਰਿਹਾ। ਬ੍ਰਿਟਿਸ਼ ਸਰਕਾਰ ਵਿੱਚ ਉਚੇ ਅਹੁਦੇ ਪਹਿਲਾਂ ਸਿਰਫ ਅੰਗਰੇਜਾ ਲਈ ਹੀ ਰਾਖਵੇਂ ਸਨ ਅਤੇ ਬ੍ਰਿਟਿਸ਼ ਸਰਕਾਰ ਇਸਦਾ ਕਾਰਨ ਇਹ ਮੰਨਦੀ ਸੀ ਕਿ ਭਾਰਤੀਆਂ ਦੀ ਵਿਦਿਅਕ ਪੱਖੋਂ ਮੈਰਿਟ ਅੰਗਰੇਜਾਂ ਨਾਲੋਂ ਹੇਠਾਂ ਹੈ। ਭਾਰਤੀ ਲੋਕਾਂ ਵਲੋਂ ਕਿਤੇ ਅੰਦੋਲਨ ਬਾਦ ਸਾਊਥਬੋਰੋਹ ਸਮਿਤੀ ਦੀ ਸਿਫਾਰਿਸ਼ ਤੇ ਅੰਗਰੇਜ਼ ਸਰਕਾਰ ਨੇ ਆਈ ਸੀ ਐਸ ਦੀਆਂ 11 ਪੋਸਟਾਂ ਭਾਰਤੀਆਂ ਲਈ ਰੱਖੀਆਂ ਜਿਨ੍ਹਾਂ ਵਿਚੋਂ 4 ਹਿੰਦੂਆਂ ਲਈ, 4 ਮੁਸਲਮਾਨਾਂ ਲਈ, 2 ਸਿੱਖਾਂ ਲਈ ਅਤੇ ਇੱਕ ਐਂਗਲੋ ਇੰਡੀਅਨ ਲਈ ਰੱਖੀ ਗਈ। ਡਾਕਟਰ ਅੰਬੇਡਕਰ ਨੇ ਇਸ ਸਮਿਤੀ ਨੂੰ ਮੰਗ ਪੱਤਰ ਦੇਕੇ ਮੰਗ ਕੀਤੀ ਕਿ ਦਲਿਤਾਂ ਲਈ ਵੀ ਅਲੱਗ ਅਧਿਕਾਰ ਰੱਖੇ ਜਾਣ ਪਰੰਤੂ ਹਿੰਦੂਆਂ ਨੇ ਡਾਕਟਰ ਅੰਬੇਡਕਰ ਦੀ ਇਸ ਮੰਗ ਦਾ ਸੱਖਤੀ ਨਾਲ ਵਿਰੋਧ ਕੀਤਾ ਜਿਸ ਕਾਰਨ ਇਨ੍ਹਾਂ ਵਿਚੋਂ ਕੋਈ ਵੀ ਪੋਸਟ ਦਲਿਤਾਂ ਲਈ ਨਾਂ ਰੱਖੀ ਗਈ। ਡਾਕਟਰ ਅੰਬੇਡਕਰ ਅਤੇ ਹੋਰ ਦਲਿਤਾਂ ਨੇ ਹਿੰਦੂਆਂ ਦੇ ਇਸ ਵਿਰੋਧ ਪ੍ਰਤੀ ਰੋਸ ਦਾ ਪ੍ਰਗਟਾਵਾ ਕੀਤਾ ਜਿਸਤੋਂ ਬਾਦ ਅੰਗਰੇਜ ਸਰਕਾਰ ਨੇ ਦਲਿਤਾਂ ਦੀ ਹਾਲਤ ਜਾਨਣ ਲਈ ਸਾਇਮਨ ਕਮਿਸ਼ਨ ਭਾਰਤ ਭੇਜਿਆ। ਇਸ ਸਾਇਮਨ ਕਮਿਸ਼ਨ ਦਾ ਡਾਕਟਰ ਅੰਬੇਡਕਰ ਅਤੇ ਹੋਰ ਦਲਿਤ ਆਗੂਆਂ ਜਿਨ੍ਹਾਂ ਵਿੱਚ ਪੰਜਾਬ ਤੋਂ ਆਦਿ ਧਰਮ ਮੁਹਿੰਮ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਸ਼ਾਮਿਲ ਸਨ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਦਲਿਤ ਜਥੇਵੰਦੀਆਂ ਨੇ ਅਪਣੀਆਂ ਮੰਗਾਂ ਇਸ ਕਮਿਸ਼ਨ ਅੱਗੇ ਰੱਖੀਆਂ। ਕਈ ਹਿੰਦੂ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਇਸਤੋਂ ਬਾਦ ਕਮਿਸ਼ਨ ਦੀਆਂ ਤਿੰਨ ਮੀਟਿੰਗਾਂ ਲੰਡਨ ਵਿੱਚ ਹੋਈਆਂ ਜਿਸ ਵਿੱਚ ਡਾਕਟਰ ਅੰਬੇਡਕਰ ਨੇ ਦਲਿਤਾਂ ਦੀ ਪ੍ਰਤੀਨਿਧਤਾ ਕਰਦਿਆਂ ਅਛੂਤਾਂ ਦੀ ਅਸਲੀ ਸਥਿਤੀ ਤੋਂ ਬ੍ਰਿਟਿਸ਼ ਸਰਕਾਰ ਨੂੰ ਜਾਣੂ ਕਰਵਾਇਆ। 17 ਅਗੱਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦਾ ਫੈਸਲਾ ਸੁਣਾ ਦਿਤਾ ਜਿਸ ਅਨੁਸਾਰ ਮੁਸਲਮਾਨਾਂ, ਇਸਾਈਆਂ ਅਤੇ ਸਿੱਖਾਂ ਵਾਂਗ ਦਲਿਤਾਂ ਨੂੰ ਵੀ ਘੱਟ ਗਿਣਤੀ ਦੇ ਮੰਨਦੇ ਹੋਏ ਵੱਖਰੇ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦੇ ਦਿਤਾ ਜਿਸਦਾ ਕੱਟੜ ਹਿੰਦੂ ਨੇਤਾਵਾਂ ਨੇ ਵਿਰੋਧ ਕੀਤਾ। ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਫੈਸਲੇ ਅਤੇ ਅਛੂਤਾਂ ਨੂੰ ਮਿਲੇ ਅਧਿਕਾਰਾਂ ਖਿਲਾਫ ਮਰਨ ਵਰਤ ਸ਼ੁਰੂ ਕਰ ਦਿਤਾ। ਗਾਂਧੀ ਦੇ ਇਸ ਮਰਨ ਵਰਤ ਕਾਰਨ ਦੇਸ਼ ਵਿੱਚ ਖਲਬਲੀ ਮਚ ਗਈ ਅਤੇ ਡਾਕਟਰ ਅੰਬੇਡਕਰ ਤੇ ਦਬਾਓ ਵੱਧ ਗਿਆ। ਅੰਤ 24 ਸਤੰਬਰ 1932 ਨੂੰ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸ ਵਿੱਚ ਅਛੂਤਾਂ ਨੂੰ ਮਿਲਿਆ ਵੱਖਰੀ ਪ੍ਰਤੀਨਿਧਤਾ ਦਾ ਅਧਿਕਾਰ ਖਤਮ ਕੀਤਾ ਗਿਆ। ਇਸਤੋਂ ਬਾਦ ਡਾਕਟਰ ਅੰਬੇਡਕਰ ਨੇ ਦਲਿਤਾਂ ਦੀ ਭਲਾਈ ਅਤੇ ਰਾਖੀ ਲਈ ਰਾਜਨੀਤਿਕ ਲੜਾਈ ਸ਼ੁਰੂ ਕਰਨ ਦਾ ਫੈਸਲਾ ਕਰ ਲਿਆ। ਡਾਕਟਰ ਅੰਬੇਡਕਰ ਨੇ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦੀ ਸਥਾਪਨਾ ਕੀਤੀ ਅਤੇ 1937 ਵਿੱਚ ਹੋਈਆਂ ਕੇਂਦਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ 15 ਸੀਟਾਂ ਤੇ ਜਿੱਤ ਹਾਸਲ ਕੀਤੀ। ਉਨ੍ਹਾਂ ਨੇ ਹਿੰਦੂ ਧਰਮ ਅਤੇ ਮੁਸਲਿਮ ਧਰਮ ਵਿੱਚ ਹੋ ਰਹੇ ਅਛੂਤਾਂ ਨਾਲ ਵਿਤਕਰੇ ਬਾਰੇ ਖੁੱਲਕੇ ਲਿਖਿਆ। ਉਨ੍ਹਾਂ ਨੇ ਮੂਕ ਨਾਇਕ-ਗੂੰਗਿਆਂ ਦਾ ਆਗੂ ਹਫਤਾਵਾਰੀ ਅਖਬਾਰ ਸ਼ੁਰੂ ਕੀਤਾ। ਉਨ੍ਹਾਂ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦਾ ਗਠਨ ਕੀਤਾ ਅਤੇ ਦਲਿਤਾਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕੀਤਾ। ਡਾਕਟਰ ਅੰਬੇਡਕਰ ਨੇ ਰੱਖਿਆ ਸਲਾਹਕਾਰ ਸਮਿਤੀ ਅਤੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਲਈ ਲੇਬਰ ਮੰਤਰੀ ਦੇ ਤੋਰ ਤੇ ਕੰਮ ਕੀਤਾ। ਡਾਕਟਰ ਅੰਬੇਡਕਰ ਨੇ ਹਿੰਦੂ ਧਰਮ ਵਿੱਚ ਫੈਲੇ ਗੱਲਤ ਰੀਤੀ ਰਿਵਾਜਾਂ ਖਿਲਾਫ ਜੋਰਦਾਰ ਅਵਾਜ਼ ਚੁੱਕੀ, ਉਨ੍ਹਾਂ ਨੇ ਹਿੰਦੂ ਧਰਮ ਦਾ ਅਧਾਰ ਮਨੂੰ ਸਮ੍ਰਿਤੀ ਨੂੰ 25 ਦਸੰਬਰ, 1927 ਨੂੰ ਜਲਾਇਆ। ਉਨ੍ਹਾਂ ਨੇ 13 ਅਕਤੂਬਰ, 1935 ਨੂੰ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਵਿੱਚ ਪੈਦਾ ਹੋਏ ਹਨ ਪਰ ਹਿੰਦੂ ਧਰਮ ਵਿੱਚ ਮਰਨਗੇ ਨਹੀਂ। ਉਨ੍ਹਾਂ ਨੇ ਲੱਖਾਂ ਅਛੂਤਾਂ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਤਿਆਰ ਕਰ ਲਿਆ। ਉਹ ਸਿੱਖ ਧਰਮ ਜਿਸ ਵਿੱਚ ਦਲਿਤਾਂ ਦੇ ਰਹਿਵਰ ਗੁਰੂਆਂ ਨੂੰ ਵਿਸ਼ੇਸ਼ ਸਥਾਨ ਦਿਤਾ ਗਿਆ ਹੈ ਅਤੇ ਜੋਕਿ ਸਭਨੂੰ ਬਰਾਬਰਤਾ ਦਾ ਸੁਨੇਹਾ ਦਿੰਦਾ ਹੈ ਨੂੰ ਅਪਣਾਉਣ ਲਈ ਤਿਆਰ ਹੋ ਗਏ। 1936 ਵਿੱਚ ਡਾਕਟਰ ਅੰਬੇਡਕਰ ਨੇ ਅਪਣੇ ਪੁੱਤਰ ਜਸ਼ਵੰਤ ਰਾਓ ਅਤੇ ਭਤੀਜੇ ਨੂੰ ਦਰਬਾਰ ਸਾਹਿਬ ਭੇਜਿਆ ਜਿੱਥੇ ਉਹ ਲੱਗਭੱਗ ਡੇਢ ਮਹੀਨਾ ਰਹੇ ਅਤੇ ਪੂਰੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਸਿੱਖ ਧਰਮ ਦੇ ਆਗੂਆਂ ਨੂੰ ਮਿਲੇ। ਕੁੱਝ ਉਚੱ ਜਾਤੀ ਦੇ ਅਕਾਲੀ ਲੀਡਰਾਂ ਨੇ ਡਾਕਟਰ ਅੰਬੇਡਕਰ ਨੂੰ ਸਿੱਖ ਧਰਮ ਅਪਣਾਉਣ ਤੋਂ ਰੋਕਣ ਲਈ ਚਾਲ ਚੱਲੀ ਅਤੇ ਅੰਤ ਇਹ ਚਾਲ ਕਾਮਯਾਬ ਹੋ ਗਈ ਅਤੇ ਦੇਸ਼ ਦੇ 6 ਕਰੋੜ ਅਛੂਤ ਸਿੱਖ ਧਰਮ ਨਾਂ ਅਪਣਾ ਸਕੇ। ਸੱਚੀ ਸਾਖੀ ਕਿਤਾਬ ਦੇ ਲੇਖਕ ਅਤੇ ਸਾਬਕਾ ਆਈ ਸੀ ਐਸ ਅਫਸਰ ਅਤੇ ਸਾਬਕਾ ਵਿਧਾਇਕ ਅਤੇ ਲੋਕ ਸਭਾ ਮੈਂਬਰ ਸਰਦਾਰ ਕਪੂਰ ਸਿੰਘ ਅਨੁਸਾਰ ਸਿੱਖ ਧਰਮ ਅਤੇ ਅਕਾਲੀ ਦੱਲ ਵਿੱਚ ਬੈਠੇ ਕੁੱਝ ਉਚੱ ਜਾਤਿ ਦੇ ਆਗੂਆਂ ਨੇ ਅਪਣੀ ਕੁਰਸੀ ਕਾਇਮ ਰੱਖਣ ਲਈ ਗੁੱਝੀਆਂ ਚਾਲਾਂ ਚੱਲਕੇ ਡਾਕਟਰ ਅੰਬੇਡਕਰ ਅਤੇ ਕਰੋੜਾਂ ਅਛੂਤਾਂ ਨੂੰ ਸਿੱਖ ਧਰਮ ਵਿੱਚ ਆਣ ਤੋਂ ਰੋਕਿਆ। ਇਸਤੋਂ ਬਾਦ ਡਾਕਟਰ ਅੰਬੇਡਕਰ ਨੇ ਬੁੱਧ ਧਰਮ ਅਪਣਾਉਣ ਬਾਰੇ ਫੈਸਲਾ ਕੀਤਾ। 15 ਅਗਸਤ 1947 ਨੂੰ ਭਾਰਤ ਦੇਸ਼ ਅਜ਼ਾਦ ਹੋ ਗਿਆ ਅਤੇ ਡਾਕਟਰ ਅੰਬੇਡਕਰ ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਬਣੇ। ਅਜ਼ਾਦ ਭਾਰਤ ਦਾ ਅਪਣਾ ਸੰਵਿਧਾਨ ਲਿਖਣ ਲਈ 29 ਅਗਸਤ, 1947 ਨੂੰ ਬਣਾਈ ਗਈ ਕਮੇਟੀ ਵਿੱਚ ਡਾਕਟਰ ਅੰਬੇਡਕਰ ਕਮੇਟੀ ਦੇ ਚੇਅਰਮੈਨ ਬਣਾਏ ਗਏ ਅਤੇ ਉਨ੍ਹਾਂ ਨੇ ਸੰਵਿਧਾਨ ਤਿਆਰ ਕੀਤਾ ਜਿਸ ਵਿੱਚ ਦੇਸ ਦੇ ਸਮੂਹ ਵਰਗਾਂ ਵਿਸ਼ੇਸ਼ ਤੋਰ ਤੇ ਸਦੀਆਂ ਤੋਂ ਲਿਤਾੜੇ ਗਏ ਵਰਗਾਂ ਦੇ ਹਿੱਤਾਂ ਦੀ ਰਾਖੀ ਅਤੇ ਵਿਕਾਸ ਲਈ ਲਿਖਿਆ ਗਿਆ। 26 ਨਵੰਬਰ, 1949 ਨੂੰ ਸੰਵਿਧਾਨ ਸਭਾ ਨੇ ਇਸਨੂੰ ਮੰਨਜੂਰ ਕਰ ਲਿਆ।

1951 ਵਿੱਚ ਸੰਸਦ ਵਿੱਚ ਹਿੰਦੂ ਕੋਡ ਬਿੱਲ ਜੋਕਿ ਕਰੋੜ੍ਹਾਂ ਅਛੂਤਾਂ ਵਾਂਗ ਸਦੀਆਂ ਤੋਂ ਵਿਤਕਰੇ ਦਾ ਸ਼ਿਕਾਰ ਭਾਰਤੀ ਮਹਿਲਾਵਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਲਈ ਸੀ ਦੇ ਵਿਰੋਧ ਵਿੱਚ ਸੰਸਦ ਦੇ ਬਹੁਤੇ ਮੈਂਬਰਾਂ ਵਲੋਂ ਵੋਟ ਪਾਏ ਜਾਣ ਕਾਰਨ ਉਨ੍ਹਾਂ ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿਤਾ। 1952 ਵਿੱਚ ਡਾਕਟਰ ਅੰਬੇਡਕਰ ਨੇ ਅਜਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਇਹ ਚੋਣ ਹਾਰ ਗਏ। ਮਾਰਚ 1952 ਵਿੱਚ ਡਾਕਟਰ ਅੰਬੇਡਕਰ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਜਿੰਦਗੀ ਦੇ ਅੰਤਿਮ ਸਮੇਂ ਤੱਕ ਉਹ ਰਾਜ ਸਭਾ ਮੈਂਬਰ ਬਣੇ ਰਹੇ। 1955 ਵਿੱਚ ਉਨ੍ਹਾਂ ਨੇ ਬੋਧ ਸੋਸਾਇਟੀ ਆਫ ਇੰਡੀਆ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਅਪਣਾ ਆਖਰੀ ਲੇਖ ਦਾ ਬੁੱਧ ਐਂਡ ਹਿਜ਼ ਧੱਮ 1956 ਵਿੱਚ ਹੀ ਪੂਰਾ ਕੀਤਾ ਜੋਕਿ ਉਨ੍ਹਾਂ ਦੀ ਮੋਤ ਤੋਂ ਬਾਦ ਪ੍ਰਕਾਸ਼ਿਤ ਹੋਇਆ। 14 ਅਕਤੂਬਰ, 1956 ਨੂੰ ਡਾਕਟਰ ਅੰਬੇਡਕਰ ਨੇ ਲੱਖਾਂ ਸਾਥੀਆ ਸਮੇਤ ਬੁੱਧ ਧਰਮ ਅਪਣਾਇਆ। ਵਿਸ਼ਵ ਦਾ ਇਹ ਧਰਮ ਬਦਲਣ ਦਾ ਸਭਤੋਂ ਵੱਡਾ ਸਮਾਗਮ ਸੀ ਜਿਸ ਵਿੱਚ ਲੱਗਭੱਗ 6 ਲੱਖ ਵਿਅਕਤੀਆਂ ਨੇ ਬੁੱਧ ਧਰਮ ਅਪਣਾਇਆ। ਦਿੱਲੀ ਵਿੱਚ 6 ਦਸੰਬਰ 1956 ਨੂੰ ਡਾਕਟਰ ਅੰਬੇਡਕਰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਬਾਬਾ ਸਾਹਿਬ ਨੂੰ 1992 ਵਿੱਚ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ ਜੋ ਕਿ ਭਾਰਤ ਦਾ ਸਰਵਉੱਚ ਨਾਗਰਿਕ ਪੁਰਸਕਾਰ ਹੈ। ਭਾਰਤ ਸਰਕਾਰ ਨੇ 1991 ਦਾ ਸਾਲ ਅੰਬੇਡਕਰ ਸ਼ਤਾਬਦੀ ਵਜੋਂ ਐਲਾਨਿਆ ਸੀ ਅਤੇ ਇਸ ਸਾਲ ਨੂੰ ਸਮਾਜਿਕ ਨਿਆਏ ਦੇ ਸਾਲ ਦੇ ਤੋਰ ਤੇ ਮਨਾਇਆ ਗਿਆ।

ਇਹ ਸਾਲ 2016 ਵੀ ਭਾਰਤ ਸਰਕਾਰ ਵਲੋਂ ਬਾਬਾ ਸਾਹਿਬ ਦੇ 125ਵੇਂ ਜਨਮ ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ ਅਤੇ ਵਿਸ਼ੇਸ਼ ਸਮਾਗਮ ਕੀਤੇ ਗਏ ਹਨ। ਅੱਜ ਸਿਰਫ ਭਾਰਤ ਹੀ ਨਹੀਂ ਸਗੋਂ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਗਮ ਕਰਵਾਏ ਜਾ ਰਹੇ ਹਨ ਅਤੇ ਬਾਬਾ ਸਾਹਿਬ ਨੂੰ ਸ਼ਰਧਾਂਜ਼ਲੀ ਦਿਤੀ ਜਾ ਰਹੀ ਹੈ। ਸਾਨੂੰ ਸਭਨੂੰ ਮਿਲਕੇ ਦੇਸ਼ ਅਤੇ ਸਮਾਜ ਦੇ ਇਨ੍ਹਾਂ ਲੋਕਾਂ ਦੇ ਵਿਕਾਸ ਲਈ ਬਣੀਆਂ ਯੋਜਨਾਵਾਂ ਅਤੇ ਅਧਿਕਾਰਾਂ ਨੂੰ ਪੂਰੀ ਤਰਾਂ ਲਾਗੂ ਕਰਨਾ ਚਾਹੀਦਾ ਹੈ ਇਹੋ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਸੱਚੀ ਸ਼ਰਧਾਂਜ਼ਲੀ ਹੋਵੇਗੀ।



**"On 26th January 1950, we are going to enter into a life of contradictions. In politics, we will have equality and in social and economic structure, continue to deny the principle of one man one value. How long shall we continue to live this life of contradictions? How long shall we continue to deny equality in our social and economic life? If we continue to deny it for long, we will do so only by putting our political democracy in peril. We must remove this contradiction at the earliest possible moment else those who suffer from inequality will blow up the structure of democracy which this Constituent Assembly has so laboriously built up."**
**-Babasaheb Dr. B.R. Ambedkar**

# ਵਿਚਾਰਾਂ ਦੀਆਂ ਵੇਲਾਂ

ਬਲਵੀਰ ਮੰਨਣ 91-94173-45485
ਰਿਸਰਚ ਸਕਾੱਲਰ (ਪੰਜਾਬੀ ਵਿਭਾਗ) ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ



ਪੜ੍ਹਦਿਆਂ, ਲਿਖਦਿਆਂ, ਤੁਰੇ ਫਿਰਦਿਆਂ, ਬੈਠਿਆਂ, ਕੰਮ ਕਰਦਿਆਂ, ਸੁੱਤਿਆਂ; ਸੋਚਦਿਆਂ, ਨਾ ਸੋਚਦਿਆਂ; ਚੇਤਨ, ਅਵਚੇਤਨ, ਅਚੇਤ ਰੂਪ ਵਿੱਚ ਹੀ ਕਈ ਵਾਰ ਕੋਈ ਨਵਾਂ ਤੇ ਵਿਲੱਖਣ ਵਿਚਾਰ ਮਨ ਦੇ ਧਰਾਤਲ 'ਤੇ ਜੀਅ ਉੱਠਦਾ ਹੈ, ਦੇਹ ਧਾਰ ਲੈਂਦਾ ਹੈ ਤਾਂ ਕਈ ਕਾਰਨਾਂ ਕਰਕੇ ਅਕਸਰ ਉਹ ਵਿਚਾਰ, ਕਾਗਜ਼ ਉੱਪਰ, ਅੱਖਰਾਂ ਦੇ ਰੂਪ ਵਿੱਚ, ਸਰੂਪ ਧਾਰਨ ਨਹੀਂ ਕਰ ਪਾਉਂਦਾ। ਪਰ ਉਹ ਮਨ ਦੇ ਸਪਾਟ ਧਰਾਤਲ ਤੋਂ ਉੱਠ ਕੇ, ਕਿਸੇ ਹੋਰ ਭਾਰੇ ਵਿਚਾਰ ਦੇ ਬੋਝ ਹੇਠ ਦੱਬ ਜਾਣ ਤੋਂ ਡਰਦਾ ਹੋਇਆ ਅਥਵਾ ਮਨੁੱਖੀ ਮਨ ਵਿਚਲੀਆਂ ਚਿੰਤਾ-ਲਹਿਰਾਂ ਦੀਆਂ ਸੁਨਾਮੀਆਂ ਵਿੱਚ ਡੁੱਬ ਜਾਣ ਤੋਂ ਬਚਾਅ ਹਿਤ, ਮਨ ਦੇ ਕਿਸੇ ਕੋਨੇ ਵਿੱਚ ਲੁਕ-ਛਿਪ ਕੇ ਬੈਠ ਜਾਂਦਾ ਹੈ, ਫਿਰ ਕਿਤੇ ਉੱਭਰ ਕੇ ਸਾਮ੍ਹਣੇ ਆਉਣ ਲਈ।

ਕਈ ਵਾਰ ਖੂੰਜੇ ਲੁਕ ਕੇ ਬੈਠੇ ਉਸ ਵਿਚਾਰ ਨਾਲ ਰਲਦਾ-ਮਿਲਦਾ ਕੋਈ ਹੋਰ ਵਿਚਾਰ, ਕਿਸੇ ਹੋਰ ਵੇਲੇ, ਮਨ ਦੇ ਮੰਚ 'ਤੇ ਪਰਗਟ ਹੁੰਦਾ ਹੈ ਤਾਂ ਲੁਕ ਕੇ ਬੈਠੇ ਪਹਿਲੇ ਵਿਚਾਰ ਨੂੰ ਕੁਝ ਹੌਸਲਾ ਹੁੰਦਾ ਹੈ ਕਿ ਹੁਣ ਉਹ ਇਕੱਲਾ ਨਹੀਂ, ਉਸਦਾ ਕੋਈ ਸਾਥੀ ਵੀ ਹੈ।ਹੁਣ ਉਹ ਇੱਕ ਨਹੀਂ ਦੋ ਹੋ ਗਏ ਹਨ; 'ਮੈਂ ਤੋਂ ਅਸੀਂ' ਮਾਰਗ ਦੇ ਪਾਂਧੀ ਹੋ ਗਏ ਹਨ। ਤੇ ਦੋ ਹੀ ਕਿਉਂ, ਇਹ ਹੌਸਲਾ ਤਾਂ ਇੱਕ ਤੇ ਇੱਕ ਗਿਆਰਾਂ ਵਾਲਾ ਹੁੰਦਾ ਹੈ।ਹੁਣ ਪਹਿਲਾ ਆਪਣੇ ਆਪ ਨੂੰ ਉਮਰ-ਦਰਾਜ਼ ਸਮਝਣ ਲੱਗ ਪੈਂਦਾ ਹੈ ਕਿਉਂਕਿ ਜਦੋਂ ਨਵੇਂ ਵਿਚਾਰ ਬਾਰੇ ਮਨ ਵਿੱਚ ਖ਼ਿਆਲ ਆਵੇਗਾ ਤਾਂ ਪਹਿਲੇ ਵੱਲ ਧਿਆਨ ਵੀ ਜਾਵੇਗਾ ਕਿਉਂਜੋ ਹੁਣ ਇਹ ਲੜੀ ਵਰਗੇ ਜੁ ਹੋ ਗਏ ਹਨ, ਇੱਕ-ਦੂਜੇ ਨਾਲ ਜੁੜੇ-ਜੁੜੇ, ਇੱਕ-ਮਿੱਕ। ਮਨ ਦੇ ਮੈਦਾਨ 'ਤੇ ਫੁਰਨੇ ਖੇਡਦੇ ਰਹਿੰਦੇ ਹਨ।ਖ਼ਿਆਲਾਂ ਦੀਆਂ ਕਈ ਵੱਡੀਆਂ-ਛੋਟੀਆਂ ਲੜੀਆਂ ਬਣਦੀਆਂ ਰਹਿੰਦੀਆਂ ਹਨ।ਕਦੇ ਇੱਕ ਛੋਟੀ ਲੜੀ ਕਿਸੇ ਹੋਰ ਛੋਟੀ-ਵੱਡੀ ਲੜੀ ਨਾਲ ਜੁੜ ਜਾਂਦੀ ਹੈ। ਕਦੇ ਕੋਈ ਵੱਡੀ ਲੜੀ ਕਿਸੇ ਹੋਰ (ਵੱਡੀ-ਛੋਟੀ) ਲੜੀ ਦਾ ਹੱਥ ਫੜ ਕੇ ਹੋਰ ਲੰਮੇਰੀ ਹੋ ਜਾਂਦੀ ਹੈ।ਇਹ ਸਿਲਸਿਲਾ ਚਲਦਾ-ਟੁੱਟਦਾ ਰਹਿੰਦਾ ਹੈ।

ਕਦੇ ਅਵਸਰ ਬਣ ਜਾਂਦਾ ਹੈ ਜਦੋਂ ਕੋਈ ਛੋਟੀ ਜਾਂ ਵੱਡੀ ਲੜੀ ਸੁਤੰਤਰ ਰੂਪ ਵਿੱਚ ਸੁੰਦਰ ਪਰੋਤੀ ਜਾਂਦੀ ਹੈ। ਅਜਿਹੀ ਸੋਹਣੀ ਕਿ ਜਿਸ ਵਿੱਚੋਂ ਨਵੇਂ-ਨਵੇਂ ਰੰਗ ਚਮਕਦੇ ਹਨ, ਪ੍ਰਚੱਲਤ ਰੰਗਾਂ ਨਾਲੋਂ ਕੁਝ ਅਲੱਗ ਜਿਹੇ, ਦਿਲ ਨੂੰ ਧੂਹ ਪਾਉਣ ਵਾਲੇ ਰੰਗ। ਇਸ ਲੜੀ ਵਿੱਚ ਮਨ ਦੇ ਖੂੰਜਿਆਂ ਵਿੱਚ ਲੁਕ-ਛਿਪ ਕੇ ਬੈਠੇ ਕਈ ਵਿਚਾਰ, ਜਿਹੜੇ ਸਮੇਂ ਦੀ ਰਵਾਨਗੀ ਨਾਲ ਹੋਰ ਪੱਕ ਜਾਂਦੇ ਹਨ, ਜੁਆਨ ਹੋ ਜਾਂਦੇ ਹਨ, ਪਰੋਤੇ ਹੋਏ ਹੁੰਦੇ ਹਨ।ਤਦ ਇਹ ਵਿਚਾਰ ਲਾਟਾਂ ਛੱਡਦੇ ਹੋਏ, ਕਾਗਜ਼ ਦੀ ਹਿੱਕ 'ਤੇ, ਅੱਖਰਾਂ, ਸ਼ਬਦਾਂ ਤੇ ਵਾਕਾਂ ਦੇ ਰੂਪ ਵਿੱਚ ਪਰਗਟ ਹੁੰਦੇ ਹਨ।ਇਹ ਆਪਣਾ ਅਸਲਾ ਕਾਇਮ ਰੱਖਣ ਦੇ ਮਾਰੇ ਕਈ ਵਾਰ ਵਿਆਕਰਨ ਦੀਆਂ ਬੰਦਿਸ਼ਾਂ ਨੂੰ ਵੀ ਅਣਗੌਲਿਆਂ ਕਰ ਦਿੰਦੇ ਹਨ।ਇਨ੍ਹਾਂ ਨੂੰ ਅੱਖਰਾਂ ਦੇ ਰੂਪ ਵਿੱਚ ਕਾਗਜ਼ ਉੱਪਰ ਉਘੇੜਨ ਵਾਲੇ ਹੱਥ ਵੀ, ਇਨ੍ਹਾਂ ਲੜੀਆਂ ਨੂੰ ਕਾਗਜ਼ ਉੱਪਰ ਉੱਤਰਦੀਆਂ ਤੱਕ ਕੇ, ਕਈ ਵਾਰ ਦੰਗ ਰਹਿ ਜਾਂਦੇ ਹਨ।ਉਨ੍ਹਾਂ ਨੂੰ ਆਪਣੇ ਹੀ ਰਾਹੀਂ ਦਿੱਤੇ ਆਕਾਰਾਂ 'ਪੁਰ ਅਚੰਭਾ ਹੁੰਦਾ ਹੈ, ਉਹ ਸੋਚਾਂ ਵਿੱਚ ਪੈ ਜਾਂਦੇ ਹਨ।ਹੌਲੀ-ਹੌਲੀ ਇੱਕ ਸੁੰਦਰ ਰਚਨਾ ਅਵਤਾਰ ਧਾਰਨ ਕਰਦੀ ਹੈ। ਮਨ ਆਪਣੇ ਆਪ ਨੂੰ ਪਹਿਲਾਂ ਜਿਹਾ ਖ਼ਾਲੀ-ਖ਼ਾਲੀ ਮਹਿਸੂਸ ਕਰਦਾ ਹੈ, ਹਲਕਾ-ਹਲਕਾ।ਤੇ ਖ਼ੁਸ਼ੀ ਦਾ ਅਨੁਭਵ ਵੀ ਕਰਦਾ ਹੈ ਕਿ ਇਨ੍ਹਾਂ ਵਿਚਾਰਾਂ ਦੀ ਵੇਲ ਨੇ ਮਨ ਦੇ ਧਰਾਤਲ ਤੋਂ ਉੱਤਰ ਕੇ ਧਰਤੀ 'ਤੇ ਜਨਮ ਲਿਆ ਹੈ। ਹੁਣ ਇਹ ਮਰ ਜਾਣ ਦੇ ਦੁੱਖੋਂ ਮਨ ਦੇ ਕਿਸੇ ਖਰਲ-ਖੂੰਜੇ, ਲੁਕ ਕੇ ਨਹੀਂ ਬੈਠਣਗੇ ਸਗੋਂ ਧਰਤੀ 'ਤੇ ਜਨਮ ਲੈ ਕੇ ਅਮਰ ਹੋ ਜਾਣਗੇ। ਹੁਣ ਇਹ ਕਿਸੇ ਦੇ ਜੀਵਨ ਨੂੰ ਰੁਸ਼ਨਾਉਣਗੇ; ਕਿਸੇ ਦੇ ਮਨ ਦਾ ਕੋਈ ਹਨੇਰਾ ਖੂੰਜਾ ਰੋਸ਼ਨ ਕਰਨਗੇ।

# ਪੰਜਾਬ ਵਿਚ 'ਬਸਪਾ' ਅਤੇ 'ਆਪ ਰਲ ਕੇ ਮਹੱਤਵਪੂਰਨ ਰੋਲ ਨਿਭਾਉਣ




- ਫਤਿਹਜੰਗ ਸਿੰਘ
9872670278

ਪੰਜਾਬ ਵਿਚ ਜਿਉਂ-ਜਿਉਂ ਚੋਣਾਂ ਨੇੜੇ ਆ ਰਹੀਆਂ ਹਨ, ਚੋਣ ਮੈਦਾਨ ਭਖਦਾ ਜਾ ਰਿਹਾ ਹੈ। ਬੜੀ ਤੇਜ਼ੀ ਨਾਲ ਨਵੀਆਂ ਪਾਰਟੀਆਂ ਹੋਂਦ ਵਿਚ ਆ ਰਹੀਆਂ ਹਨ ਅਤੇ ਪੁਰਾਣੀਆਂ ਵਿਚ ਟੁੱਟ-ਭੱਜ ਹੋ ਰਹੀ ਹੈ। ਵਫਾਦਾਰੀਆਂ ਬਦਲ ਰਹੀਆਂ ਹਨ। ਪਾਰਟੀਆਂ ਵੱਲੋਂ ਵੋਟਰਾਂ ਲਈ ਸੱਚ-ਝੂਠ ਦੇ ਪੁਲੰਦੇ ਤਿਆਰ ਕਰਕੇ ਵੋਟਾਂ ਬਟੋਰਨ ਲਈ ਤਰ੍ਹਾਂ-ਤਰ੍ਹਾਂ ਦੇ ਸਰਸਬਜ਼ ਬਾਗ ਵਿਖਾ ਕੇ ਲੁਭਾਇਆ ਜਾ ਰਿਹਾ ਹੈ। ਕਿਹੜੀ ਪਾਰਟੀ ਵੋਟਰ ਨੂੰ ਰਿਝਾ ਕੇ ਕਿੰਨੀ ਕੁ ਸਫਲਤਾ ਪ੍ਰਾਪਤ ਕਰਦੀ ਹੈ, ਇਹ ਤਾਂ ਨਤੀਜੇ ਹੀ ਦੱਸਣਗੇ। ਵੋਟਰ ਹਰ ਵਾਰੀ ਹਰ ਚੋਣ ਵਿਚ ਚੌਕਸ ਰਹਿਣ ਦੀ ਕੋਸ਼ਿਸ਼ ਕਰਦਾ ਹੈ ਕਿ ਪਿਛਲੀ ਵਾਰੀ ਉਹ ਧੋਖਾ ਖਾ ਗਿਆ ਸੀ ਜੋ ਝਾਂਸੇ ਵਿਚ ਆ ਕੇ ਗਲਤ ਪਾਰਟੀ ਨੂੰ ਵੋਟ ਦੇ ਬੈਠਾ ਪਰ ਇਸ ਵਾਰੀ ਨਹੀਂ। ਪਰ ਉਸ ਕੋਲ ਮੁੜ ਉਸੇ ਪੁਰਾਣੀ ਪਾਰਟੀ ਨੂੰ ਵੋਟ ਪਾਉਣ ਤੋਂ ਇਲਾਵਾ ਚਾਰਾ ਕੋਈ ਨਹੀਂ ਹੁੰਦਾ, ਜਿਸਨੂੰ ਉਹ ਪਹਿਲਾਂ ਅਜ਼ਮਾ ਬੈਠਾ ਸੀ। ਇੰਝ ਇਹ ਦੁਸ਼ਚੱਕਰ ਚਲਦਾ ਰਹਿੰਦਾ ਹੈ ਤੇ ਵੋਟਰ ਹਾਰ ਵਾਰੀ ਲੁੱਟਿਆ-ਪੁੱਟਿਆ ਤੇ ਠੱਗਿਆ ਮਹਿਸੂਸ ਕਰਦਾ ਰਹਿੰਦਾ ਹੈ।

ਪਰ ਇਸ ਵਾਰੀ ਤਸਵੀਰ ਕੁਝ ਵੱਖਰੀ ਹੈ। ਵੋਟਰ ਕੋਲ ਚੋਣ ਕਰਨ ਲਈ ਕਈ ਪਾਰਟੀਆਂ ਮੈਦਾਨ ਵਿਚ ਹਨ। ਹੁਣ ਵੋਟਰ ਨੂੰ ਹੋਰ ਵੀ ਸੋਚ ਸਮਝ ਕੇ ਚੋਣ ਕਰਨੀ ਪਵੇਗੀ। ਇਹ ਵੀ ਹੋ ਸਕਦਾ ਹੈ ਕਿ ਜੇ ਉਸਨੇ ਖੁੰਬਾਂ ਵਾਂਗ ਉੱਗੀਆਂ ਪਾਰਟੀਆਂ ਨੂੰ ਆਪਣੀਆਂ ਵੋਟਾਂ ਵੰਡ ਦਿੱਤੀਆਂ ਤਾਂ ਮੁੜ ਕਿਸੇ ਪੁਰਾਣੀ ਪਾਰਟੀ ਨੂੰ ਹੀ ਲਾਭ ਹੋ ਜਾਣਾ ਹੈ, ਜਿਸਨੂੰ ਉਹ ਪਹਿਲਾਂ ਕਈ ਵਾਰੀ ਪਰਖ ਚੁੱਕਾ ਹੈ। ਅਜਿਹੀ ਸੂਰਤ ਵਿਚ ਉਸ ਕੋਲ ਹੱਥ ਮਲਣ ਤੋਂ ਇਲਾਵਾ ਕੋਈ ਰਾਹ ਨਹੀਂ ਰਹਿ ਜਾਵੇਗਾ।

ਜਿੱਥੋਂ ਤੱਕ ਦਲਿਤ ਵੋਟਰ ਦਾ ਸਬੰਧ ਹੈ, ਇਹ ਵੇਖਣ ਵਿਚ ਆਉਂਦਾ ਹੈ ਕਿ ਦਲਿਤ ਵੋਟਰ ਹਰ ਵਾਰੀ ਚੌਰਾਹੇ 'ਤੇ ਦਿਸ਼ਾਹੀਣ ਬਣ ਕੇ ਖੜੋਤਾ ਹੁੰਦਾ ਹੈ। ਚੰਗਾ-ਮਾੜਾ ਇੰਨਾ ਪ੍ਰਚਾਰ ਹੋ ਗਿਆ ਹੁੰਦਾ ਹੈ ਕਿ ਉਹ ਫੈਸਲਾ ਕਰਨ ਵਿਚ ਟਪਲਾ ਖਾ ਜਾਂਦਾ ਹੈ। ਹਰ ਪਾਰਟੀ ਇਹ ਵਿਖਾਵਾ ਕਰਦੀ ਹੈ ਕਿ ਉਹ ਹੀ ਦਲਿਤ ਤੇ ਵਿਸ਼ੇਸ਼ ਮਿਹਰਬਾਨ ਹੈ ਤੇ ਇਸ ਵਾਰੀ ਉਹ ਉਸਦੇ ਕਲਿਆਣ ਲਈ ਕੁਝ ਵਿਸ਼ੇਸ਼ ਹੀ ਕਰਨਾ ਚਾਹੁੰਦੀ ਹੈ। ਦਲਿਤ ਦੀ ਹਾਲਤ ਇਸ ਜਾਤਪਾਤੀ ਸਮਾਜਿਕ ਢਾਂਚੇ ਵਿਚ ਸਭ ਤੋਂ ਮਾੜੀ ਹੈ। ਸਦੀਆਂ ਤੋਂ ਉਸਨੂੰ ਗਰੀਬੀ, ਅਨਪੜ੍ਹਤਾ, ਲਾਚਾਰੀ, ਬੇਰੁਜ਼ਗਾਰੀ, ਭੁੱਖ-ਨੰਗ ਤੇ ਜ਼ਲਾਲਤ ਦੀ ਜਿੱਲ੍ਹਣ ਵਿਚ ਇਸ ਕਦਰ ਰੱਖਿਆ ਗਿਆ ਕਿ ਉਹ ਅੱਜ ਤੱਕ ਵੀ ਸੁਤੰਤਰ ਸੋਚ ਦਾ ਮਾਲਕ ਨਹੀਂ ਬਣ ਸਕਿਆ ਤੇ ਆਪਣੀ ਭੁੱਖ ਤੇ ਗਰੀਬੀ ਦਾ ਹੱਲ ਨਹੀਂ ਕੱਢ ਸਕਿਆ। ਅੱਜ ਵੀ ਉਸਦੇ ਆਲੇ-ਦੁਆਲੇ ਇੰਨੀਆਂ ਮਜਬੂਰੀਆਂ, ਲਾਚਾਰੀਆਂ ਮੂੰਹ ਅੱਡੀ ਖੜ੍ਹੀਆਂ ਹਨ ਕਿ ਉਹ ਅੰਤ ਬੇਵੱਸ ਹੋ ਕੇ ਹੀ ਰਹਿ ਜਾਂਦਾ ਹੈ। ਉਸਦੇ ਸਾਧਨਹੀਣ ਹੋਣ ਕਰਕੇ ਉਸਦੀ ਗਰੀਬੀ ਤੇ ਅਨਪੜ੍ਹਤਾ ਕਾਰਨ ਹਰ ਕੋਈ ਉਸ ਤੋਂ ਫਾਇਦਾ ਉਠਾਉਣਾ ਚਾਹੁੰਦਾ ਹੈ। ਹਰ ਕੋਈ ਉਸਨੂੰ ਲਾਲਚ ਵੱਸ ਕਰਕੇ ਆਪਣੇ ਲਾਭ ਹਿੱਤ ਵਰਤਣਾ ਚਾਹੁੰਦਾ ਹੈ। ਦਰਅਸਲ ਉਸਦੀਆਂ ਸਮੱਸਿਆਵਾਂ ਹੀ ਇੰਨੀਆਂ ਗੰਭੀਰ ਅਤੇ ਉਲਝਣਾਂ ਭਰਪੂਰ ਹਨ ਕਿ ਉਹਨਾਂ ਦਾ ਹੱਲ ਇੰਨਾ ਆਸਾਨ ਨਹੀਂ ਹੈ।

ਪੰਜਾਬ ਦੀ ਸਥਿਤੀ ਵੱਲ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਇਹ ਕੁਝ ਇਸ ਤਰ੍ਹਾਂ ਦੀ ਬਣ ਗਈ ਹੈ ਕਿ ਇੱਥੇ ਬਾਕੀ ਸੂਬਿਆਂ ਨਾਲੋਂ ਦਲਿਤ ਗਿਣਤੀ ਭਾਵੇਂ ਸਭ ਤੋਂ ਵੱਧ ਹੈ ਜੋ ਇਸ ਵੇਲੇ 40 ਫੀਸਦੀ ਦੇ ਲੱਗਭੱਗ ਹੋਣ ਲੱਗੀ ਹੈ ਪਰ ਉਹ ਦੋ ਮੁੱਖ ਖੇਮਿਆਂ ਵਿਚ ਵੰਡੀ ਹੋਣ ਕਰਕੇ ਆਪਸ ਵਿਚ ਹੀ ਭਿੰਨ ਭੇਦ ਰੱਖਦੇ ਹਨ, ਜਿਸ ਕਰਕੇ ਮਨਇੱਛਤ ਫਲ ਪ੍ਰਾਪਤ ਨਹੀਂ ਹੁੰਦਾ। ਇਸ ਕਾਰਨ ਕਰਕੇ ਦਲਿਤਾਂ ਵਿਚੋਂ ਉਭਰੀ ਕਾਂਸ਼ੀ ਰਾਮ ਜੀ ਵਰਗੀ ਲੀਡਰਸ਼ਿਪ ਤੇ ਉਹਨਾਂ ਵੱਲੋਂ ਤਿਆਰ ਕੀਤੀ ਡਾ. ਅੰਬੇਡਕਰ ਦੀ ਵਿਚਾਰਧਾਰਾ ਵਾਲੀ ਸਿਆਸੀ ਪਾਰਟੀ ਵੀ ਵਧੀਆ ਕਾਰਗੁਜ਼ਾਰੀ ਨਾ ਵਿਖਾ ਸਕੀ। ਇਸ ਤੋਂ ਉਪਰਾਮ ਹੋ ਕੇ ਕਾਂਸ਼ੀ ਰਾਮ ਜੀ ਨੇ ਯੂ. ਪੀ. ਵੱਲ ਮੁਹਾਰਾਂ ਮੋੜ ਲਈਆਂ ਸਨ, ਜਿੱਥੇ ਉਹਨਾਂ ਨੂੰ ਕਾਫੀ ਸਫਲਤਾ ਮਿਲੀ ਸੀ। ਪਰ ਜੋ ਵੀ ਹੈ ਹੁਣ ਪੰਜਾਬ ਵਿਚ ਜੋ ਬਸਪਾ ਦਾ ਆਧਾਰ ਬਚਿਆ ਹੈ, ਇਹ ਠੋਸ ਆਧਾਰ ਹੈ ਜੋ ਹੋਰ ਅੱਗੋਂ ਖੁਰਨ ਵਾਲਾ ਨਹੀਂ।




ਪੰਜਾਬ ਦੇ ਵਿਧਾਨ ਸਭਾ ਚੋਣ ਅਖਾੜੇ ਵਿਚ ਨਵੀਂ ਗੱਲ ਇਹ ਹੈ ਕਿ ਇਸ ਵਾਰੀ ਨਵੀਂ ਪਾਰਟੀ ਆਮ ਆਦਮੀ ਪਾਰਟੀ (ਆਪ) ਬੜੀ ਸਰਗਰਮੀ ਨਾਲ ਹਿੱਸਾ ਲੈ ਰਹੀ ਹੈ। ਲੋਕ ਸਭਾ ਚੋਣਾਂ ਵਿਚ ਇਹ ਆਪਣੀ ਕਾਫੀ ਚੰਗੀ ਕਾਰਗੁਜ਼ਾਰੀ ਵਿਖਾ ਚੁੱਕੀ ਹੈ ਪਰ ਇਸ ਤੋਂ ਬਾਅਦ ਦੀ ਸਥਿਤੀ ਸੰਭਾਲਣ ਵਿਚ ਅਸਮਰੱਥ ਰਹੀ ਹੈ, ਜਿਸ ਕਰਕੇ ਇਸਦੇ ਜਿੱਤੇ ਹੋਏ ਚਾਰੇ ਸਾਂਸਦਾਂ ਨੇ ਚਾਰੇ ਦਿਸ਼ਾਵਾਂ ਵੱਲ ਮੂੰਹ ਕਰ ਲਏ। ਪਾਰਟੀ ਕਨਵੀਨਰ, ਪਾਰਟੀ ਅਹੁਦੇਦਾਰ ਵੀ ਸਭ ਬਿਖਰ ਗਏ ਹਨ,। ਉਹਨਾਂ ਤੇ ਕਈ ਤਰ੍ਹਾਂ ਦੇ ਇਲਜ਼ਾਮ ਵੀ ਲੱਗ ਰਹੇ ਹਨ ਅਤੇ ਉਹਨਾਂ ਵੱਲੋਂ ਵੀ ਲੀਡਰਸ਼ਿਪ 'ਤੇ ਕਈ ਤਰ੍ਹਾਂ ਦੇ ਇਲਜ਼ਾਮ ਲਾਏ ਜਾ ਰਹੇ ਹਨ। ਇਸ ਪਾਰਟੀ ਨੇ ਵੀ ਹੁਣ ਦਲਿਤ ਵੋਟ ਬੈਂਕ 'ਤੇ ਖਾਸ ਨਜ਼ਰ ਰੱਖਦਿਆਂ ਉਹਨਾਂ ਲਈ ਵਿਸ਼ੇਸ਼ ਦਿਆਲਤਾ ਦਾ ਪ੍ਰਗਟਾਵਾ ਕੀਤਾ ਹੈ ਤੇ ਇਕ ਵੱਖਰਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਹੈ। ਇਸ ਚੋਣ ਮਨੋਰਥ ਪੱਤਰ ਵਿਚ ਆਪ ਦੀ ਸਰਕਾਰ ਬਣਨ 'ਤੇ ਦਲਿਤ ਉਪ ਮੁੱਖ ਮੰਤਰੀ ਬਣਾਉਣ ਦਾ ਵਾਅਦਾ ਕੀਤਾ ਗਿਆ ਹੈ। ਰਾਖਵੇਂਕਰਨ ਤਹਿਤ ਅਸਾਮੀਆਂ ਦਾ ਬੈਕਲਾਗ ਪੂਰਾ ਕਰਨ ਦੀ ਗੱਲ ਕਹੀ ਗਈ ਹੈ। ਪਿੰਡਾਂ ਵਿਚ ਸ਼ਾਮਲਾਟ ਜ਼ਮੀਨ ਵਿਚੋਂ ਦਲਿਤਾਂ ਦਾ ਇਕ ਤਿਹਾਈ ਬਣਦਾ ਹਿੱਸਾ ਦਿਵਾਉਣ ਦਾ ਵਾਅਦਾ ਵੀ ਕੀਤਾ ਹੈ। ਪਾਰਟੀ ਪ੍ਰਧਾਨ ਵੱਲੋਂ ਇਕ ਮੌਕੇ ਇਹ ਵੀ ਐਲਾਨ ਕੀਤਾ ਜਾ ਚੁੱਕਾ ਹੈ ਕਿ ਉਹ ਕਾਂਸ਼ੀ ਰਾਮ ਜੀ ਦੇ ਨਾਂ 'ਤੇ ਇਕ ਯੂਨੀਵਰਸਿਟੀ ਵੀ ਕਾਇਮ ਕਰਨਗੇ। ਇੰਝ ਕਰਕੇ ਆਮ ਆਦਮੀ ਪਾਰਟੀ ਨੇ ਜਿੱਥੇ ਦਲਿਤ ਨੌਕਰੀ ਪੇਸ਼ਾ ਅਤੇ ਦਲਿਤ ਪੇਂਡੂ ਵੋਟ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਥੇ ਕਾਂਸ਼ੀ ਰਾਮ ਜੀ ਦਾ ਨਾਂ ਵਰਤ ਕੇ ਅਤੇ ਉਪ ਮੁੱਖ ਮੰਤਰੀ ਦਾ ਜੁਮਲਾ ਵਰਤ ਕੇ ਸਮੁੱਚੀ ਦਲਿਤ ਵੋਟ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਉਤਸ਼ਾਹ ਭਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਇਸ ਨਾਲ ਸਥਿਤੀ ਇਹ ਬਣਦੀ ਹੈ ਕਿ ਦਲਿਤ ਵੋਟ ਬਸਪਾ ਅਤੇ 'ਆਪ' ਵਿਚ ਵੰਡੀ ਜਾਵੇਗੀ, ਜਿਸਦਾ ਲਾਭ ਇਹਨਾਂ ਪਾਰਟੀਆਂ ਨੂੰ ਘੱਟ ਪਰ ਕਿਸੇ ਪੁਰਾਣੀ ਪਾਰਟੀ ਨੂੰ ਵੱਧ ਮਿਲ ਸਕਦਾ ਹੈ। ਇਸਦਾ ਹੱਲ ਇਹ ਹੈ ਕਿ ਇਹ ਚੋਣਾਂ ਦੋਹਾਂ ਪਾਰਟੀਆਂ ਵੱਲੋਂ ਰਲ ਕੇ ਲੜੀਆਂ ਜਾਣ ਤੇ ਹਵਾ ਦਾ ਰੁਖ ਬਦਲਿਆ ਜਾਵੇ।

ਬਸਪਾ ਅਤੇ ਆਪ ਵੱਲੋਂ ਰਲ ਕੇ ਚੋਣ ਲੜਨ ਵਿਚ ਮੁਸ਼ਕਿਲ ਇਹ ਆਵੇਗੀ ਕਿ ਦੋਹਾਂ ਪਾਰਟੀਆਂ ਨੇ ਬਿਨਾਂ ਕਿਸੇ ਦੂਜੀ ਪਾਰਟੀ ਨਾਲ ਸਮਝੌਤਾ ਕੀਤਿਆਂ ਚੋਣ ਲੜਨ ਦੇ ਐਲਾਨ ਕੀਤੇ ਹੋਏ ਹਨ। ਸ਼ਾਇਦ ਦੋਹਾਂ ਲਈ ਪਿੱਛੇ ਹਟਣਾ ਮੁਸ਼ਕਿਲ ਹੋਵੇਗਾ। ਪਰ ਸਥਿਤੀ ਦਾ ਜਾਇਜ਼ਾ ਲੈ ਕੇ ਹਵਾ ਦਾ ਰੁਖ ਪਛਾਨਣਾ ਰਾਜਨੀਤੀ ਦਾ ਹਿੱਸਾ ਹੀ ਹੈ। ਸਿਆਸਤ ਵਿਚ ਕੋਈ ਪੱਕਾ ਦੁਸ਼ਮਣ ਜਾਂ ਦੋਸਤ ਨਹੀਂ ਹੁੰਦਾ।

ਬਸਪਾ ਨੇ ਇਕੱਲਿਆਂ ਲੜਾਈ ਲੜ ਕੇ ਵੇਖ ਹੈ, ਕੋਈ ਗੱਲ ਨਹੀਂ ਬਣੀ। ਵਿਸ਼ਲੇਸ਼ਣ ਦੱਸਦਾ ਹੈ ਕਿ ਥੋੜ੍ਹੀ ਮਦਦ ਨਾਲ ਕਾਫੀ ਸੀਟਾਂ ਜਿੱਤੀਆਂ ਜਾ ਸਕਦੀਆਂ ਸਨ। ਬਸਪਾ ਦੇ ਜਨਮਦਾਤਾ ਕਾਂਸ਼. ਰਾਮ ਜੀ ਦਾ ਮੰਨਣਾ ਸੀ ਕਿ ਵੱਡੇ ਸੱਪ ਨੂੰ ਮਾਰਨ ਲਈ ਛੋਟੇ-ਛੋਟੇ ਸੱਪਾਂ ਨੂੰ ਇਕੱਠੇ ਹੋ ਜਾਣਾ ਚਾਹੀਦਾ ਹੈ। ਬਸਪਾ ਨੂੰ ਕੌਮੀ ਪਾਰਟੀ ਬਣਨ ਤੱਕ ਕਈ ਸਮਝੌਤੇ ਕਰਨੇ ਪਏ ਹਨ। ਕਈ ਪ੍ਰਯੋਗ ਯੂ. ਪੀ. ਵਿਚ ਹੋ ਚੁੱਕੇ ਹਨ। ਬਾਬਾ ਸਾਹਿਬ ਡਾ. ਅੰਬੇਡਕਰ ਨੇ ਵੀ 1952 ਦੀਆਂ ਪਹਿਲੀਆਂ ਆਮ ਚੋਣਾਂ ਦੌਰਾਨ ਆਪਣੇ ਵੱਲੋਂ ਤਿਆਰ ਕੀਤੀ ਸ਼ਡਿਊਲਡ ਕਾਸਟ ਫੈਡਰੇਸ਼ਨ (ਐਸ. ਸੀ. ਐਫ.) ਦੇ ਪ੍ਰਚਾਰ ਹਿੱਤ ਅਕਤੂਬਰ 1951 ਵਿਚ ਆਪਣੇ ਪੰਜਾਬ ਦੌਰੇ ਸਮੇਂ ਇਹ ਗੱਲ ਆਖੀ ਸੀ ਕਿ ਚੋਣਾਵੀ ਉਦੇਸ਼ ਲਈ ਕਿਸੇ ਦੂਜੀ ਰਾਜਸੀ ਪਾਰਟੀ ਨਾਲ ਚੋਣ ਗੱਠਜੋੜ ਕਰ ਲੈਣਾ ਚਾਹੀਦਾ ਹੈ। ਉਹਨਾਂ ਨੇ ਉਸ ਵੇਲੇ ਸਗੋਂ ਇਸਨੂੰ ਜ਼ਰੂਰੀ ਕਰਾਰ ਵੀ ਦਿੱਤਾ ਸੀ।

ਦੂਜੇ ਪਾਸੇ 'ਆਪ' ਨੂੰ ਵੀ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਮੁਕਾਬਲਾ ਇੰਨਾ ਆਸਾਨ ਨਹੀਂ ਹੈ। ਉਹਨਾਂ ਦੀ ਪਾਰਟੀ ਦੀ ਟੁੱਟ ਭੱਜ ਅਤੇ ਲੱਗ ਰਹੇ ਇਲਜ਼ਾਮ ਵੀ ਸਾਹਮਣੇ ਹਨ। ਆਪਣੇ ਆਪ ਵਿਚ ਵਾਧੂ ਵਿਸ਼ਵਾਸ ਕਾਰਨ ਅਜਿਹਾ ਨਾ ਵਾਪਰੇ ਕਿ ਵੋਟਾਂ ਦੀ ਪ੍ਰਤੀਸ਼ਤਤਾ ਤਾਂ ਚੰਗੀ ਆ ਜਾਵੇ ਪਰ ਥੋੜ੍ਹੇ-ਥੋੜ੍ਹੇ ਫਰਕ ਨਾਲ ਕਈ ਸੀਟਾਂ ਤੋਂ ਹੱਥ ਧੋ ਬੈਠੇ ਤੇ ਸਰਕਾਰ ਬਣਾਉਣ ਲਈ ਲੋੜੀਂਦੀਆਂ ਸੀਟਾਂ ਦੀ ਘਾਟ ਰਹਿ ਜਾਵੇ।

ਇਸ ਲਈ ਮੌਜੂਦਾ ਸਰਕਾਰ ਨੂੰ ਨਕਾਰਦੀ ਇਕ ਇਕ ਵੋਟ ਨੂੰ ਆਪਣੇ ਹੱਕ ਵਿਚ ਭੁਗਤਾਉਣਾ ਹੋਵੇਗਾ। ਇਹ ਨਾ ਹੋਵੇ ਬਾਅਦ ਵਿਚ ਪਛਤਾਵਾ ਹੀ ਪੱਲੇ ਰਹਿ ਜਾਵੇ ਤੇ ਜਿੱਤੀ ਬਾਜੀ ਹਾਰ ਜਾਓ। ਇਸ ਲਈ ਦੋਹਾਂ ਪਾਰਟੀਆਂ ਦੇ ਹਿੱਤ ਵਿਚ ਹੈ ਕਿ ਰਲ ਮਿਲ ਕੇ ਚੋਣ ਲੜੀ ਜਾਵੇ।

ਵੱਡੇ ਏਜੰਡੇ 'ਤੇ ਸਮਝੌਤਾ ਨਾ ਸਹੀ ਘੱਟੋ ਘੱਟ ਪ੍ਰੋਗਰਾਮ ਤਹਿਤ ਹੀ ਗੱਠਜੋੜ ਕਰ ਲਿਆ ਜਾਵੇ। ਇਹ ਇਹਨਾਂ ਪਾਰਟੀਆਂ ਲਈ ਹੀ ਨਹੀਂ, ਸਮਾਜ ਅਤੇ ਡੁੱਬਦੇ ਜਾ ਰਹੇ ਪੰਜਾਬ ਲਈ ਵੀ ਅਤੀ ਜ਼ਰੂਰੀ ਹੈ।

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

**(ਬਾਰਵੀ ਕਿਸਤ)**

ਅਜਿਹੇ ਸੂਰ ਦੀ "ਗਣੇਸ਼ ਜੀ" ਸਮਝ ਕੇ ਪੂਜਾ ਸ਼ੁਰੂ ਕਰ ਦਿੱਤੀ ਗਈ ਸੀ। ਮਨੁੱਖ ਤੇ ਬਾਂਦਰ ਵੀ ਜੀਵਾਂ ਦੇ ਇੱਕੋ ਵਰਗ ਨਾਲ ਸੰਬੰਧਿਤ ਹਨ ਇਸ ਕਰਕੇ ਬਹੁਤ ਸਾਰੇ ਲੋਕ ਕਿਸੇ ਔਰਤ ਨੂੰ ਪੈਂਦਾ ਹੋਏ ਬਾਂਦਰਾਂ ਦੀ ਸ਼ਕਲ ਵਾਲੇ ਬੱਚੇ ਦੀ "ਹਨੂਮਾਨ ਜੀ" ਦੇ ਪੈਦਾ ਹੋਣ ਦੇ ਖਿਆਲੀ ਭਰਮ ਦੇ ਸ਼ਿਕਾਰ ਹੋ ਜਾਂਦੇ ਹਨ। 1970 ਵਿੱਚ ਹਿਸਾਰ (ਹਰਿਆਣਾ) ਵਿਖੇ ਰਿਫੂਜ਼ੀ ਬਸਤੀ ਵਿੱਚ ਇੱਕ ਔਰਤ ਨੇ ਅਜਿਹੇ ਹੀ "ਹਨੂਮਾਨ ਜੀ" ਨੂੰ ਜਨਮ ਦਿੱਤਾ ਸੀ। ਇਸ ਤਰਖ਼ਾਂ ਭਰੂਣ ਵੀ ਜੀਵਾਂ ਵਿੱਚ ਹੋਏ ਵਿਕਾਸ ਦਾ ਇੱਕ ਵੱਡਾ ਸਬੂਤ ਹਨ।

**ਵਰਗ-** ਬਿੱਲੀਆਂ, ਸ਼ੇਰਾਂ ਤੇ ਚੀਤਿਆਂ ਨੂੰ ਇਸ ਲਈ ਇੱਕ ਹੀ ਵਰਗ ਵਿੱਚ ਰੱਖਿਆ ਜਾਂਦਾ ਹੈ ਕਿਉਂਕਿ ਇਹਨਾਂ ਦੇ ਬਹੁਤ ਸਾਰੇ ਗੁਣ ਇੱਕ ਦੂਜੇ ਨਾਲ ਮੇਲ ਖਾਂਦੇ ਹਨ। ਇਸ ਤਰਖ਼ਾਂ ਕੁੱਤੇ, ਲੂੰਬੜ, ਰਿੱਛ ਤੇ ਗਿੱਦੜ ਵੀ ਇੱਕੋ ਵਰਗ ਦੇ ਮੈਂਬਰ ਹੁੰਦੇ ਹਨ ਕਿਉਂਕਿ ਇਹਨਾਂ ਦੇ ਗੁਣ ਇੱਕੋ ਜਿਹੇ ਹੁੰਦੇ ਹਨ। ਗਧੇ, ਘੋੜੇ ਤੇ ਖੱਚਰਾਂ ਦਾ ਇੱਕੋ ਹੀ ਵਰਗ ਉਹਨਾਂ ਦੇ ਗੁਣਾਂ ਵਿੱਚ ਸਮਾਨਤਾ ਕਰਕੇ ਹੁੰਦਾ ਹੈ। ਕਈ ਵਾਰੀ ਅਜਿਹੇ ਜੀਵ ਵੀ ਕੁਦਰਤ ਵਿੱਚ ਮਿਲ ਜਾਂਦੇ ਹਨ ਜਿਹਨਾਂ ਦੇ ਗੁਣ ਦੋ ਵਰਗਾਂ ਵਾਲੇ ਹੁੰਦੇ ਹਨ। ਜਿਵੇਂ ਆਰਕੀਉਪਟੈਰਿਕਸ ਇਕ ਅਜਿਹਾ ਜਾਨਵਰ ਸੀ ਜਿਸ ਵਿੱਚ ਰੀਂਗਣ ਵਾਲੇ ਤੇ ਉੱਡਣ ਵਾਲੇ ਦੋਵੇਂ ਵਰਗਾਂ ਦੇ ਗੁਣ ਮੌਜੂਦ ਸਨ।

ਜੀਵ ਵਿਕਾਸ ਵਿੱਚ ਅਜਿਹੇ ਜੀਵ ਇਕ ਵਰਗ ਨੂੰ ਦੂਜੇ ਵਰਗ ਨਾਲ ਜੋੜਨ ਦੀ ਕੜੀ ਦਾ ਕੰਮ ਕਰਦੇ ਹਨ ਇਸ ਲਈ ਇਹ ਦੂਜੇ ਜੀਵਾਂ ਨਾਲੋਂ ਵੱਧ ਮਹੱਤਤਾ ਰੱਖਦੇ ਹਨ।

### ਜੀਵਾਂ ਵਿੱਚ ਮਿਲਣ ਵਾਲੇ ਰਸ

ਹਰੇਕ ਜੀਵ ਦੇ ਸ਼ਰੀਰ ਵਿੱਚ ਕਈ ਕਿਸਮ ਦੇ ਰਸ ਹੁੰਦੇ ਹਨ ਜਿਹੜੇ ਸਰੀਰ ਵਿੱਚ ਬਹੁਤ ਮਹੱਤਵਪੂਰਣ ਕੰਮ ਕਰਦੇ ਹਨ ਜਿਵੇਂ ਖ਼ੂਨ, ਇੰਸੂਲੀਨ ਆਦਿ ਮਨੁੱਖ ਵਿੱਚ ਹਨ। ਜਦੋਂ ਅਸੀਂ ਇਹਨਾਂ ਰਸਾਂ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਕਈ ਅਜਿਹੇ ਗੁਣ ਨਜ਼ਰ ਆਉਂਦੇ ਹਨ ਜਿਹੜੇ ਜੀਵਾਂ ਵਿੱਚ ਹੋਏ ਵਿਕਾਸ ਦੀ ਪੁਸ਼ਟੀ ਕਰਦੇ ਹਨ। ਜੀਵਾਂ ਦੇ ਸ਼ਰੀਰ ਪਰੋਟੀਨਾਂ ਦੇ ਬਣੇ ਹੁੰਦੇ ਹਨ ਤੇ ਇਹਨਾਂ ਪਰੋਟੀਨਾਂ ਦੀਆਂ ਕਿਸਮਾਂ ਦੀ ਗਿਣਤੀ ਲੱਖਾਂ ਵਿੱਚ ਹੈ। ਪਰ ਜਿਹਨਾਂ ਜੀਵਾਂ ਵਿੱਚ ਨੇੜੇ ਦਾ ਰਿਸ਼ਤਾ ਹੁੰਦਾ ਹੈ ਉਹਨਾਂ ਵਿੱਚੋਂ ਮਿਲਣ ਵਾਲੇ ਪਰੋਟੀਨਾਂ ਦੀ ਬਣਤਰ ਤੇ ਲੱਛਣ ਵੀ ਥੋੜਖ਼ੇ ਬਹੁਤ ਫਰਕ ਨਾਲ ਲਗਭਗ ਇੱਕੋ ਜਿਹੇ ਹੁੰਦੇ ਹਨ। ਮਨੁੱਖ ਅਤੇ ਬਾਂਦਰਾਂ ਵਿੱਚ ਮਿਲਣ ਵਾਲੇ ਪ੍ਰੋਟੀਨ ਇਸ ਗੱਲ ਦਾ ਸਬੂਤ ਹਨ ਕਿ ਬਾਂਦਰ ਹੀ ਮਨੁੱਖ ਦਾ ਜਾਨਵਰਾਂ ਵਿੱਚੋਂ ਸਭ ਤੋਂ ਨੇੜੇ ਦਾ ਸੰਬੰਧੀ ਹੈ। ਰਸਾਂ ਦੇ ਅਧਿਐਨ ਨਾਲ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਲੰਗੂਰ ਮਨੁੱਖ ਦਾ ਬਾਂਦਰ ਤੋਂ ਦੂਰ ਦਾ ਰਿਸ਼ਤੇਦਾਰ ਹੈ। ਪ੍ਰੋਟੀਨ ਦੱਸਦੇ ਹਨ ਕਿ ਭੇਡਾਂ, ਬੱਕਰੀਆਂ ਤੇ ਹਿਰਨ ਕਿਸੇ ਸਮੇਂ ਇੱਕ ਹੀ ਪੂਰਵਜ ਦੀ ਸੰਤਾਨ ਸਨ। ਇਸ ਤਰਖ਼ਾਂ ਜੀਵਾਂ ਵਿੱਚੋਂ ਮਿਲਣ ਵਾਲੇ ਇਹ ਰਸ ਜੀਵ ਵਿਕਾਸ ਦੇ ਅਧਿਐਨ ਲਈ ਵਿਗਿਆਨੀਆਂ ਨੂੰ ਸਹੀ ਰਾਹ ਵਿਖਾਉਂਦੇ ਹਨ।

### ਅੱਡ ਅੱਡ ਇਲਾਕਿਆਂ ਦੇ ਜੀਵ

ਦੁਨੀਆ ਦੇ ਅੱਡ ਅੱਡ ਦੇਸ਼ਾਂ ਵਿੱਚ ਅੱਡ ਅੱਡ ਕਿਸਮ ਦੇ ਜੀਵ ਕਿਉਂ ਮਿਲਦੇ ਹਨ? ਵਾਤਾਵਰਣ ਦੀਆਂ ਹਾਲਤਾਂ ਨੂੰ ਨਜ਼ਰ ਅੰਦਾਜ਼ ਕਰਦਿਆਂ ਇਹ ਜੀਵ ਲੱਖਾਂ ਸਾਲਾਂ ਤੋਂ ਆਪਣੇ ਇਲਾਕਿਆਂ ਵਿੱਚ ਵਿਕਸਿਤ ਹੁੰਦੇ ਗਏ। ਹਾਥੀ ਦੱਖਣੀ ਪੂਰਬੀ ਏਸ਼ੀਆ ਤੇ ਅਫਰੀਕਾ ਦੇ ਜੰਗਲਾਂ ਵਿੱਚ ਹੀ ਮਿਲਦੇ ਹਨ ਪਰ ਅਮਰੀਕਾ, ਆਸਟ੍ਰੇਲੀਆ, ਰੂਸ ਤੇ ਕੈਨੇਡਾ ਵਿੱਚ ਇਹਨਾਂ ਦਾ ਨਾਮੋ ਨਿਸ਼ਾਨ ਵੀ ਨਹੀਂ ਹੈ। ਥੈਲੀ ਵਾਲੇ ਜਾਨਵਰ ਕੰਗਰੂ ਆਦਿ ਦੀਆਂ ਸੈਂਕੜੇ ਕਿਸਮਾਂ ਆਸਟ੍ਰੇਲੀਆ ਵਿੱਚ ਉਪਲਬਧ ਹਨ ਅਮਰੀਕਾ ਵਿੱਚ ਸਿਰਫ ਦੋ ਤਿੰਨ ਕਿਸਮਾਂ ਹੀ ਮਿਲਦੀਆਂ ਹਨ ਦੁਨੀਆਂ ਦੇ ਬਾਕੀ ਦੇਸ਼ਾਂ ਵਿੱਚ ਇਹਨਾਂ ਦਾ ਨਾਮੋ ਨਿਸ਼ਾਨ ਵੀ ਨਹੀਂ ਸੀ। ਆਉ ਦੇਖੀਏ ਕਿ ਇਸਦਾ ਕੀ ਕਾਰਨ ਹੈ। 1606 ਵਿੱਚ ਜਦੋਂ ਅੰਗਰੇਜ਼ਾਂ ਦਾ ਪਹਿਲਾਂ ਜਹਾਜ ਆਸਟ੍ਰੇਲੀਆ ਪਹੁੰਚਿਆ ਤਾਂ ਉਹਨਾਂ ਨੇ ਵੇਖਿਆ ਕਿ ਉੱਥੇ ਕੁੱਤਿਆਂ ਦੀ ਨਸਲ ਦਾ ਇੱਕ ਵੀ ਜਾਨਵਰ ਨਹੀਂ ਸੀ ਪਰ ਕੂੰਗਰੂ ਜਾਤੀ ਦੀਆਂ ਸੈਂਕੜੇ ਕਿਸਮਾਂ ਉੱਥੇ ਉਪਲਬਧ ਸਨ। ਇਸ ਦ੍ਰਿਸ਼ ਨੇ ਵਿਗਿਆਨੀਆਂ ਦੀ ਜਗਿਆਸਾ ਹੋਰ ਵਧਾ ਦਿੱਤੀ। ਆਖਰ ਉਹਨਾਂ ਨੇ ਇਹ ਨਤੀਜਾ ਕੱਢਿਆ ਕਿ ਕਰੋੜਾਂ ਸਾਲ ਪਹਿਲਾਂ ਆਸਟ੍ਰੇਲੀਆ ਤੇ ਬਾਕੀ ਮਹਾਂਦੀਪ ਧਰਤੀ ਦੇ ਰਸਤੇ ਇੱਕ ਦੂਜੇ ਨਾਲ ਜੁੜੇ ਹੋਏ ਸਨ। ਉਸ ਸਮੇਂ ਕੁੰਗਰੂ ਵੀ ਸਾਰੀ ਧਰਤੀ 'ਤੇ ਮੌਜੂਦ ਸਨ।



ਧਰਤੀ ਤੇ ਵਾਪਰਨ ਵਾਲੀਆਂ ਘਟਨਾਵਾਂ ਨੇ ਆਸਟ੍ਰੇਲੀਆ ਤੇ ਬਾਕੀ ਮਹਾਂਦੀਪਾਂ ਨੂੰ ਅਲੱਗ-ਅਲੱਗ ਕਰ ਦਿੱਤਾ। ਆਸਟ੍ਰੇਲੀਆ ਵਿੱਚ ਕੁੱਤਿਆਂ ਦੀ ਕੋਈ ਨਸਲ ਵਿਕਾਸ ਨਹੀਂ ਕਰ ਸਕੀ ਪਰ ਦੁਨੀਆਂ ਦੇ ਬਾਕੀ ਭਾਗਾਂ ਵਿੱਚ ਕੁੱਤਿਆਂ ਦਾ ਵਰਗ ਭਾਵ ਲੂੰਬੜ, ਰਿੱਛ, ਗਿੱਦੜ ਆਦਿ ਹੋਂਦ ਵਿੱਚ ਆ ਗਏ। ਇਸ ਵਰਗ ਦੇ ਜੀਵ ਕੂੰਗਰੂ ਵਰਗ ਦੇ ਜੀਵਾਂ ਨਾਲੋਂ ਦੌੜਨ ਵਿੱਚ ਤੇ ਸਰੀਰਕ ਪੱਖੋਂ ਤਕੜੇ ਸਨ। ਸੋ ਇਹਨਾਂ ਨੇ ਧਰਤੀ ਦੇ ਬਾਕੀ ਭਾਗਾਂ ਵਿੱਚੋਂ ਕੂੰਗਰੂ ਜਾਤੀ ਦਾ ਨਾਮੋ ਨਿਸ਼ਾਨ ਖਤਮ ਕਰ ਦਿੱਤਾ। ਕੁੱਤਾ ਵਰਗ ਆਸਟ੍ਰੇਲੀਆ ਵਿੱਚ ਨਾ ਹੋਣ ਕਾਰਨ ਕੂੰਗਰੂ ਉੱਥੇ ਵਿਕਾਸ ਕਰਦੇ ਰਹੇ।

### ਦੋਗਲਾਪਣ

ਚੋਣਵੀਂ ਨਸਲ ਵਿਧੀ ਰਾਹੀਂ ਘਰੇਲੂ ਜਾਨਵਰਾਂ ਤੇ ਪੰਛੀਆਂ ਦੀਆਂ ਨਵੀਆਂ ਨਸਲਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਸਾਡੇ ਦੇਸ਼ ਵਿੱਚ ਅਮਰੀਕਨ ਗਾਵਾਂ ਦੀ ਨਸਲ ਇਸ ਵਿਧੀ ਦੀ ਹੀ ਦੇਣ ਹੈ। ਸੇਰ ਤੇ ਚੀਤੇ ਦੇ ਦੋਗਲੇਪਣ ਨਾਲ ਲਾਈਗੋਨ ਨਾਂ ਦੀ ਨਵੀਂ ਨਸਲ ਤਿਆਰ ਕੀਤੀ ਗਈ ਹੈ। ਬਾਜਰੇ, ਮਟਰ, ਛੋਲੇ ਤੇ ਗੁਲਾਬ ਦੀਆਂ ਬਹੁਤ ਸਾਰੀਆਂ ਦੋਗਲੀਆਂ ਨਸਲਾਂ ਅੱਜ ਬਜ਼ਾਰ ਵਿੱਚ ਉਪਲਬਧ ਹਨ। ਇਹ ਸਾਰਾ ਕੁਝ ਜੀਨਜ਼ ਇੰਜਨੀਅਰਿੰਗ ਦੇ ਮਾਹਰਾਂ ਦੁਆਰਾ ਨਵੇਂ ਜੀਨਾਂ ਰਾਹੀਂ ਕੀਤਾ ਜਾ ਰਿਹਾ ਹੈ। ਇਹ ਸਿੱਧ ਕਰਦਾ ਹੈ ਕਿ ਨਕਲੀ ਢੰਗ ਰਾਹੀਂ ਜੀਵਾਂ ਦੀ ਇੱਕ ਨਸਲ ਨੂੰ ਦੂਜੀ ਵਿੱਚ ਬਦਲਿਆ ਜਾ ਸਕਦਾ ਹੈ। ਜੇ ਨਕਲੀ ਢੰਗ ਰਾਹੀਂ ਇਹ ਵਿਕਾਸ ਕਰਵਾਇਆ ਜਾ ਸਕਦਾ ਹੈ ਤਾਂ ਕੁਦਰਤ ਵਿੱਚ ਆਪਣੇ ਆਪ ਅਜਿਹਾ ਕਿਉਂ ਨਹੀਂ ਹੋ ਸਕਦਾ ਹੈ। ਕੁਦਰਤ ਵਿੱਚ ਹੋਏ ਇਸ ਵਿਕਾਸ ਦੀ ਪੁਸ਼ਟੀ ਵੀ ਹੁੰਦੀ ਹੈ। ਵਿਗਿਆਨੀਆਂ ਨੇ ਜੰਗਲੀ ਘਾਹ ਦਾ ਇੱਕ ਬਹੁਤ ਹੀ ਘਟੀਆ ਕਿਸਮ ਦੀ ਕਣਕ ਨਾਲ ਦੋਗਲਾਪਣ ਕੀਤਾ ਤਾਂ ਉਹਨਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਹਨਾਂ ਦੇਖਿਆ ਕਿ ਖਾਣ ਲਈ ਵਰਤੀ ਜਾਣ ਵਾਲੀ ਇੱਕ ਬਹੁਤ ਹੀ ਵਧੀਆ ਨਸਲ ਦੀ ਕਣਕ ਪੈਦਾ ਹੋ ਗਈ। ਇਸ ਤੋਂ ਸਿੱਧ ਹੁੰਦਾ ਹੈ ਕਿ ਕੁਦਰਤ ਵਿਚ ਜੀਵਾਂ ਤੇ ਪੌਦਿਆਂ ਦੀਆਂ ਨਸਲਾਂ ਕਿਸੇ ਹੋਰ ਘਟੀਆ ਜਾਂ ਵਧੀਆ ਨਸਲਾਂ ਵਿੱਚ ਆਪਣੇ ਆਪ ਵੀ ਤਬਦੀਲ ਹੋ ਜਾਂਦੀਆਂ ਹਨ। ਇਸ ਤਰਖ਼ਾਂ ਇਹ ਦੋਗਲਾਪਣ ਵੀ ਜੀਵ ਵਿਕਾਸ ਦਾ ਵੱਡਾ ਸਬੂਤ ਹੈ।

ਧਰਤੀ ਤੇ ਜੀਵਾਂ ਦੀ ਉਤਪਤੀ

### ਜੀਵਨ ਕੀ ਹੈ?

ਪੁਰਾਣੇ ਸਮਿਆਂ ਤੋਂ ਜ਼ਿੰਦਗੀ ਬਾਰੇ ਦੋ ਧਾਰਨਾਵਾਂ ਪ੍ਰਚੱਲਤ ਹਨ। ਪਹਿਲੀ ਧਾਰਨਾਂ ਅਨੁਸਾਰ ਜ਼ਿੰਦਗੀ ਉਸ 'ਸਰਬ ਸ਼ਕਤੀਮਾਨ ਪਰਮਾਤਮਾ' ਦੀ ਦੇਣ ਹੈ ਤੇ ਇਸ ਵਿੱਚ ਆਤਮਾ ਹੁੰਦੀ ਹੈ। ਜਿੰਨੀ ਦੇਰ ਸਰੀਰ ਵਿਚ ਆਤਮਾ ਬਰਕਰਾਰ ਰਹਿੰਦੀ ਹੈ ਸਰੀਰ ਜਿਉਂਦਾ ਰਹਿੰਦਾ ਹੈ। ਜਦੋਂ ਆਤਮਾ ਆਪਣਾ ਘਰ ਛੱਡ ਜਾਂਦੀ ਹੈ ਤਾਂ ਸਰੀਰ ਦੀ ਮੌਤ ਹੋ ਜਾਂਦੀ ਹੈ। ਸਰੀਰ ਵਿੱਚ ਆਤਮਾ ਹੀ ਹੁੰਦੀ ਹੈ ਜੋ ਸਰੀਰ ਤੋਂ ਸਾਰੀਆਂ ਕਿ-ਰਆਵਾਂ ਕਰਵਾਉਂਦੀ ਹੈ।

ਦੂਸਰੀ ਧਾਰਨਾ ਅਨੁਸਾਰ ਸਾਰੀਆਂ ਜੀਵਤ ਵਸਤੂਆਂ ਨਿੱਕੇ-ਨਿੱਕੇ ਸੈਲਾਂ ਤੋਂ ਬਣੀਆਂ ਹੁੰਦੀਆਂ ਹਨ। ਸੈੱਲਾਂ ਵਿੱਚ ਜੀਵ ਰਸ ਹੁੰਦਾ ਹੈ। ਜੀਵਤ ਵਸਤੂਆਂ ਦੇ ਇਸ ਜੀਵ ਰਸ ਵਿੱਚ ਬਹੁਤ ਸਾਰੀਆਂ ਜੈਵਿਕ ਰਸਾਇਣਕ ਕ੍ਰਿਆਵਾਂ ਵਾਪਰਦੀਆਂ ਰਹਿੰਦੀਆਂ ਹਨ। ਇਹਨਾਂ ਜੈਵਿਕ ਤੇ ਰਸਾਇਣਕ ਕ੍ਰਿਆਵਾਂ ਕਾਰਨ ਹੀ ਜੀਵਤ ਵਸਤੂਆਂ ਵਿੱਚ ਹਿਲਜੁਲ ਹੁੰਦੀ ਹੈ। ਪੌਦੇ ਵੀ ਜਾਨਦਾਰ ਵਸਤੂਆਂ ਹਨ। ਇਹ ਸਧਾਰਣ ਹਾਲਤ ਵਿੱਚ ਸਾਨੂੰ ਗਤੀ ਕਰਦੇ ਨਜ਼ਰ ਨਹੀਂ ਆਉਂਦੇ ਪਰ ਜੇ ਧਿਆਨ ਨਾਲ ਇਹਨਾਂ ਦਾ ਅਧਿਐਨ ਕੀਤਾ ਜਾਵੇ ਤਾਂ ਇਹਨਾਂ ਦੁਆਰਾ ਕੀਤੀ ਹਿਲਜੁਲ ਸਾਨੂੰ ਸਪਸ਼ਟ ਨਜ਼ਰ ਆਵੇਗੀ। ਜੇ ਅਸੀਂ ਸੂਰਜਮੁਖੀ ਦੇ ਪੌਦੇ ਨੂੰ ਵੇਖੀਏ ਤਾਂ ਇਹ ਸੂਰਜ ਵੱਲ ਆਪਣੇ ਮੁਖ ਨੂੰ ਮੋੜਦਾ ਨਜ਼ਰ ਆਵੇਗਾ। ਪੌਦਿਆਂ ਵਿਚਲੀ ਹਰਕਤ ਨੂੰ ਵੇਖਣ ਲਈ ਅਸੀਂ ਇਕ ਹੋਰ ਪ੍ਰਯੋਗ ਵੀ ਕਰ ਸਕਦੇ ਹਾਂ। ਜੇ ਅਸੀਂ ਇਸ ਬੂਟੇ ਨੂੰ ਲੈ ਲਈਏ ਤੇ ਇਸਨੂੰ ਗਮਲੇ ਸਮੇਤ ਹੀ ਛੱਤ ਨਾਲ ਉਲਟਾ ਕਰਕੇ ਲਟਕਾ ਦਿੰਦੇ ਹਾਂ ਤਾਂ ਕੁਝ ਦਿਨ ਬਾਅਦ ਅਸੀਂ ਵੇਖਾਂਗੇ ਕਿ ਇਸ ਬੂਟੇ ਨੇ ਆਪਣਾ ਟੂਸਾ ਉਪਰ ਆਕਾਸ਼ ਵਲ ਨੂੰ ਮੋੜਣਾ ਸ਼ੁਰੂ ਕਰ ਦਿੱਤਾ ਹੈ। ਜੀਵਤ ਵਸਤੂਆਂ ਵਿੱਚ ਉਪਰੋਕਤ ਕਿਸਮ ਦੀਆਂ ਸਾਰੀਆਂ ਹਰਕਤਾਂ ਉਹਨਾਂ ਦੇ ਜੀਵ ਰਸ ਵਿੱਚ ਹੋ ਰਹੀਆਂ ਰਸਾਇਣਕ ਕ੍ਰਿਆਵਾਂ ਕਾਰਨ ਪੈਦਾ ਹੋ ਰਹੀ ਊਰਜਾ ਕਰਕੇ ਹੁੰਦੀਆਂ ਹਨ ਜੀਵਤ ਵਸਤੂਆਂ ਵਿੱਚ ਵਾਧਾ ਤੇ ਵਿਕਾਸ ਇੱਕ ਯੋਜਨਾਬੱਧ ਢੰਗ ਨਾਲ ਹੀ ਵਾਪਰਦਾ ਹੈ। ਜੀਵ ਆਪਣੇ ਆਲੇ ਦੁਆਲੇ ਦੀਆਂ ਹਾਲਤਾਂ ਨਾਲ ਸੰਘਰਸ਼ ਕਰਦੇ ਹਨ ਸਿੱਟੇ ਵਜੋਂ ਉਹਨਾਂ ਵਿੱਚ ਚੇਤਨਾ ਪੈਦਾ ਹੁੰਦੀ ਹੈ ਅਤੇ ਵਧਦੀ ਹੈ। ਸਾਰੀਆਂ ਹੀ ਜਿਉਂਦੀਆਂ ਚੀਜ਼ਾਂ ਆਪਣੇ ਵਰਗੇ ਹੋਰ ਜੀਵਾਂ ਨੂੰ ਜਨਮ ਦਿੰਦੀਆਂ ਹਨ। ਕੁਝ ਨਿਸ਼ਚਿਤ ਸਮੇਂ ਬਾਅਦ ਇਹ ਜੀਵਤ ਵਸਤੂਆਂ ਆਪਣਾ ਜੀਵਨ ਚੱਕਰ ਖਤਮ ਕਰ ਲੈਂਦੀਆਂ ਹਨ।

**(ਚਲਦਾ)**

# ਕਬੱਡੀ ਵਰਲਡ ਕੱਪ ਦੇ ਨਾਂ 'ਤੇ ਕਰੋੜਾਂ ਦਾ ਉਜਾੜਾ



ਪ੍ਰਿੰ ਸਰਵਣ ਸਿੰਘ

ਪੰਜਾਬ ਸਰਕਾਰ ਦੇ ਪੰਝੀ ਕਰੋੜੀ ਕਬੱਡੀ ਵਰਲਡ ਕੱਪ ਦਾ ਭੋਗ ਪੈ ਗਿਆ ਹੈ। ਉਂਜ ਇਹ ਨਾਂ ਦਾ ਹੀ 'ਵਰਲਡ ਕੱਪ' ਸੀ, ਵੈਸੇ ਲੰਗੜਾ ਕੱਪ ਸੀ। ਇਸ ਦਾ ਮਿਆਰ ਪਿੰਡਾਂ ਵਿਚ ਹੁੰਦੇ ਆਮ ਕੱਪਾਂ ਨਾਲੋਂ ਬਿਹਤਰ ਨਹੀਂ ਸੀ। ਨਾ ਹੀ ਦਰਸ਼ਕ ਆਮ ਪੇਂਡੂ ਟੂਰਨਾਮੈਂਟਾਂ ਦੇ ਦਰਸ਼ਕਾਂ ਨਾਲੋਂ ਵੱਧ ਢੁੱਕੇ। ਇਹ ਗੱਲ ਆਮ ਕਹੀ ਜਾ ਰਹੀ ਹੈ ਕਿ ਐਤਕੀਂ ਕਬੱਡੀ ਵਰਲਡ ਕੱਪ ਦਾ ਪਹਿਲਾਂ ਜਿੰਨਾ ਸੁਆਦ ਨਹੀਂ ਆਇਆ। ਚੋਟੀ ਦੀਆਂ ਟੀਮਾਂ ਦੇ ਫਸਵੇਂ ਮੈਚਾਂ ਤੋਂ ਬਿਨਾ ਇਹ ਕੱਪ ਅਸਲੋਂ ਫਿੱਕਾ ਰਿਹਾ। ਸੁਆਲ ਕੀਤਾ ਜਾ ਰਿਹੈ, ਜੇ ਬਾਹਰਲੇ ਦੇਸ਼ਾਂ ਤੋਂ ਅਸਲੀ ਟੀਮਾਂ ਨਹੀਂ ਸਨ ਆਉਣੀਆਂ ਤਾਂ ਕੀ ਲੋੜ ਸੀ, ਏਨਾ ਮਹਿੰਗਾ ਕੱਪ ਕਰਾਉਣ ਦੀ? ਕਦੇ ਮੈਂ ਲਿਖਿਆ ਸੀ, "ਬੇਸ਼ੱਕ ਬਿਜਲੀ ਕੜਕਦੀ ਹੋਵੇ, ਝੱਖੜ ਝੁਲਦਾ ਹੋਵੇ, ਨਦੀ ਚੜ੍ਹੀ ਹੋਵੇ, ਸ਼ੀਹਾਂ ਨੇ ਪੱਤਣ ਮੱਲੇ ਹੋਣ ਪਰ ਪਤਾ ਲੱਗ ਜਾਵੇ ਸਹੀ ਕਿ ਨਦੀ ਦੇ ਪਰਲੇ ਪਾਰ ਕਬੱਡੀ ਦਾ ਕਾਂਟੇਦਾਰ ਮੈਚ ਹੋ ਰਿਹੈ। ਫੇਰ ਕਿਹੜਾ ਪੰਜਾਬੀ ਹੈ ਜਿਹੜਾ ਵਗਦੀ ਨੈਂ ਨਾ ਠਿੱਲ੍ਹੇ? ਉਹ ਰਾਹ 'ਚ ਪੈਂਦੇ ਸੱਪਾਂ-ਸ਼ੀਹਾਂ ਦੀ ਵੀ ਪਰਵਾਹ ਨਹੀਂ ਕਰੇਗਾ ਤੇ ਕਬੱਡੀ ਦੇ ਪਿੜ ਦੁਆਲੇ ਜਾ ਖੜ੍ਹੇਗਾ। ਜਿਵੇਂ ਹਿੰਦ ਮਹਾਂਦੀਪ ਦੇ ਲੋਕਾਂ ਨੂੰ ਕ੍ਰਿਕਟ ਨੇ ਪੱਟਿਆ, ਜੱਗ ਜਹਾਨ ਦੇ ਗੋਰੇ ਕਾਲਿਆਂ ਨੂੰ ਫੁੱਟਬਾਲ ਨੇ ਕਮਲੇ ਕੀਤਾ, ਉਵੇਂ ਪੂਰਬ ਤੇ ਪੱਛਮ 'ਚ ਵਸੇ ਪੰਜਾਬੀਆਂ ਨੂੰ ਕਬੱਡੀ ਚੜ੍ਹੀ ਹੋਈ ਹੈ।"

ਪਰ ਇਸ ਵਾਰ ਦੇ ਕਬੱਡੀ ਵਰਲਡ ਕੱਪ ਨੇ ਉਪਰੋਕਤ ਕਥਨ ਝੂਠਾ ਪਾ ਦਿੱਤਾ। ਕਬੱਡੀ ਪ੍ਰੇਮੀ ਪਹਿਲਾਂ ਵਾਂਗ ਹੁਮ ਹੁਮਾ ਕੇ ਨਹੀਂ ਢੁੱਕੇ। ਕਈ ਥਾਂਈਂ ਦਰਸ਼ਕਾਂ ਦੀ ਭੀੜ ਵਿਖਾਉਣ ਲਈ ਸਕੂਲਾਂ ਦੇ ਬੱਚੇ ਬੰਨ੍ਹ ਕੇ ਬਹਾਉਣੇ ਪਏ। ਇਸ ਵਿਚ ਕਸੂਰ ਕਬੱਡੀ ਦੀ ਖੇਡ ਦਾ ਨਹੀਂ, ਕਬੱਡੀ ਕੱਪ ਕਸੂਤੇ ਵੇਲੇ ਕਰਾਉਣ ਦਾ ਹੈ। 2016 ਦਾ ਕਬੱਡੀ ਵਿਸ਼ਵ ਕੱਪ ਕਰਾਉਣ ਲਈ 3 ਤੋਂ 17 ਨਵੰਬਰ ਦਾ ਸਮਾਂ ਬਿਲਕੁਲ ਢੁਕਵਾਂ ਨਹੀਂ ਸੀ। ਪੰਜਾਬ ਵਿਧਾਨ ਸਭਾ ਦੇ ਚੋਣ ਬੁਖਾਰ ਦੌਰਾਨ ਵਿਸ਼ਵ ਪੱਧਰ ਦਾ ਈਵੈਂਟ ਕਰਾਉਣਾ ਬਿਲਕੁਲ ਨਹੀਂ ਸੀ ਸ਼ੋਭਦਾ।

3 ਨਵੰਬਰ ਦਾ ਦਿਨ ਤਾਂ ਵੈਸੇ ਹੀ ਦਿੱਲੀ ਦੇ ਸਿੱਖ ਕਤਲੇਆਮ ਕਾਰਨ ਪੰਜਾਬੀਆਂ ਲਈ ਸੋਗ ਦਾ ਦਿਨ ਸੀ। ਸਾਰੀ ਦੁਨੀਆਂ ਵਿਚ ਖਿਲਰੇ ਪੰਜਾਬੀ ਇਸ ਨੂੰ ਇਸ ਵੇਲੇ ਸਭਨਾਂ ਪੰਜਾਬੀਆਂ ਦਾ ਸਾਂਝਾ ਖੇਡ ਮੇਲਾ ਨਹੀਂ ਸਨ ਸਮਝ ਸਕਦੇ। ਅਮਰੀਕਾ, ਕੈਨੇਡਾ, ਇੰਗਲੈਂਡ ਤੇ ਯੂਰਪ ਦੀਆਂ ਕਬੱਡੀ ਫੈਡਰੇਸ਼ਨਾਂ ਨੇ ਵਰਲਡ ਕੱਪ ਦੇ ਬਾਈਕਾਟ ਦਾ ਐਲਾਨ ਕੱਪ ਸ਼ੁਰੂ ਹੋਣ ਤੋਂ ਕਾਫੀ ਪਹਿਲਾਂ ਹੀ ਕਰ ਦਿੱਤਾ ਸੀ। ਭਾਰਤ-ਪਾਕਿ ਸਰਹੱਦੀ ਤਣਾਅ ਕਾਰਨ ਪਾਕਿਸਤਾਨ ਦੀ ਟੀਮ ਨੇ ਉਂਜ ਹੀ ਨਹੀਂ ਸੀ ਆਉਣਾ। ਪਾਕਿਸਤਾਨ ਦੀ ਟੀਮ ਬਿਨਾ ਕਾਹਦਾ ਕੱਪ? ਜਿਹੜੀਆਂ ਟੀਮਾਂ ਆਈਆਂ, ਉਹ ਵੀ ਦੋ ਨੰਬਰੀਆਂ! ਕਈ ਟੀਮਾਂ ਦੇ ਤਾਂ ਖਿਡਾਰੀ ਵੀ ਪੂਰੇ ਨਹੀਂ ਸਨ।

ਸਿਆਣਪ ਇਹਦੇ ਵਿਚ ਸੀ ਕਿ ਪੰਝੀ ਕਰੋੜ ਰੁਪਿਆਂ ਦਾ ਲੰਗੜਾ ਕੱਪ ਇਨ੍ਹੀਂ ਦਿਨੀਂ ਕਰਵਾਇਆ ਹੀ ਨਾ ਜਾਂਦਾ। ਪਿਛਲੇ ਸਾਲ ਦੇ ਕੱਪ ਵਾਂਗ ਮੁਲਤਵੀ ਕਰ ਦਿੱਤਾ ਜਾਂਦਾ। ਹਾਲਾਤ ਉਹੀ ਸਨ। ਪਿਛਲੇ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਕੱਪ ਮੁਲਤਵੀ ਕੀਤਾ ਗਿਆ ਸੀ। ਅਜੇ ਤਕ ਵੀ ਦੋਸ਼ੀ ਨਹੀਂ ਫੜੇ ਗਏ ਤੇ ਬੇਅਦਬੀ ਦੀਆਂ ਵਾਰਦਾਤਾਂ ਵੀ ਉਵੇਂ ਹੀ ਵਰਤ ਰਹੀਆਂ ਸਨ। ਇਸ ਵਾਰ ਤਾਂ ਚੋਣ ਬੁਖਾਰ ਤੋਂ ਬਿਨਾ ਸਤਲੁਜ-ਯਮਨਾ ਲਿੰਕ ਨਹਿਰ ਅਤੇ ਅਚਾਨਕ ਹੋਈ ਨੋਟ-ਬੰਦੀ ਦੇ ਮੁੱਦੇ ਵੀ ਹਾਵੀ ਸਨ।



ਲੋਕਾਂ ਦਾ ਧਿਆਨ ਕਬੱਡੀ ਕੱਪ ਦੀ ਥਾਂ ਇਨ੍ਹਾਂ ਭਖਦੇ ਮੁੱਦਿਆਂ ਵੱਲ ਹੀ ਰਿਹਾ। ਜੇ ਕੱਪ ਫਰਵਰੀ/ਮਾਰਚ 2017 ਵਿਚ ਕਰਾਇਆ ਜਾਂਦਾ ਤਾਂ ਵੇਖਦੇ ਮੈਚ ਕਿੰਨੇ ਕਾਂਟੇਦਾਰ ਹੁੰਦੇ ਤੇ ਮੈਚ ਵੇਖਣ ਲਈ ਭੀੜਾਂ ਕਿਵੇਂ ਉਮਡਦੀਆਂ।

ਪੰਜਾਬ ਸਰਕਾਰ ਵੱਲੋਂ ਕਬੱਡੀ ਦੇ ਵਰਲਡ ਕੱਪ 2010 ਤੋਂ ਕਰਾਏ ਜਾ ਰਹੇ ਹਨ। 2010, 11, 12, 13 ਤੇ 14 ਵਿਚ ਇਹ ਕਾਫੀ ਭਰਵੇਂ ਰਹੇ। ਕੁਲ ਦੁਨੀਆਂ ਦੇ ਪੰਜਾਬੀਆਂ ਵਿਚ ਕਬੱਡੀ-ਕਬੱਡੀ ਹੋਈ। ਕਾਰਨ ਸੀ, ਉਨ੍ਹਾਂ ਕੱਪਾਂ ਵਿਚ ਪਾਕਿਸਤਾਨ, ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੀਆਂ ਤਕੜੀਆਂ ਟੀਮਾਂ ਹਿੱਸਾ ਲੈਂਦੀਆਂ ਰਹੀਆਂ। ਦਾਇਰੇ ਵਾਲੀ ਕਬੱਡੀ ਅਸਲ ਵਿਚ ਪੰਜਾਬੀਆਂ ਦੀ ਹੀ ਖੇਡ ਹੈ। ਸਭ ਤੋਂ ਵੱਧ ਪੰਜਾਬੀ ਪਾਕਿਸਤਾਨ ਵਿਚ, ਦੂਜੇ ਥਾਂ ਭਾਰਤ, ਤੀਜੇ ਥਾਂ ਅਮਰੀਕਾ, ਕੈਨੇਡਾ ਤੇ ਇੰਗਲੈਂਡ ਵਿਚ ਵਸਦੇ ਹਨ। ਇਸ ਵਾਰ ਦੇ ਕਬੱਡੀ ਵਰਲਡ ਕੱਪ ਵਿਚ ਸਿਰਫ ਭਾਰਤ ਦੇ ਮਰਦਾਂ ਤੇ ਔਰਤਾਂ ਦੀਆਂ ਟੀਮਾਂ ਹੀ ਅਸਲੀ ਸਨ ਜਿਸ ਕਰਕੇ ਇਕ ਦੋ ਮੈਚਾਂ ਤੋਂ ਬਿਨਾ ਕੋਈ ਵੀ ਮੈਚ ਫਸਵਾਂ ਜਾਂ ਕਾਂਟੇਦਾਰ ਨਹੀਂ ਹੋ ਸਕਿਆ। ਇਕਪਾਸੜ ਮੈਚਾਂ ਨੇ ਕਬੱਡੀ ਪ੍ਰੇਮੀਆਂ ਦਾ ਮੱਚ ਮਾਰ ਦਿੱਤਾ ਜਿਸ ਕਰਕੇ ਬਹੁਤੇ ਦਰਸ਼ਕਾਂ ਨੇ ਛੇਵੇਂ ਕਬੱਡੀ ਕੱਪ ਵਿਚ ਦਿਲਚਸਪੀ ਨਹੀਂ ਵਿਖਾਈ।

ਕਿਸੇ ਵੀ ਖੇਡ ਦੇ ਫਾਈਨਲ ਮੈਚ ਸਭ ਤੋਂ ਵੱਧ ਖਿਚ ਪਾਊ ਮੰਨੇ ਜਾਂਦੇ ਹਨ। ਕਿਥੇ 2014 ਦੇ ਪੰਜਵੇਂ ਕਬੱਡੀ ਕੱਪ ਵਿਚ ਭਾਰਤ ਤੇ ਪਾਕਿਸਤਾਨ ਦਾ ਫਾਈਨਲ ਮੈਚ ਤੇ ਕਿਥੇ 2016 ਦੇ ਛੇਵੇਂ ਕੱਪ ਦਾ ਭਾਰਤ ਬਨਾਮ ਇੰਗਲੈਂਡ ਦਾ ਫਾਈਨਲ ਮੈਚ! ਛੇਵੇਂ ਕੱਪ ਦੇ ਫਾਈਨਲ ਮੈਚ ਦਾ ਸਕੋਰ ਵੇਖੋ: ਪਹਿਲਾ ਕੁਆਟਰ 14-06, ਦੂਜਾ 16-04, ਤੀਜਾ 15-07, ਚੌਥਾ 17-03; ਕੁਲ ਜੋੜ 62-20 ਅੰਕ। ਕੁੜੀਆਂ ਦੇ ਫਾਈਨਲ ਮੈਚ ਦਾ ਸਕੋਰ: ਭਾਰਤ 45 ਅੰਕ, ਅਮਰੀਕਾ 10 ਅੰਕ। ਅਜਿਹੇ ਇਕਪਾਸੜ ਮੈਚ ਕਾਂਟੇਦਾਰ ਮੈਚ ਨਹੀਂ ਕਹੇ ਜਾ ਸਕਦੇ। ਅਜਿਹੇ ਮੈਚ ਦਰਸ਼ਕਾਂ ਨੂੰ ਖਿੱਚ ਨਹੀਂ ਪਾ ਸਕਦੇ। ਕਬੱਡੀ ਦੇ ਬਹੁਤ ਸਾਰੇ ਸਟਾਰ ਖਿਡਾਰੀ ਤਾਂ ਵਿਸ਼ਵ ਕੱਪ ਵਿਚ ਸ਼ਾਮਲ ਹੀ ਨਹੀਂ ਹੋਏ।

ਇਕ ਹੋਰ ਅਹਿਮ ਸੁਆਲ ਪੁੱਛਿਆ ਜਾ ਰਿਹੈ। ਪਹਿਲੇ ਪੰਜਾਂ ਵਿਸ਼ਵ ਕੱਪਾਂ ਵਿਚ ਖਿਡਾਰੀਆਂ ਦੇ ਡੋਪ ਟੈਸਟ ਹੁੰਦੇ ਰਹੇ ਤੇ ਨਾਲ ਦੀ ਨਾਲ ਨਤੀਜੇ ਵੀ ਨਿਕਲਦੇ ਰਹੇ। ਐਤਕੀਂ ਦੱਸਿਆ ਹੀ ਨਹੀਂ ਗਿਆ ਕਿ ਕਿੰਨੇ ਖਿਡਾਰੀਆਂ ਦੇ ਡੋਪ ਟੈਸਟ ਕੀਤੇ, ਕਿੰਨੇ ਫੇਲ੍ਹ ਨਿਕਲੇ ਤੇ ਕਿੰਨੇ ਪਾਸ? ਡੋਪ ਟੈਸਟਾਂ ਲਈ 40-45 ਲੱਖ ਰੁਪਏ ਰੱਖੇ ਗਏ ਸਨ। ਪੰਜਾਬ ਸਰਕਾਰ ਨੂੰ ਡੋਪ ਟੈਸਟਾਂ ਦੇ ਨਤੀਜਿਆਂ ਬਾਰੇ ਜਨਤਾ ਨੂੰ ਜ਼ਰੂਰ ਦੱਸਣਾ ਚਾਹੀਦੈ ਕਿਉਂਕਿ ਇਕ ਪਾਸੇ ਡਰੱਗ ਕਬੱਡੀ ਨੂੰ ਲੈ ਬੈਠੀ ਹੈ ਤੇ ਦੂਜੇ ਪਾਸੇ ਸਿਆਸਤ।

ਹੁਣ ਜਦੋਂ ਕਬੱਡੀ ਕੱਪ ਦੀ ਉਡਾਈ ਧੂੜ ਬੈਠ ਚੁੱਕੀ ਹੈ ਤਾਂ ਖੇਡ ਪ੍ਰੇਮੀਆਂ ਨੂੰ ਸਿਰ ਜੋੜ ਕੇ ਵਿਚਾਰ ਕਰਨੀ ਚਾਹੀਦੀ ਹੈ ਕਿ ਪੰਜਾਬ ਨੂੰ ਭਾਰਤ ਦੀਆਂ ਖੇਡਾਂ ਵਿਚ ਪਹਿਲਾਂ ਵਾਂਗ ਮੋਹਰੀ ਸੂਬਾ ਕਿਵੇਂ ਬਣਾਇਆ ਜਾਵੇ? ਪੰਜਾਬ ਦੇ ਖਿਡਾਰੀ ਕੌਮੀ, ਸੈਫ, ਏਸ਼ਿਆਈ, ਕਾਮਨਵੈਲਥ, ਓਲੰਪਿਕ ਅਥਵਾ ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਕਿਵੇਂ ਵਧੇਰੇ ਗਿਣਤੀ 'ਚ ਜਾਣ, ਕਿਵੇਂ ਉਹ ਜਿੱਤ-ਮੰਚਾਂ ਉਤੇ ਚੜ੍ਹਨ ਜੋਗੇ ਹੋਣ ਤੇ ਕਿਵੇਂ ਪੰਜਾਬ ਦਾ ਨਾਂ ਖੇਡਾਂ ਦੀ ਦੁਨੀਆਂ ਵਿਚ ਰੌਸ਼ਨ ਕਰਨ? ਕਬੱਡੀ ਦੀ ਬੱਲੇ-ਬੱਲੇ ਨਾਲ ਹੋਰਨਾਂ ਖੇਡਾਂ ਦੀ ਬੱਲੇ-ਬੱਲੇ ਕਿਵੇਂ ਹੋਵੇ? ਪੰਜਾਬ ਵਿਚ ਕਿਹੋ ਜਿਹਾ ਖੇਡ ਸਭਿਆਚਾਰ ਸਿਰਜਿਆ ਜਾਵੇ?

ਭਾਰਤ ਦੇ ਆਜ਼ਾਦ ਹੋਣ ਵੇਲੇ ਤੋਂ ਲੈ ਕੇ ਪੱਚੀ ਤੀਹ ਸਾਲ ਤਕ ਪੰਜਾਬੀ ਖਿਡਾਰੀ ਭਾਰਤੀ ਖੇਡਾਂ ਉਤੇ ਛਾਏ ਰਹੇ। ਅੰਤਰਰਾਸ਼ਟਰੀ ਖੇਡ ਮੁਕਾਬਲਿਆਂ 'ਚੋਂ ਭਾਰਤ ਜਿੰਨੇ ਵੀ ਮੈਡਲ ਜਿੱਤਦਾ, ਉਨ੍ਹਾਂ 'ਚ ਅੱਧਿਓਂ ਵੱਧ ਪੰਜਾਬੀ ਖਿਡਾਰੀ ਜਿੱਤਦੇ। ਦੂਜੀਆਂ ਤੇ ਤੀਜੀਆਂ ਏਸ਼ਿਆਈ ਖੇਡਾਂ 'ਚੋਂ ਤਾਂ ਜਿੰਨੇ ਗੋਲਡ ਮੈਡਲ ਭਾਰਤ ਦੇ ਖਿਡਾਰੀਆਂ ਨੇ ਜਿੱਤੇ, ਉਹ ਸਭ ਜੂੜਿਆਂ ਵਾਲੇ ਖਿਡਾਰੀਆਂ ਰਾਹੀਂ ਹੀ ਜਿੱਤੇ। 1966 ਵਿਚ ਭਾਰਤੀ ਹਾਕੀ ਟੀਮ ਨੇ ਏਸ਼ਿਆਈ ਖੇਡਾਂ ਵਿਚ ਪਹਿਲੀ ਵਾਰ ਹਾਕੀ ਦਾ ਗੋਲਡ ਮੈਡਲ ਜਿੱਤਿਆ ਤਾਂ ਭਾਰਤੀ ਟੀਮ ਵਿਚ ਦਸ ਖਿਡਾਰੀ ਜੂੜਿਆਂ ਉਤੇ ਰੁਮਾਲ ਬੰਨ੍ਹ ਕੇ ਖੇਡ ਰਹੇ ਸਨ।

ਉਨ੍ਹੀਂ ਦਿਨੀਂ ਪੰਜਾਬੀ ਖਿਡਾਰੀਆਂ ਦੀ ਝੰਡੀ ਹੁੰਦੀ ਸੀ। ਗਲਤ ਨੀਤੀਆਂ ਕਾਰਨ ਹੌਲੀ-ਹੌਲੀ ਪੰਜਾਬ ਦੇ ਖਿਡਾਰੀ ਕੌਮੀ ਤੇ ਕੌਮਾਂਤਰੀ ਜਿੱਤ-ਮੰਚਾਂ 'ਤੇ ਚੜ੍ਹਨੋਂ ਘਟਦੇ ਗਏ ਅਤੇ ਦਿੱਲੀ ਦੀਆਂ ਕਾਮਨਵੈਲਥ ਖੇਡਾਂ ਤੇ ਲੰਡਨ ਦੀਆਂ ਉਲੰਪਿਕ ਖੇਡਾਂ ਤਕ ਪਹੁੰਚਦਿਆਂ ਉਹ ਪਛੜੇ ਸੂਬੇ ਹਰਿਆਣੇ ਤੋਂ ਵੀ ਪਛੜ ਗਏ। ਹੁਣ ਇਹ ਹਾਲ ਹੈ ਕਿ ਕੌਮੀ ਖੇਡਾਂ ਵਿਚ ਹੀ ਪੰਜਾਬ ਕਈ ਸੂਬਿਆਂ ਤੋਂ ਪਿੱਛੇ ਹੈ। ਖੇਡ ਮਾਹਿਰਾਂ ਨੂੰ ਪੰਜਾਬ ਦੇ ਖੇਡਾਂ ਵਿਚ ਪਛੜ ਜਾਣ ਦੇ ਕਾਰਨ ਲੱਭਣੇ ਤੇ ਹੱਲ ਵਿਚਾਰਨੇ ਚਾਹੀਦੇ ਹਨ। 'ਕੱਲੇ ਕਬੱਡੀ ਕੱਪਾਂ ਨਾਲ ਪੰਜਾਬ ਨੇ ਖੇਡਾਂ ਵਿਚ ਮੂਹਰੇ ਨਹੀਂ ਆ ਜਾਣਾ। ਅਤਿ ਮਹਿੰਗੇ ਤੇ ਉਹ ਵੀ ਲੰਗੜੇ ਕਬੱਡੀ ਕੱਪ ਕਰਾਉਣ ਦੀ ਥਾਂ ਸਾਰੀਆਂ ਖੇਡਾਂ ਵੱਲ ਧਿਆਨ ਦੇਣ ਦੀ ਲੋੜ ਹੈ। ਤਦ ਹੀ ਪੰਜਾਬ ਹਰਿਆਣੇ ਦਾ ਮੁਕਾਬਲਾ ਕਰ ਸਕੇਗਾ ਤੇ ਭਾਰਤ ਵਿਚ ਮੀਰੀ ਆ ਸਕੇਗਾ।

# ਗੀਤਕਾਰੀ ਦੀ ਨਿਵੇਕਲੀ ਸਿਰ-ਕੱਢਵੀਂ ਕਲਮ- ਸੁੰਮੀ ਸਾਮਰੀਆ



ਪ੍ਰੀਤਮ ਲੁਧਿਆਣਵੀ
9876428641

ਕਵਿੱਤਰੀਆਂ ਦਾ ਰੁਝਾਨ ਕਹਿ ਲਓ ਜਾਂ ਉਨ੍ਹਾਂ ਦੀ ਕਲਮ ਦੀ ਪਕੜ ਕਹਿ ਲਓ, ਕਵਿਤਾ ਤੇ ਗ਼ਜ਼ਲ ਲਈ ਤਾਂ ਕਵਿੱਤਰੀਆਂ ਪਰੇ ਤੋਂ ਪਰੇ ਹਨ, ਪਰ ਗੀਤਕਾਰੀ ਖੇਤਰ ਵਿਚ ਉਂਗਲਾਂ ਉਤੇ ਗਿਣੇ ਜਾਣ ਵਾਲੇ ਨਾਂਓਂ ਹੀ ਹਨ, ਲੜਕੀ-ਗੀਤਕਾਰਾਂ ਦੇ। ਇਨ੍ਹਾਂ ਗਿਣਤੀ ਦੇ ਨਾਵਾਂ ਵਿਚ ਇਕ ਮਾਣ-ਮੱਤਾ ਨਾਂਓਂ ਹੈ- 'ਸੁੰਮੀ ਸਾਮਰੀਆ'। ਉਹ ਸੁੰਮੀ, ਜਿਸ ਦੀ ਕਲਮ 'ਚੋਂ ਨਿਕਲੇ ਗੀਤ, ਗਾਇਕ-ਕਲਾਕਾਰਾਂ ਨੂੰ ਮੱਲੋ-ਮੱਲੀ ਖਿੱਚ ਲੈਂਦੇ ਹਨ ਆਪਣੇ ਵੱਲ। ਖੁਦ ਗਾਇਕੀ ਦਾ ਸ਼ੌਕ ਰੱਖਦੀ ਹੋਣ ਕਰਕੇ ਗੀਤ ਦਾ ਵਜਨ-ਤੋਲ, ਲੈਅ ਅਤੇ ਕਾਫੀਆ ਦੀ ਪੂਰਨ ਸੋਝੀ ਹੈ ਉਸਨੂੰ। ਰੁਮਾਂਟਿਕ ਗੀਤਾਂ ਦੇ ਨਾਲ-ਨਾਲ ਦਾਜ-ਦਹੇਜ, ਧੀਆਂ-ਭੈਣਾਂ ਦਾ ਦਰਦ, ਨਸ਼ੇ ਅਤੇ ਭਰੂਣ-ਹੱਤਿਆ ਆਦਿ ਜਿਹੇ ਸਮਾਜਿਕ ਵਿਸ਼ਿਆਂ ਨੂੰ ਵੀ ਸ਼ਾਮਲ ਕੀਤਾ ਹੈ ਉਸਨੇ ਆਪਣੇ ਗੀਤਾਂ ਵਿਚ। ਉਸ ਦੇ ਲਿਖੇ ਗੀਤਾਂ ਨੂੰ ਹੁਣੇ ਹੀ ਪਿਛਲੇ ਦਿਨੀ ਚੰਡੀਗੜ੍ਹ ਦੀ ਕਨੇਡਾ ਰਹਿ ਰਹੀ ਨਾਮਵਰ ਗਾਇਕਾ ਮੀਨੂ ਬਾਵਾ ਜੀ ਨੇ ਵੀ ਰਿਕਾਰਡ ਕੀਤਾ ਹੈ ਆਪਣੀ ਸੁਰੀਲੀ ਅਵਾਜ ਵਿਚ।

ਕਾਮਰੇਡਾਂ ਦਾ ਗੜ੍ਹ ਜਾਣੇ ਜਾਂਦੇ ਮਾਲਵਾ ਦੇ ਜਿਲ੍ਹਾ ਬਰਨਾਲਾ ਦੇ ਪਿੰਡ ਬਖਤਗੜ੍ਹ ਵਿਚ 10 ਅਕਤੂਬਰ, 1981 ਨੂੰ ਜਨਮੀ ਘਰਦਿਆਂ ਦੀ ਸੁਮਨ ਬਾਲਾ ਅਤੇ ਸਾਹਿਤਕ ਹਲਕਿਆਂ ਦੀ ਸੁੰਮੀ ਸਾਮਰੀਆ ਇਕ ਐਸੀ ਖੁਸ਼-ਕਿਸਮਤ ਰੂਹ ਹੈ, ਜਿਸਨੂੰ ਜਿੱਥੇ ਮਾਤਾ ਬਲਵੀਰ ਕੌਰ ਨੇ ਚੰਗੇ ਸੰਸਕਾਰ ਦੇ ਕੇ ਪਾਲਦਿਆਂ ਧਾਰਮਿਕ ਖਿਆਲਾਂ ਦੀ ਗੁੜ੍ਹਤੀ ਦਿੱਤੀ, ਉਥੇ ਵਿਦਵਾਨ ਪਿਤਾ ਕਾਮਰੇਡ ਕਾਂਸ਼ੀ ਰਾਮ ਦੇ ਕਾਮਰੇਡੀ ਖੂਨ ਦਾ ਵੀ ਉਸਦੇ ਵਿਅੱਕਤੀਤਵ ਨੇ ਪੂਰਨ ਅਸਰ ਕਬੂਲਿਆ। ਇਹੀ ਕਾਰਨ ਹੈ ਕਿ ਸੁੰਮੀ ਜਿੰਨੀ ਬਾਹਰੋਂ ਕਠੋਰ ਹੈ ਉਤਨੀ ਹੀ ਉਹ ਕੋਮਲ ਵੀ ਹੈ ਅੰਦਰੋਂ।



ਪੰਜ ਭੈਣ ਭਰਾਵਾਂ ਦੀ ਸਭ ਤੋਂ ਛੋਟੀ ਤੇ ਲਾਡਲੀ ਸੁੰਮੀ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਉਸ ਨੂੰ ਸਾਹਿਤ ਪੜ੍ਹਨ ਦੀ ਚੇਟਕ ਬਚਪਨ ਤੋਂ ਹੀ ਲੱਗ ਗਈ ਸੀ। ਘਰ ਵਿਚ ਹਰ ਤਰਾਂ ਦਾ ਅਖਬਾਰ ਤੇ ਮੈਗਜੀਨ ਆਉਣ ਸਦਕਾ ਘਰ ਵਿੱਚ ਪੂਰਾ ਸਾਹਿਤਕ ਮਹੌਲ ਸੀ। ਫਿਰ ਉਸ ਦੇ ਚਾਚਾ ਜੀ ਰਾਮ ਸਿੰਘ ਦੀ ਬਦੌਲਤ ਤਰਾਂ-ਤਰਾਂ ਦੀਆਂ ਕਾਮਰੇਡੀ ਵਿਚਾਰਧਾਰਾ ਨਾਲ ਸੰਬੰਧਤ ਕਿਤਾਬਾਂ ਪੜ੍ਹਨ ਨੂੰ ਉਸਨੂੰ ਮਿਲਦੀਆਂ ਰਹੀਆਂ। ਉਹ ਸੱਤਵੀਂ ਕਲਾਸ ਦੀ ਵਿਦਿਆਰਥਣ ਸੀ ਜਦੋਂ ਉਸ ਨੇ ਮੈਕਸਿਮ ਗੋਰਕੀ ਦਾ ਨਾਵਲ 'ਮਾਂ', ਰੂਸੀ ਨਾਵਲ 'ਹਮਸਫਰ' ਅਤੇ ਸ਼ਿਵ ਕੁਮਾਰ ਦੀ 'ਲੂਣਾ' ਨੂੰ ਪੜ੍ਹਿਆ। ਇਸ ਸਭ ਨੇ ਉਸ ਦੇ ਕੋਮਲ ਮਨ ਨੂੰ ਪਸੀਜ. ਕੇ ਰੱਖ ਦਿੱਤਾ।

ਦਸਵੀ ਦੀ ਕਲਾਸ ਦੌਰਾਨ ਸੁੰਮੀ ਛੋਟੀਆਂ ਕਵਿਤਾਵਾਂ ਲਿਖਣ ਲੱਗ ਗਈ ਸੀ। ਦੋਸਤਾਂ-ਮਿੱਤਰਾਂ ਨੇ ਉਸਦੀਆਂ ਕਵਿਤਾਵਾਂ ਨੂੰ ਸੁਣਨਾ, ਪੜ੍ਹਨਾ ਤੇ ਹੋਰ ਲਿਖਣ ਲਈ ਪ੍ਰੇਰਿਤ ਕਰਦੇ ਰਹਿਣਾ। ਫਿਰ, ਬੀ. ਐਡ. ਦੌਰਾਨ ਸਿੰਬਲ ਜੀਤ ਕੌਰ 'ਭਾਈ ਰੂਪਾ' ਨਾਂਓਂ ਦੀ ਉਸ ਦੀ ਐਸੀ ਦੋਸਤ ਬਣੀ, ਜਿਸ ਅੰਦਰੋਂ ਕਵਿਤਾ ਫੁਟ-ਫੁਟ ਨਿਕਲਦੀ ਸੀ। ਇਕ ਸ਼ੇਅਰ ਉਸ ਨੇ ਲਿਖਣਾ ਤੇ ਉਸ ਦੇ ਜੁਵਾਬ ਵਿਚ ਅੱਗੋਂ ਇਕ ਸ਼ੇਅਰ ਸੁੰਮੀ ਨੇ। ਸਿੰਬਲ ਜੀਤ ਨੇ ਹੈਰਾਨ ਹੋਕੇ ਕਹਿਣਾ, 'ਇਹ ਕਿਵੇਂ ਹੈ ਕਿ ਮੇਰੇ ਸੋਚਣ ਤੋਂ ਪਹਿਲਾਂ ਹੀ ਤੂੰ ਜਾਣ ਲੈਂਦੀ ਹੈਂ ਕਿ ਕੀ ਕਹਿਣਾ ਹੈ ਹੁਣ ਸਿੰਬਲਜੀਤ ਨੇ ?' ਅੱਗੋਂ ਸੁੰਮੀ ਨੇ ਹੱਸਕੇ ਕਹਿ ਛੱਡਣਾ, 'ਦੋਸਤ, ਦੋਸਤ ਦੀ ਨਬਜ ਪਹਿਚਾਣਦਾ ਹੈ।' ਇਸ ਤਰਾਂ ਐਮ. ਏ., ਬੀ. ਐੱਡ. ਕਰਨ ਤੱਕ ਸੁੰਮੀ ਦੀ ਕਲਮੀ ਪਛਾਣ ਚੰਗੀ ਬਣ ਗਈ ਸੀ।

ਇਕ ਸਵਾਲ ਦਾ ਜੁਵਾਬ ਦਿੰਦਿਆਂ ਸੁੰਮੀ ਨੇ ਕਿਹਾ, 'ਮੈਨੂੰ ਦੋਸਤਾਂ ਦੀ ਘਾਟ ਹਮੇਸ਼ਾਂ ਰਹੀ ਹੈ। ਪਰ ਪੁਸ਼ਪਾ ਨੇ ਮੇਰੀ ਦੋਸਤੀ ਦੀ ਭੁੱਖ ਨੂੰ ਖਤਮ ਕਰ ਦਿੱਤਾ। ਉਸ ਦਾ ਪਿਆਰ ਇਕ ਨਦੀ ਦੇ ਵਹਾ ਦੀ ਤਰ੍ਹਾਂ ਹੈ ਜੋ ਕਦੀ ਖਤਮ ਨਹੀ ਹੁੰਦਾ।'

ਆਪਣੇ ਜੀਵਨ ਸਾਥੀ ਸੁਖਰਾਜ ਸਿੰਘ (ਬੰਟੀ) ਸਾਮਰੀਆ ਨਾਲ ਮਲੋਟ ਵਿਖੇ ਸੁੱਖਾਂ ਭਰੀ ਗ੍ਰਹਿਸਥੀ ਜ਼ਿੰਦਗੀ ਬਤੀਤ ਕਰਦੀ ਸੁੰਮੀ ਸਾਮਰੀਆ ਕਿੱਤੇ ਵਜੋਂ ਇਸ ਵਕਤ ਸ. ਪ੍ਰਾ. ਸਕੂਲ ਪਿੰਡ ਮਲੋਟ, (ਸ੍ਰੀ ਮੁਕਤਸਰ ਸਾਹਿਬ) ਵਿਖੇ ਬਤੌਰ ਅਧਿਆਪਕਾ ਸੇਵਾਵਾਂ ਨਿਭਾਉਂਦੀ ਅਨਪੜ੍ਹਤਾ ਦਾ ਹਨੇਰਾ ਦੂਰ ਕਰਨ ਦੀ ਅਹਿਮ ਸੇਵਾ ਵਿਚ ਜੁਟੀ ਹੋਈ ਹੈ। ਆਪਣੀ ਕਲਮੀ-ਸਾਂਝ ਦੀ ਗੱਲ ਕਰਦਿਆਂ ਸਾਮਰੀਆ ਨੇ ਕਿਹਾ, 'ਕਲਮ ਨਾਲ ਮੇਰੀ ਇੰਨੀ ਗੂਹੜੀ ਮਿੱਤਰਤਾ ਪੈ ਗਈ ਹੈ ਕਿ ਕਈ ਬਾਰ ਤਾਂ ਲਿਖਣ 'ਚ ਇੰਨਾ ਮਸਤ ਹੋ ਜਾਂਦੀ ਹਾਂ ਕਿ ਖਾਣਾ ਖਾਣ ਦਾ ਵੀ ਯਾਦ ਨਹੀ ਰਹਿੰਦਾ। ਇਸਤੋਂ ਵੀ ਅੱਗੇ ਸੱਚ ਇਹ ਹੈ ਜਿੱਥੇ ਮੇਰੇ ਵੱਡੇ ਭੈਣ-ਭਰਾਵਾਂ ਨੇ ਮੈਨੂੰ ਪੜ੍ਹਾਇਆ-ਲਿਖਾਇਆ ਅਤੇ ਮੇਰੇ ਕਲਮੀ-ਸ਼ੌਕ ਨੂੰ ਪਾਲਣ 'ਚ ਅਹਿਮ ਰੋਲ ਨਿਭਾਇਆ, ਉਥੇ ਹੁਣ ਮੇਰੇ ਜੀਵਨ-ਸਾਥੀ ਬੰਟੀ ਸਾਮਰੀਆ ਮੇਰੇ ਕਲਮੀ-ਸ਼ੌਕ ਨੂੰ ਆਪਣਾ ਨਿੱਜੀ ਸ਼ੌਕ ਸਮਝਕੇ ਹਰ ਕਦਮ, ਹਰ ਪਲ ਤੇ ਪੂਰਨ ਸਹਿਯੋਗ ਦੇ ਰਹੇ ਹਨ, ਮੈਨੂੰ। ਇਸ ਖੁਸ਼ੀ ਵਿਚ ਰਹਿੰਦੀ ਭੁੱਖ ਵੀ ਮਿਟ ਜਾਂਦੀ ਹੈ, ਮੇਰੀ। ਜੇਕਰ ਮਾਲਕ ਦੀ ਇਸੇ ਤਰਾਂ ਮਿਹਰ ਰਹੀ ਤਾਂ ਐਸਾ ਕੁਝ ਕਰਨ ਦਾ ਮੇਰਾ ਸੁਪਨਾ ਹੈ, ਜਿਸ ਨਾਲ ਖਾਸ ਕਰਕੇ ਦੱਬੇ-ਕੁਚਲੇ ਸਮਾਜ ਨੂੰ ਕੁਝ ਰਾਹਤ ਮਿਲ ਸਕੇ ਅਤੇ ਨਾਲ ਹੀ ਪੰਜਾਬੀ ਮਾਂ-ਬੋਲੀ ਦੀ ਸੇਵਾ ਲਈ ਵੀ ਵਧੀਆ ਹਾਜਰੀ ਲੱਗ ਸਕੇ ਮੇਰੀ।' ਸ਼ਾਲ੍ਹਾ! ਸੁੰਮੀ ਦੇ ਸੁਪਨਿਆਂ ਨੂੰ ਭਰਵਾਂ ਬੂਰ ਪਵੇ ਅਤੇ ਉਸ ਦੀ ਕਲਮੀ-ਪਰਵਾਜ ਅੰਬਰਾਂ ਨੂੰ ਜਾ ਛੂਹਵੇ! ਆਮੀਨ!

# ਡਾਇਬਟੀਜ਼ ਕਿਤੇ ਤੁਹਾਡੀਆਂ ਅੱਖਾਂ ਦੀ ਰੌਸ਼ਨੀ ਨਾਲ ਖੋਹ ਲਵੇ

ਡਾਇਬਟੀਜ਼ ਦਾ ਅੱਖਾਂ 'ਤੇ ਵੀ ਅਸਰ ਪੈਂਦਾ ਹੈ। ਇਸ ਨਾਲ ਅੱਖਾਂ ਦੀ ਰੌਸ਼ਨੀ ਘੱਟ ਹੁੰਦੀ ਜਾਂਦੀ ਹੈ ਅਤੇ ਉਹਨਾਂ ਦੀ ਸਿਹਤ 'ਤੇ ਵੀ ਮਾੜਾ ਅਸਰ ਪੈਂਦਾ ਹੈ। ਇਸ ਨਾਲ ਪੀੜਤ ਵਿਚ ਰੇਟਨੋਪੈਥੀ, ਗਲੂਕੋਮਾ ਅਤੇ ਮੋਤੀਆਬਿੰਦ ਵਰਗੇ ਅਨੇਕਾਂ ਨੇਤਰ ਰੋਗ ਹੋਣ ਦਾ ਸ਼ੰਕਾ ਦੂਜਿਆਂ ਦੀ ਤੁਲਨਾ ਵਿਚ ਵੱਧ ਜਾਂਦਾ ਹੈ। ਬਲੱਡ ਸ਼ੂਗਰ ਵਿਚ ਹੋਣ ਵਾਲੇ ਉਤਾਰ-ਚੜ੍ਹਾਅ ਉਹਨਾਂ ਬਲੱਡ ਨਾਲੀਆਂ ਨੂੰ ਨੁਕਸਾਨ ਕਰ ਦਿੰਦਾ ਹੈ ਜੋ ਅੱਖਾਂ ਨੂੰ ਬਲੱਡ ਦੀ ਸਪਲਾਈ ਕਰਦੇ ਹਨ। ਇਮੇਜ ਅਤੇ ਕਲਚਰ ਧੁੰਦਲੇ ਨਜ਼ਰ ਆਉਂਦੇ ਹਨ ਅਤੇ ਇਸ ਨਾਲ ਰੈਟੀਨਾ ਵਿਚ ਵੀ ਸੋਜਿਸ਼ ਆ ਜਾਂਦੀ ਹੈ। ਇੰਡਸ ਹੈਲਥ ਪਲੱਸ ਵਿਚ ਪ੍ਰੀਵੈਂਟਿਵ ਹੈਲਥ ਕੇਅਰ ਮਾਹਿਰ ਅਮੋਲ ਨਾਇਕਵਾੜੀ ਕਹਿੰਦੇ ਹਨ ਕਿ ਡਾਇਬਟੀਜ਼ ਕਾਰਨ ਕਈ ਸਰੀਰ ਦੇ ਅੰਗ ਪ੍ਰਭਾਵਿਤ ਹੁੰਦੇ ਹਨ, ਜ਼ਿਸ ਵਿਚ ਸਭ ਤੋਂ ਜ਼ਿਆਦਾ ਅਸਰ ਅੱਖਾਂ ਤੇ ਪੈਂਦਾ ਹੈ।

ਅੱਖਾਂ ਨੂੰ ਨੁਕਸਾਨ

ਘੱਟ ਦਿਖਾਈ ਦੇਣਾ।

ਕਾਲੇ ਧੱਬੇ ਦਿੱਸਣਾ।

ਅੱਖਾਂ ਵਿਚ ਦਰਦ।

ਅੱਖਾਂ ਦੇ ਕੋਨਿਆਂ ਤੋਂ ਦੇਖਣ ਵਿਚ ਕਠਿਨਾਈ ਮਹਿਸੂਸ ਕਰਨਾ।

**ਕੀ ਕਰਨਾ ਰਹੇਗਾ ਫਾਇਦੇਮੰਦ?**

**ਸਨਗਲਾਸ ਦੀ ਵਰਤੋਂ**

ਅੱਖਾਂ ਦੀ ਸੁਰੱਖਿਆ ਦੇ ਲਈ ਧੁੱਪ ਵਿਚ ਜਾਂਦੇ ਵਕਤ ਧੁੱਪ ਦਾ ਚਸ਼ਮਾ ਲਗਾਓ। ਖੂਬ ਫਲ ਖਾਓ। ਇਸ ਨਾਲ ਅੱਖਾਂ ਦੀ ਨੇਤਰ ਜੋਤੀ ਵਿਚ ਸੁਧਾਰ ਆਉਂਦਾ ਹੈ, ਜਿਸ ਨਾਲ ਅੱਖਾਂ 'ਤੇ ਡਾਇਬਟੀਜ਼ ਦਾ ਅਸਰ ਘੱਟ ਹੁੰਦਾ ਹੈ।

**ਲਓ ਸਹੀ ਡਾਈਟ**

ਖੂਬ ਹਰੀਆਂ ਸਬਜ਼ੀਆਂ ਖਾਓ। ਇਸ ਤੋਂ ਇਲਾਵਾ ਓਮੇਗਾ 3 ਫੈਟੀ ਐਸਿਡਸ ਵਾਲੀ ਡਾਈਟ ਵੀ ਬੇਹੱਦ ਫਾਇਦੇਮੰਦ ਹੁੰਦੀ ਹੈ। ਇਹ ਅੱਖਾਂ ਦੀ ਸੁਰੱਖਿਆ ਦੇ ਲਈ ਬੇਹੱਦ ਜ਼ਰੂਰੀ ਹੈ।

**ਸਿਗਰਟਨੋਸ਼ੀ ਤੋਂ ਬਚੋ**

ਸਿਗਰਟਨੋਸ਼ੀ ਕਾਰਨ ਅੱਖਾਂ ਦੀਆਂ ਬਲੱਡ ਨਾਲੀਆਂ ਪ੍ਰਭਾਵਿਤ ਹੁੰਦੀਆਂ ਹਨ ਅਤੇ ਇਸ ਨਾਲ ਅੱਖਾਂ ਦਾ ਦਬਾਅ ਵੱਧ ਸਕਦਾ ਹੈ, ਜਿਸ ਨਾਲ ਅੱਖਾਂ ਨੂੰ ਨੁਕਸਾਨ ਪਹੁੰਚਦਾ ਹੈ। ਇਸ ਨਾਲ ਸਰੀਰ ਵਿਚ ਦੂਜੀਆਂ ਕਈ ਕਿਸਮ ਦੀਆਂ ਸਮੱਸਿਆਵਾਂ ਆ ਜਾਂਦੀਆਂ ਹਨ। ਅੱਖਾਂ ਦੀ ਕੇਅਰ ਦੇ ਲਈ ਸਭ ਤੋਂ ਪਹਿਲਾਂ ਸਮੋਕਿੰਗ ਛੱਡਣੀ ਬੇਹੱਦ ਜ਼ਰੂਰੀ ਹੈ।

**ਅੱਖਾਂ ਦੀ ਜਾਂਚ**

ਟ੍ਰੀਟਮੈਂਟ ਲੈਣ ਤੋਂ ਪਹਿਲਾਂ ਆਪਣੀਆਂ ਅੱਖਾਂ ਦੀ ਸਮੱਸਿਆ ਦੀ ਜਾਂਚ ਕਰਵਾਓ। ਇਲਾਜ ਲੈਣ ਤੋਂ ਪਹਿਲਾਂ ਆਪਣੇ ਅੱਖਾਂ ਦੇ ਮਾਹਿਰ ਡਾਕਟਰ ਤੋਂ ਰੈਗੂਲਰ ਜਾਂਚ ਕਰਵਾਉਣਾ ਜ਼ਰੂਰੀ ਹੈ।

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532



# L.A. MERCHANDISE
Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250



# A & S
## Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431

649 W. Elkhorn Blvd. Suite B2 Rio Linda, CA 95673

Amarjit Sandhu



# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222



Prop: Jasbir Singh Takhar
510-755-2132

1421 Industrial PKWY West#F Hayward, CA 94544

Harmandeep Singh

# ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਪ੍ਰੀ-ਨਿਰਵਾਣ ਦਿਵਸ ਨੂੰ ਸਮਰਪਿਤ ਜਨਾਬ ਆਜ਼ਾਦ ਜਲੰਧਰੀ ਦੀਆਂ ਕੁਝ ਰਚਨਾਵਾਂ

## ਡਾਕਟਰ ਭੀਮ ਰਾਓ ਅੰਬੇਦਕਰ

14 ਅਪ੍ਰੈਲ ਸੰਨ ਅਠਾਰਾਂ ਸੌ ਇਕੱਨਵੇਂ ਨੂੰ
ਭੀਮ ਰਾਓ ਆਇਆ ਹੈ ਸੀ ਰਿਸ਼ਮਾਂ ਖਿਲਾਰਦਾ

ਭੀਮਾ ਬਾਈ ਮਾਈ ਜੀ ਦੇ ਵਿਹੜੇ ਵਿਚ ਰੌਣਕਾਂ ਨੇ
ਉੱਚਾ ਕੀਤਾ ਨਾਮ ਪਿਤਾ ਰਾਮ ਜੀ ਮਹਾਰ ਦਾ

ਸੋਹਣਾ ਜਿਹਾ ਮੁੱਖ ਦੁੱਖ ਦੂਰ ਹੋਣ ਵੇਂਹਦਿਆਂ ਹੀ
ਦੱਲਤਾਂ ਦੇ ਘਰ ਆਇਆ ਰੂਪ ਕਰਤਾਰ ਦਾ

ਮਹੂ ਦੀਆਂ ਗਲੀਆਂ ਦੇ ਕੱਖ ਪਏ ਨਚਦੇ ਨੇ
ਚੌਹੀਂ ਪਾਸੀਂ ਹੜ੍ਹ ਆਇਆ ਪ੍ਰੇਮ ਤੇ ਪਿਆਰ ਦਾ

ਕਿਸੇ ਨੂੰ ਕੀ ਪਤਾ ਸੀ ਇਹ ਲਾਲ ਭੀਮਾ ਬਾਈ ਮਾਂ ਦਾ
ਸਦੀਆਂ ਦੀ ਸੁੱਤੀ ਹੋਈ ਕੌਮ ਨੂ ਜਗਾਊਗਾ

ਦਊਗਾ ਦਿਲਾਸੇ ਹਾਸੇ ਵੰਡੂਗਾ ਆਜ਼ਾਦ ਥਾਂ ਥਾਂ
ਦੇਸ਼ ਦਾ ਕਾਨੂੰਨ ਹੱਥੀਂ ਅੱਪਣੀ ਬਣਾਊਂਗਾ।

ਤਰੇਤੇ ਯੁਗ ਵਿਚ ਜਿਵੇਂ ਰਿਸ਼ੀ ਵਾਲਮੀਕ ਜੀ ਨੇ
ਹਿੰਮਤਾਂ ਦੇ ਨਾਲ ਰੁਖ ਦੁਨੀਆਂ ਦਾ ਮੋੜਿਆ

ਗੁਰੂ ਰਵਿਦਾਸ, ਨਾਮਦੇਵ ਤੇ ਕਬੀਰ ਜੀ ਨੇ
ਵਰਨਾਂ ਦੇ ਮੈਹਿਲ ਤਾਈਂ ਫੜਕੇ ਝੰਜੋੜਿਆ

ਉਚ ਨੀਚ ਜਾਤ ਪਾਤ ਵਾਲਾ ਮਜ਼ਬੂਤ ਪੰਜਾ
ਬਾਬਾ ਭੀਮ ਰਾਓ ਨੇ ਸੀ ਫੜ ਕੇ ਮਰੋੜਿਆ

ਵੱਡਿਆਂ ਵਡੇਰਿਆਂ ਦੀ ਕੀਤੀ ਕੁਰਬਾਨੀਆਂ ਦੀ
ਲੜੀ ਤਾਂਈ ਮੁੜਕੇ ਹੈ ਭੀਮ ਨੇ ਸੀ ਜੋੜਿਆ

ਲੱਖਾਂ ਤੇ ਕਰੋੜਾਂ ਬਾਵਾ ਸਾਹਿਬ ਦੇ ਮੁਰੀਦ ਹੋ ਗਏ
ਦਿੱਤੀ ਜਾਂ ਗਵਾਹੀ ਇਤਿਹਾਸ ਦਿਆਂ ਪੰਨਿਆਂ

ਬੜੇ ਬੜੇ ਲੇਖਕਾਂ ਮਦਬੱਰਾਂ ਸਲਾਮ ਕੀਤਾ
ਵਰਨਾਂ ਦੇ ਬਾਨੀਆਂ ਨੇ ਸਿੱਕਾ ਔਹਦਾ ਮੰਨਿਆ

## ਗ਼ਜ਼ਲ

ਦਲਤਾਂ ਦੇ ਐ ਮਸੀਹਾ
ਮੇਰਾ ਸਲਾਮ ਤੈਨੂੰ
ਕਰਦੇ ਨੇ ਯਾਦ ਲੋਕੀ
ਘਰ ਘਰ ਚਿ ਆਮ ਤੈਨੂੰ।

ਵਰਨਾਂ ਦੇ ਕੰਡਿਆਂ ਤੇ
ਚਲਦਾ ਰਿਹਾ ਹਮੇਸ਼ਾ
ਮਿਲਿਆ ਨਾ ਜ਼ਿੰਦਗੀ ਭਰ
ਇਕ ਪਲ ਆਰਾਮ ਤੈਨੂੰ।


ਤੇਰੀ ਕਲਮ ਨੇ ਬਾਵਾ
ਬਦਲੀ ਏ ਦੁਨੀਆਂ ਸਾਰੀ
ਦੱਸ ਕੀ ਸੁਨਾਏ ਸ਼ਾਇਰ
ਅਪਣਾ ਕਲਾਮ ਤੈਨੂੰ।

ਤੇਰਾ ਜਨਮ ਦਿਨ ਹੈ ਦਾਤਾ
ਮੌਸਮ ਦਾ ਹੈ ਤਕਾਜ਼ਾ
ਅੱਜ ਦੇਣ ਆਏ ਲੋਕੀ
ਸ਼ਰਧਾ ਦੇ ਜਾਮ ਤੈਨੂੰ।

ਸੰਸਾਰ ਵਿਚ ਕਿਸ ਨੂੰ
ਸ਼ਾਇਦ ਨਸੀਬ ਹੋਵੇ
ਮਿਲਿਆ ਮੁਦਬੱਰਾਂ ਵਿਚ
ਜਿਹੜਾ ਮੁਕਾਮ ਤੈਨੂੰ।

ਆਸਾਰ ਕਹਿ ਰਹੇ ਨੇ
ਆਜ਼ਾਦ ਅੱਜ ਸਮੇਂ ਦੇ
ਪੂਜਣਗੇ ਰੱਬ ਸਮਝਕੇ
ਲੋਕੀ ਤਮਾਮ ਤੈਨੂੰ।।





ਜਨਾਬ
ਆਜ਼ਾਦ ਜਲੰਧਰੀ

## ਗ਼ਜ਼ਲ

ਤੁਰਿਆ ਜਾ ਦਲਤ ਵੀਰਾ
ਰਾਹਾਂ ਦੇ ਕਸ਼ਟ ਸਹਿਕੇ
ਤੁਰਿਆ ਜਾ ਸਾਥ ਆਪਣੇ
ਬਾਵਾ ਦਾ ਮਿਸ਼ਨ ਲੈ ਕੇ।

ਲੱਮਾ ਸਫਰ ਏ ਤੇਰਾ
ਆਉਖੇ ਬੜੇ ਨੇ ਪੈਂਡੇ
ਦੇਖੀ ਭਟਕ ਨਾ ਜਾਵੀਂ
ਕਿਤੇ ਗਲਤ ਰਾਹੇ ਪੈ ਕੇ।

ਤੁਰਨਾ ਜਿਨਹਾਂ ਦੀ ਆਦਤ
ਮੰਜਿਲ ਜਨਹਾਂ ਦਾ ਮਕਸੱਦ
ਛਾਵਾਂ ਨਹੀਂ ਮਾਣਦੇ ਔਹ
ਰੁੱਖਾਂ ਦੇ ਹੇਠ ਬਹਿਕੇ।

ਔਹ ਨਾਖੁਦਾ ਜਿਨਹਾਂ ਦੇ
ਮਜ਼ਬੂਤ ਨੇ ਇਰਾਦੇ
ਕਸ਼ਤੀ ਉਹਨਾਂ ਦੀ ਚੱਲਦੀ
ਝੱਖੜਾਂ ਦੇ ਨਾਲ ਖਹਿਕੇ।

ਸ਼ੇਰਾਂ ਦੇ ਟੋਲਿਆ ਵਿਚ
ਗਿੱਦੜਾਂ ਦੀ ਨਹੀਂ ਜ਼ਰੂਰਤ
ਕਾਇਰ ਨਾ ਬਣ ਜਾਈਂ ਤੂੰ
ਕਿਤੇ ਬੁਜ਼ਦਿਲਾਂ ਚਿ: ਰਹਿਕੇ।

ਰਾਹਾਂ ਚਿ: ਫੈਲਿਆ ਏ
ਮਨੂਵਾਦ ਦਾ ਹਨੇਹਰਾ
'ਆਜ਼ਾਦ' ਮੁੜ ਨਾ ਜਾਵੀਂ
ਰਾਹ 'ਚੋਂ ਸਲਾਮ ਕਹਿਕੇ।

### ਬਾਵਾ ਸਾਹਿਬ ਭੀਮ ਰਾਓ ਅੰਬੇਦਕਰ ਦੇ ਨਿਰਬਾਣ ਦਿਵਿਸ ਦੇ ਮੌਕੇ ਤੇ ਲਿਖੀ .ਗਜ਼ਲ (6 ਦਸੰਬਰ 1956)

## .ਗਜ਼ਲ

ਮੈਂ ਕੌਮ ਦਾ ਇਕ ਸ਼ੁਭ ਚਿੰਤਕ ਹਾਂ
ਐ ਵਾਸੀ ਮੇਰੇ ਦਿਆਰ ਦਿਉ।

ਮੇਰੀ ਕੌਮ ਨੂੰ ਹਰਗਿਜ਼ ਭੁੱਲਣਾ ਨਹੀਂ
ਮੈਨੂੰ ਬੇਸ਼ੱਕ ਮਨੋਂ ਵਿਸਾਰ ਦਿਓ।

ਹਮਦੱਰਦ ਕੌਮ ਦੇ ਜਿਸ ਰਾਹ ਤੇ
ਮੰਜ਼ਿਲ ਵੱਲ ਵਧਦੇ ਜਾ ਰਹੇ ਨੇ।

ਮੇਰੇ ਤਨ ਦੀ ਰਾਖ ਨੂੰ ਹੱਮਸਫਰ
ਉਹਨਾਂ ਰਾਹਾਂ ਵਿਚ ਖਿਲਾਰ ਦਿਓ।

ਜਿਹਦੇ ਦਿਲ ਵਿਚ ਕੌਮ ਦਾ ਦਰਦ ਨਹੀ
ਇੰਨਸਾਨ ਨਹੀ ਔਹ ਮਰਦ ਨਹੀ।

ਤੁਸਾਂ ਗੁਰੂਆਂ ਤੇ ਮਹਾਂ ਪੁਰਸ਼ਾਂ ਦਾ
ਅੱਜ ਕਰਜ਼ਾ ਸਿਰੋਂ ਉਤਾਰ ਦਿਓ।

ਕਦੇ ਦੇਸ਼ ਦਾ ਆਗੂ ਬਣਨ ਲਈ
ਜੀਵਨ ਵਿਚ ਅਵਸਰ ਮਿਲ ਜਾਵੇ।

ਕੋਈ ਸੋਹਣੀ ਬੇਗਮਪੁਰ ਵਰਗੀ
ਲੋਕਾਂ ਨੂੰ ਇਕ ਸਰਕਾਰ ਦਿਉ।

ਮੰਜ਼ਿਲ ਜੇ ਸਭ ਦੀ ਇਕੋ ਹੈ
ਤਦ ਲੋੜ ਹੈ ਮਿਲ ਕੇ ਚੱਲਣ ਦੀ।

'ਆਜ਼ਾਦ' ਨਾ ਆਪਸ ਵਿਚ ਲੜਕੇ
ਜਿੱਤੀ ਹੋਈ ਬਾਜੀ ਹਾਰ ਦਿਉ।।

## ਮਾਡਰਨ ਹੋਣ ਦੀ ਮੁਸੀਬਤ!

ਹੱਥੀਂ ਕੰਮ ਕਰਨਾ ਆਚਾਰ ਤੇ ਵਿਹਾਰ ਭਲੇ
ਕੀਤੇ ਕੁਰਬਾਨ ਇਹ ਦਿਖਾਵੇ ਵਾਲੀ ਠੁੱਕ 'ਤੇ।

ਵੰਨ ਤੇ ਸੁਵੰਨੀਆਂ ਦਵਾਈਆਂ ਅੰਗਰੇਜ਼ੀ ਖਾਈਏ
ਦੇਸੀ ਜਿਹੇ ਨੁਸਖੇ ਨਵੀਨਤਾ ਨੇ ਥੁੱਕ 'ਤੇ।

ਗੁਣਾਂ ਦੀ ਪਰਖ ਵਾਲੀ ਚੋਣ ਹੁਣ ਕੌਣ ਕਰੇ
'ਜੋੜ-ਮੇਲ' ਹੋ ਜਾਂਦੇ ਨੇ ਬੱਸ ਇਕੋ 'ਲੁੱਕ' 'ਤੇ।



ਤਰਲੋਚਨ ਸਿੰਘ
'ਦੁਪਾਲਪੁਰ
(001-408-915-1268)

ਵਧੇ ਨੇ ਤਲਾਕ ਤੇ 'ਨਜਾਇਜ਼ ਨਾਤੇ' ਆਮ ਹੋਏ
ਜਦੋਂ ਦੇ ਵਿਰਾਸਤੀ ਰਿਵਾਜ ਬਹੁਤੇ ਚੁੱਕ 'ਤੇ।

ਪਲ ਵੀ ਮਸ਼ੀਨਰੀ ਤੋਂ ਦੂਰ ਹੋਇਆ ਏਦਾਂ ਲੱਗੇ
ਟੰਗੀ ਹੋਵੇ ਜਾਨ ਜਿੱਦਾਂ ਫਾਹੀ ਵਾਲੀ ਹੁੱਕ 'ਤੇ।

ਮਹਿਫਲਾਂ ਦੇ 'ਕੱਠ ਫੋਨ ਲੈ ਗਿਆ ਸਮੇਟ ਦੇਖੋ
ਰਹਿੰਦੇ ਨੇ 'ਲਾਈਵ' ਯਾਰ-ਬੇਲੀ ਫੇਸ-ਬੁੱਕ 'ਤੇ!

## ਜੇਲ੍ਹਾਂ ਜਹਾਨ ਅੰਦਰ

ਰੁਕਦੇ ਨਾ ਜ਼ਾਲਮ, ਜ਼ੁਲਮ ਕਰੀ ਜਾਂਦੇ ਨੇ।
ਕਾਨੂੰਨ, ਹੱਥਕੜੀਆਂ ਲਾ ਕੇ, ਜੇਲ੍ਹਾਂ ਭਰੀ ਜਾਂਦੇ ਨੇ।

4-5 ਦਹਾਕਿਆਂ ਤੋਂ ਫੜੋ-ਫੜੀ ਜ਼ੋਰਾਂ ਉਤੇ,
ਦੋਸ਼ੀ ਸਜ਼ਾ ਭੁਗਤਕੇ ਬਾਹਰ ਆਈ ਜਾਂਦੇ ਨੇ।

ਕਿਤੇ ਸੁਰੰਗ ਪੁੱਟ ਕੇ, ਕਿਤੇ ਕੰਧਾਂ ਜੰਗਲੇ ਟੱਪ ਕੇ,
ਜੇਲੀ, ਜੇਲ੍ਹਾਂ 'ਚੋਂ ਫਰਾਰ ਹੋਈ ਜਾਂਦੇ ਨੇ।

ਡੀ. ਐਨ. ਏ. ਦੀ ਗਲਤ ਪਛਾਣ ਕਰਕੇ ਵੀ,
ਅਮਰੀਕਾ 'ਚ ਨਜਾਇਜ਼ ਸਜ਼ਾ ਭੁਗਤੀ ਜਾਂਦੇ ਨੇ।

ਨਾਲੇ ਅਦਾਲਤੀ ਫੈਸਲਿਆਂ ਦੀ ਚਾਲ ਮੱਧਮ,
ਦੇਸ਼ਾਂ 'ਚ ਲੱਖਾਂ ਹੀ ਕੇਸ ਲਟਕੀ ਜਾਂਦੇ ਨੇ।

ਜੇ ਇੰਡੀਆ ਦੀ ਗੱਲ ਵੀ ਕਰੀਏ ਤਾਂ,
ਉਥੇ ਵੀ ਸਭ ਤੌਰ-ਤਰੀਕੇ ਚੱਲੀ ਜਾਂਦੇ ਨੇ।
ਪੰਜ ਵਾਰ ਦੋਸ਼ੀ, ਤਿਹਾੜ ਜੇਲ੍ਹ 'ਚੋਂ ਭੱਜ ਚੁੱਕੇ,

ਚਾਹੇ ਜਿੰਨੀ ਮਰਜ਼ੀ ਸਖਤੀ
ਕਰੀ ਜਾਂਦੇ ਨੇ।
ਮਹਿੰਦਰਗੜ੍ਹ, ਨਿਜ਼ਾਮਾਬਾਦ,
ਜਹਾਨਾਬਾਦ ਜੇਲ੍ਹਾਂ,
ਭੋਪਾਲ ਅਤੇ ਬੜੈਚ ਜੇਲ੍ਹਾਂ 'ਚੋਂ
ਭੱਜੀ ਜਾਂਦੇ ਨੇ।

ਝਾਰਖੰਡ ਤੇ ਨਾਭਾ ਜੇਲ੍ਹਾਂ ਵੀ ਸੁਰਖੀਆਂ 'ਚ 'ਕਮਲ'
ਨਿੱਤ ਜੇਲ੍ਹਾਂ ਦੇ ਪਿੰਜਰੇ ਤੋੜ ਕੇ ਖਿਸਕੀ ਜਾਂਦੇ ਨੇ।



-ਕਮਲ ਬੰਗਾ ਸੈਕਰਾਮੈਂਟੋ
916-897-8570

## ਪੇਪਰਾਂ ਦੇ ਦਿਨ



ਮੇਜਰ ਸਿੰਘ ਨਾਭਾ
91-94635-53962

ਪੇਪਰਾਂ ਦੇ ਦਿਨ ਸਿਰ 'ਤੇ ਆ ਗਏ,
ਪੜ੍ਹ ਲਓ ਮਨ ਇਕ ਚਿੱਤ ਕਰਕੇ।
ਸਹੁਣੇ-ਸੁਹਣੇ ਜਵਾਬ ਤੁਸਾਂ ਨੇ ਦੇਣੇ,
ਸੁਣ ਲਓ, ਇਸ ਗੱਲ ਦਾ ਪੱਲਾ ਫੜ੍ਹ ਕੇ।
ਰਿਜ਼ਲਟ ਆਉਣ ਤੇ ਫਸਟ ਤੁਸੀਂ ਆ ਕੇ,
ਮੰਮੀ-ਪਾਪਾ ਨੂੰ ਛੱਡਿਓ ਖੁਸ਼ ਕਰਕੇ।
ਅਗਲੀ ਕਲਾਸ 'ਚ ਫੇਰ ਕਰਨੀ ਤਿਆਰੀ,
ਸ਼ੁਰੂ ਤੋਂ ਹੀ ਜ਼ੋਰਾਂ ਸ਼ੋਰਾਂ ਨਾਲ ਪੜ੍ਹ ਕੇ।
ਮੈਰਿਟ ਵਿਚ ਨਾਂ ਤੁਸਾਂ ਦਾ ਆਵੇ,
ਦਿਖਾ ਦੇਣਾ ਪੈਰਾਂ, ਉਪਰ ਆਪਣੇ ਖੜ੍ਹ ਕੇ।
ਪੇਪਰਾਂ ਦੇ ਦਿਨ ਸਿਰ ਤੇ ਆ ਗਏ,
ਪੜ੍ਹ ਲਓ ਮਨ ਇਕ ਚਿੱਤ ਕਰਕੇ।

## ਸਮੇਂ ਦੀ ਕਦਰ

ਗੰਦੇ ਬੱਚੇ ਉਹ ਨੇ ਹੁੰਦੇ,

ਜੋ ਸਮੇਂ ਦੀ ਕਦਰ ਨਾ ਕਰਦੇ,

ਸਕੂਲੀ ਕੰਮ ਤੋਂ ਉਹ ਨੇ ਟਲਦੇ,

ਅਧਿਆਪਕਾਂ ਤੋਂ ਨੇ ਝਿੜਕਾਂ ਸੁਣਦੇ।

ਖਾਣ-ਪੀਣ ਸਮੇਂ ਰੀਂ-ਰੀਂ ਕਰਦੇ,

ਐਵੇਂ ਗੰਦੀਆਂ ਚੀਜ਼ਾਂ ਨਾਲ ਢਿੱਡ ਨੇ ਭਰਦੇ।

ਕਲਾਸ ਵਿਚ ਉਹ ਸ਼ੋਰ ਮਚਾਉਂਦੇ,

ਕਿਤਾਬਾਂ ਨੂੰ ਉਹ ਕਦੇ ਨਾ ਪੜ੍ਹਦੇ।

ਘਰ ਦਾ ਕੰਮ ਨਾ ਕਰਕੇ ਲਿਆਉਂਦੇ,

ਵਿਹਲੇ ਫਿਰਦੇ ਹੱਥ ਨੇ ਮਲ੍ਹਦੇ।

ਦਿਲ ਲਾ ਕੇ ਜੋ ਪੜ੍ਹਦੇ ਬੱਚੇ,

ਉਹਨਾਂ ਦੇ ਸੁਪਨੇ ਹੁੰਦੇ ਸੱਚੇ।

ਬੱਚਿਓ ਤੁਸੀਂ ਵੀ ਕਰ ਲਓ ਖਿਆਲ,

ਮੁੜ ਵਾਪਿਸ ਨਾ ਆਵੇ ਲੰਘਿਆ ਸਿਆਲ।

## ਗਜ਼ਲ

ਦੇਵੋ ਨਾ ਮੇਰੇ ਸੱਜਣੋ ਮੈਨੂੰ ਦਲੇਰੀਆਂ
ਮਰਵਾਂਦੀਆਂ ਨੇ ਮਾੜਿਆਂ ਨੂੰ ਹੱਲਾਸ਼ੇਰੀਆਂ

ਕਿੱਡੇ ਕਸੁਤੇ ਵਕਤ ਨੇ ਆਈਆਂ ਅਨੇਰ੍ਹੀਆਂ
ਕੱਚੇ 'ਤੇ ਆ ਕੇ ਰੋਹੜੀਆਂ ਲੁੱਡਣ ਨੇ ਬੇੜੀਆਂ

ਮੈਨੂੰ ਬੜੀ ਉਮੀਦ ਸੀ ਕੱਟੇਗਾ ਮੇਰੇ ਰੋਗ
ਮਰਜ਼ਾਂ ਮਿਰੇ ਤਬੀਬ ਨੇ ਲਾਈਆਂ ਵਧੇਰੀਆਂ

ਕਿਉਂ ਮੈਥੋਂ ਰੋਜ਼ ਰੋਜ਼ ਤੂੰ ਫੇਰੇ ਲਵਾ ਰਿਹਾਂ
ਸਿੱਖੀਆਂ ਨੇ ਕਿੱਥੋਂ ਹੀਰਿਆ ਇਹ ਹੇਰਾਫੇਰੀਆਂ

ਸੁਣਿਆ ਤਿਰੇ ਬਹਿਸ਼ਤ ਵਿਚ ਕੋਈ ਕਮੀ ਨਹੀਂ
ਰੱਬਾ! ਕੀ ਓਥੇ ਹੈ ਨੇ ਦਸੂਹਾ ਮੁਕੇਰੀਆਂ?

ਕੀ ਗੱਲ ਏ ਕੋਈ ਉੱਠ ਕੇ ਦੀਵਾ ਨਈਂ ਬਾਲਦਾ
ਕਹਿੰਦੇ ਨੇ ਸਾਰੇ ਆਈਆਂ ਰਾਤਾਂ ਅਨੇਰ੍ਹੀਆਂ

ਮੰਗੇਂ ਦੁਆ ਤੇ ਅਪਣੇ ਜਵਾਨਾਂ ਦੀ ਖ਼ੈਰ ਮੰਗ
ਮਿਰਜ਼ਾ ਪਵੇ ਜੇ ਜੰਮ ਤੇ ਸਾਹਿਬਾਂ ਬਥੇਰੀਆਂ

ਬੈਠੇ ਹੋਏ ਸੀ ਕੱਲ੍ਹ ਜੋ ਦੌਲਤ ਦੇ ਢੇਰ 'ਤੇ
ਲੱਭਿਆਂ ਵੀ ਅੱਜ ਉਹਨਾਂ ਦੀਆਂ ਲੱਭਣ ਨ ਢੇਰੀਆਂ।



## ਕੌਣ ਹਾਂ ਮੈਂ

ਬਣ ਚੁੱਕੀਆਂ ਇਮਾਰਤਾਂ ਦਾ ਮਜ਼ਦੂਰ ਹਾਂ ਮੈਂ।
ਦੋ ਵਕਤ ਦੀ ਰੋਟੀ ਤੋਂ ਮਜਬੂਰ ਹਾਂ ਮੈਂ।
ਰੋਸ਼ਨੀ ਚੰਦ ਪਲ ਦੀ ਤੱਕਦਾ ਹਾਂ ਨਿੱਤ,
ਸਦੀਆਂ ਦਾ ਆਪਣਿਆਂ ਤੋਂ ਦੂਰ ਹਾਂ ਮੈਂ।
ਮਿੱਟੀ ਦੇ ਨਾਲ ਮਿੱਟੀ ਹੋਇਆ ਰਹਾਂ ਹਰ ਪਲ,
ਬਣ ਚੁੱਕਿਆ ਗਹਿਰਾ ਜਖਮ ਨਾਸੂਰ ਹਾਂ ਮੈਂ।

ਦਿਲ ਮੇਰੇ ਵੀ ਉਠਦੇ ਨੇ ਬਹੁ ਵਲਵਲੇ,
ਹਰ ਵੇਲੇ ਕਿਓਂ ਰਹਿੰਨਾ ਚਕਨਾਚੂਰ ਹਾਂ ਮੈਂ।
ਜਿਸਮ ਤੇ ਖਾ ਝਰੀਟਾਂ, ਖਾ ਕੇ ਫੱਟ ਅੱਲੇ,
ਜੱਗ ਦੇ ਨਜ਼ਰੀ ਕਾਰੀਗਰ ਮਸ਼ਹੂਰ ਹਾਂ ਮੈਂ।
'ਰੰਧਾਵਾ', 'ਸ਼ਾਹਜਹਾਂ' ਬਣਿਆ ਕਿਸਮਤ ਦਾ,
ਕਬਰੀਂ ਪਿਆ ਵੀ 'ਤਾਜ ਮਹਿਲ' ਦਾ ਨੂਰ ਹਾਂ ਮੈਂ।



ਵਰਿੰਦਰ ਕੌਰ ਰੰਧਾਵਾ
91-96468-52416

## ਸਤਿਗੁਰੂ ਸੈਣ ਜੀ ਦਾ ਪ੍ਰਕਾਸ਼ ਦਿਹਾੜਾ

# ਗੁਰਦੁਆਰਾ ਸਾਹਿਬ ਹੇਵਰਡ ਵਿਖੇ ਸ਼ਰਧਾ ਪੂਰਵਕ ਮਨਾਇਆ











ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

















**ਹੇਵਰਡ (ਡੀ. ਡੀ. ਬੀ.)–** ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ’ਚ ਭਾਰਤ ਦੇਸ਼ ਦੇ ਅਲੱਗ-ਅਲੱਗ ਪ੍ਰਾਂਤਾਂ ਦੇ ਅਲੱਗ-ਅਲੱਗ ਧਰਮਾਂ/ਵਰਗਾਂ ਨਾਲ ਸਬੰਧਤ ਮਹਾਂਪੁਰਸ਼ਾਂ ਦੀ ਬਾਣੀ ਬਿਰਾਜਮਾਨ ਹੈ, ਜਿਸ ਨੂੰ ਸਾਹਿਬ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਆਪਦੀਆਂ ਉਦਾਸੀਆਂ (ਯਾਤਰਾਵਾਂ) ਦੌਰਾਨ ਆਪਣੇ ਹਮਖਿਆਲੀ ਮਹਾਂਪੁਰਸ਼ਾਂ ਦੀਆਂ ਮਾਨਵਤਾਵਾਦੀ ਰਚਨਾਵਾਂ ਨੂੰ ਇਕੱਤਰ ਕੀਤਾ, ਜੋ ਛੋਟੀਆਂ-ਛੋਟੀਆਂ ਪੋਥੀਆਂ ਦੇ ਰੂਪ ਵਿਚ ਬਿਰਾਜਮਾਨ ਸਨ, ਨੂੰ ਬਾਅਦ ਵਿਚ ਸਿੱਖ ਕੌਮ ਦੇ ਪੰਜਵੇਂ ਗੁਰੂ ਸਤਿਗੁਰੂ ਅਰਜਨ ਦੇਵ ਜੀ ਨੇ ਇਕ ਗ੍ਰੰਥ ਦੀ ਸ਼ਕਲ ਦਿੱਤੀ, ਜੋ ਆਦਿ ਗ੍ਰੰਥ ਵਜੋਂ ਜਾਣਿਆ ਜਾਣ ਲੱਗਾ ਅਤੇ ਬਾਅਦ ਵਿਚ ਦਸਵੇਂ ਗੁਰੂ, ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕੀਤੀ ਅਤੇ ਆਦਿ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਦਿੱਤਾ। ਇਸ ਮਹਾਨ ਗ੍ਰੰਥ, ਗੁਰੂ ਗ੍ਰੰਥ ਸਾਹਿਬ ’ਚ ਭਗਤ ਸੈਣ ਜੀ ਦੀ ਬਾਣੀ ਇਕ ਸ਼ਬਦ ਦੇ ਰੂਪ ਵਿਚ ਬਿਰਾਜਮਾਨ ਹੈ। ਗੁਰੂ ਗ੍ਰੰਥ ਸਾਹਿਬ ’ਚ ਇਕ ਸ਼ਬਦ ਜਾਂ ਇਕ ਤੋਂ ਵੱਧ ਸ਼ਬਦ ਵਾਲੇ ਸਾਰੇ ਹੀ ਮਹਾਂਪੁਰਸ਼ਾਂ ਨੂੰ ਗੁਰੂ ਸਾਹਿਬਾਨ ਨੇ, ਸਭ ਮਹਾਂਪੁਰਸ਼ਾਂ ਦੀ ਬਾਣੀ ਨੂੰ ਬਰਾਬਰ ਦਾ ਦਰਜਾ ਦਿੱਤਾ। ਸਾਰੇ ਹੀ ਮਹਾਂਪੁਰਸ਼ਾਂ ਦਾ ਉਪਦੇਸ਼ ਅਤੇ ਸੰਦੇਸ਼ ਮਾਨਵਤਾ ਦੀ ਬਰਾਬਰਤਾ ਨੂੰ ਲੈ ਕੇ ਸੀ। ਜਿਉਂ-ਜਿਉਂ ਮਾਨਵ ਵਿੱਦਿਅਕ ਅਤੇ ਜਾਗਰੂਕ ਹੋਇਆ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਐਨ ਕਰਨ ਲੱਗਾ ਤਾਂ ਉਸ ਅੰਦਰ ਸਦੀਆਂ ਪੁਰਾਣੀ ਜਾਤ-ਪਾਤ ਪ੍ਰਣਾਲੀ ਨੇ, ਜੋ ਮਹਿਲ ਬਣਾ ਰੱਖਿਆ ਸੀ, ਉਹ ਢਹਿ-ਢੇਰੀ ਹੋਣ ਲੱਗਾ ਅਤੇ ‘ਏਕ ਪਿਤਾ ਏਕਸ ਕੇ ਹਮ ਬਾਰਿਕ’ ਨੂੰ ਸਮਝ ਕੇ ਸਭ ਨੂੰ ਆਪਣੇ ਬਰਾਬਰ ਭੈਣ-ਭਰਾ ਸਮਝਣ ਲੱਗਾ ਤੇ ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭਿ ਜਗ ਉਪਜਿਆ ਕਉਣ ਭਲੇ ਕਉਣ ਮੰਦੇ॥ ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਾ ਹੋਇਆ ਅੱਜ ਪ੍ਰਤੀਕ ਹੁੰਦਾ ਨਜ਼ਰ ਆ ਰਿਹਾ ਹੈ।


ਬੀਤੇ ਐਤਵਾਰ 4 ਦਸੰਬਰ ਨੂੰ ਕੈਲੇਫੋਰਨੀਆ ਦੇ ਸ਼ਹਿਰ ਹੇਵਰਡ ਦੇ ਗੁਰਦੁਆਰਾ ਸਾਹਿਬ ਵਿਖੇ ਸਤਿਗੁਰੂ ਭਗਤ ਸੈਣ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਸਬੰਧਤ 2 ਦਸੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਗਏ ਅਤੇ 4 ਦਸੰਬਰ ਦਿਨ ਐਤਵਾਰ ਨੂੰ ਭੋਗ ਪਾਏ ਗਏ। ਇਸ ਮੌਕੇ ਕੀਰਤਨ ਦੀਵਾਨ ਵੀ ਸਜਾਏ ਗਏ। ਜਿਸ ਦੌਰਾਨ ਰਾਗੀ ਜਥਿਆਂ ਜਿਹਨਾਂ ’ਚ ਭਾਈ ਸਾਹਿਬ ਭਾਈ ਧਰਮਵੀਰ ਸਿੰਘ ਜੀ ਦਾ ਜਥਾ ਅਤੇ ਭਾਈ ਤਰਲੋਕ ਸਿੰਘ ਤੇ ਉਹਨਾਂ ਦੇ ਜਥੇ ਤੋਂ ਇਲਾਵਾ ਬੀਬੀ ਜਸਪ੍ਰੀਤ ਕੌਰ ਨੇ ਬਹੁਤ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਹਰਮਨਪ੍ਰੀਤ ਸਿੰਘ ਜੀ ਨੇ ਗੁਰਬਾਣੀ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਹਰਮਨਪ੍ਰੀਤ ਸਿੰਘ ਜੀ ਨੇ ਅੱਜ ਦੇ ਦੀਵਾਨਾਂ ’ਚ ਵਿਸ਼ੇਸ਼ ਤੌਰ ਤੇ ਭਗਤ ਸੈਣ ਜੀ ਦੇ ਜੀਵਨ ਅਤੇ ਉਹਨਾਂ ਦੁਆਰਾ ਰਚਿਤ ਬਾਣੀ ’ਚੋਂ ਗੁਰੂ ਗ੍ਰੰਥ ਸਾਹਿਬ ’ਚ ਸੁਸ਼ੋਭਿਤ ਇਕ ਸ਼ਬਦ ਦਾ ਬਿਆਨ ਕਰਦਿਆਂ ਬਹੁਤ ਹੀ ਸਰਲ ਤਰੀਕੇ ਨਾਲ ਵਿਆਖਿਆ ਕਰਕੇ ਸੰਗਤਾਂ ਦੀ ਸੁਰਤ ਇਕਾਗਰਤਾ ਬਣਾਈ ਰੱਖੀ। ਭਰੇ ਹਾਲ ਦੀਵਾਨ ’ਚ ਸੰਗਤਾਂ ਨੇ ਸਾਰੇ ਰਾਗੀ ਜਥਿਆਂ ਅਤੇ ਕਥਾਵਾਚਕਾਂ ਨੂੰ ਮਨ ਚਿੱਤ ਲਗਾ ਕੇ ਸੁਣਿਆ। ਸਟੇਜ ਦੀ ਸੇਵਾ ਨਿਭਾਉਂਦਿਆਂ ਗੁਰੂ ਘਰ ਦੇ ਸਕੱਤਰ ਸ. ਸੁਖਵਿੰਦਰ ਸਿੰਘ ਵੜੈਚ ਨੇ ਜਿੱਥੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਦਾ ਧੰਨਵਾਦ ਕੀਤਾ, ਉਥੇ ਉਹਨਾਂ ਸੰਗਤਾਂ ਨਾਲ ਇਹ ਖੁਸ਼ੀ ਵੀ ਸਾਂਝੀ ਕੀਤੀ ਕਿ ਦਸੰਬਰ ਵਿਚ ਨਵਾਂ ਦੀਵਾਨ ਹਾਲ ਮੁਕੰਮਲ ਕਰ ਲਿਆ ਜਾਵੇਗਾ ਤੇ ਨਵੇਂ ਸਾਲ ਤੋਂ ਪਹਿਲਾਂ ਨਵੇਂ ਦੀਵਾਨ ਹਾਲ ’ਚ ਕੀਰਤਨ ਦੀਵਾਨ ਸਜਣੇ ਸ਼ੁਰੂ ਹੋ ਜਾਣਗੇ। ਇਹ ਸਭ ਸੰਗਤਾਂ ਦੇ ਸਹਿਯੋਗ ਸਦਕਾ ਹੀ ਹੈ, ਵਾਹਿਗੁਰੂ ਸਮੂਹ ਸੰਗਤ ਤੇ ਮਿਹਰ ਭਰਿਆ ਹੱਥ ਰੱਖੇ।

ਅੱਜ ਦੇ ਦਿਨ, ਸਤਿਗੁਰੂ ਭਗਤ ਸੈਣ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧਤ ਸੇਵਾ ਡੇਰਾ ਬਾਬਾ ਸੈਣ ਜੀ ਪਿੰਡ ਪ੍ਰਤਾਪਪੁਰਾ (ਫਿਲੌਰ) ਦੀਆਂ ਕੈਲੇਫੋਰਨੀਆ ਸਥਿਤ ਵੱਸ ਰਹੀਆਂ ਸਮੂਹ ਸੰਗਤਾਂ ਵੱਲੋਂ ਬਹੁਤ ਸ਼ਰਧਾ ਭਾਵ ਨਾਲ ਕੀਤੀ ਗਈ। ਲੰਗਰ, ਤੰਦੂਰ ਰੈਸਟੋਰੈਂਟ ਹੇਵਰਡ (ਕੈਲੇਫੋਰਨੀਆ) ਵੱਲੋਂ ਤਿਆਰ ਕੀਤਾ ਗਿਆ। ਉਪਰੋਕਤ ਜਾਣਕਾਰੀ ਦਿੰਦਿਆਂ ਸ੍ਰੀਮਾਨ ਟੋਨੀ ਜੀ (ਦੇਸੀ ਕੱਟਸ ਐਂਡ ਕਲਰ ਪਲੱਸ ਇੰਕ’ ਦੇ ਮਾਲਕ ਅਤੇ ਸ. ਮਨੀ ਸਿੰਘ ਜੀ ਨੇ ਦੱਸਿਆ ਕਿ ਅਸੀਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਅਤੀ ਧੰਨਵਾਦੀ ਹਾਂ, ਜਿਹਨਾਂ ਨੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰੀਆਂ ਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਵੀ ਧੰਨਵਾਦੀ ਹਾਂ, ਜਿਹਨਾਂ ਨੇ ਬੜੇ ਸੁਚੱਜੇ ਢੰਗ ਨਾਲ ਅੱਜ ਦਾ ਪਵਿੱਤਰ ਦਿਹਾੜਾ ਮਨਾਇਆ।

"Man is mortal. Everyone has to die some day or the other. But one must resolve to lay down one's life in enriching the noble ideals of self-respect and in bettering one's human life. We are not slaves. Nothing is more disgraceful for a brave man than to live life devoid of self-respect."

**-Babasaheb Dr. B.R. Ambedkar**






**We pay our glowing tribute to**

# Bharat Rattan Baba Saheb Dr. Bhimrao Ramji Ambedkar

on his 60th Prinirvan Divas



## ਸਵਰਗਵਾਸੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ